ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 20 | 22 May 2019 to 28 May 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ➢ ਅੰਦਰ ਪੜ੍ਹੋ




03 ■ ਭਾਈਚਾਰਾ

ਗੁਰੂ ਨਾਨਕ ਸਾਹਿਬ 'ਤੇ ਡਾਕੂਮੈਂਟਰੀ ਲਈ ਹਿਊਸਟਨ ਦੇ ਸਿੱਖਾਂ ਨੇ ਇਕ ਲੱਖ ਡਾਲਰ ਇਕੱਠੇ ਕੀਤੇ



07 ■ ਖ਼ਬਰਸਾਰ

ਵਿਦੇਸ਼ ਜਾਣ ਲਈ ਵਿਆਹ ਦੇ ਨਾਮ ਉਤੇ ਧੋਖਾ



11 ■ ਚੋਣ ਦੰਗਲ

ਪੰਜਾਬ 'ਚ ਚੋਣਾਂ ਦੌਰਾਨ ਅੱਧੀ ਦਰਜਨ ਤੋਂ ਵੱਧ ਹਿੰਸਕ ਘਟਨਾਵਾਂ, ਇਕ ਮੌਤ



13 ■ ਵਿਸ਼ੇਸ਼ ਰਿਪੋਰਟ

ਭਾਜਪਾ ਨੇ ਹਿੰਦੁਸਤਾਨ ਨੂੰ ਖਾਨਾਜੰਗੀ ਵਰਗੇ ਹਾਲਾਤ 'ਚ ਲਿਆ ਖੜ੍ਹਾਇਆ


# ਪੰਜਾਬ ਕਾਂਗਰਸ ਵਿਚ ਖਾਨਾਜੰਗੀ

## ਨਵਜੋਤ ਸਿੱਧੂ ਨੇ ਬੇਅਦਬੀ ਮਾਮਲੇ 'ਚ ਕਾਰਵਾਈ ਨਾ ਹੋਣ 'ਤੇ ਕੱਢਿਆ ਗੁਬਾਰ

- **ਮੁੱਖ ਮੰਤਰੀ ਅਮਰਿੰਦਰ, ਮੰਤਰੀਆਂ ਤੇ ਸੀਨੀਅਰ ਕਾਂਗਰਸੀਆਂ ਨੇ ਵੀ ਬੀੜੀਆਂ ਸਿੱਧੂ ਖਿਲਾਫ ਤੋਪਾਂ**



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੀ ਰਾਜਨੀਤੀ ਵਿਚ ਭੂਚਾਲ ਲਿਆ ਰੱਖਿਆ ਹੈ। ਉਸ ਦੀ ਲੋਕ ਸਭਾ ਚੋਣਾਂ ਦੇ ਪਰਚਾਰ ਦੇ ਆਖਰੀ ਦਿਨ ਤੋਂ ਹਰ ਰੋਜ਼ ਆਪਣੀ ਹੀ ਸਰਕਾਰ ਖਿਲਾਫ ਤਿੱਖੀ ਬਿਆਨਬਾਜ਼ੀ ਨੇ ਅਮਰਿੰਦਰ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਹ ਸੂਬੇ ਦੀ ਸਿਖਰਲੀ ਸਿਆਸੀ ਪੋਸਟ ਲਈ ਪਾਰਟੀ ਦੇ ਅੰਦਰਲੀ ਰੱਸਾਕਸ਼ੀ ਲੋਕਾਂ ਦੇ ਸਾਹਮਣੇ ਲੈ ਆਏ ਹਨ।
ਸਿੱਧੂ ਨੇ ਅਗਲਾ ਵਾਰ ਉਸ ਸਮੇਂ ਕੀਤਾ ਜਦੋਂ ਉਹ ਆਪਣੀ ਪਤਨੀ ਡਾ. ਨਵਜੋਤ ਕੌਰ ਨਾਲ ਵੋਟ ਪਾ ਕੇ ਪੋਲਿੰਗ ਬੂਥ ਤੋਂ ਬਾਹਰ ਆ ਰਹੇ ਸਨ। ਉਸ ਦਿਨ 19 ਮਈ ਨੂੰ ਵੀ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ, ਕਿ ਕਾਂਗਰਸ ਦੀ ਪਿੱਠ ਵਿਚ ਛੁਰਾ ਮਾਰਨ ਲਈ ਇਕੱਠੇ ਹੋਏ ਲੋਕਾਂ ਨੂੰ "ਠੋਕ ਦਿਓ।"
ਦਿਲਚਸਪ ਗੱਲ ਇਹ ਹੈ ਕਿ ਅਮਰਿੰਦਰ ਸਿੰਘ ਨੇ ਵੀ ਬਿਨਾਂ ਕੋਈ ਸਮਾਂ ਖੁੰਝਾਏ ਸਿੱਧੂ ਦੀ ਟਿੱਪਣੀ ਦਾ ਜਵਾਬ ਦਿੱਤਾ। ਆਪਣੀ ਵੋਟ ਪਾਉਣ ਮਗਰੋਂ ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਸਿੱਧੂ ਆਪਣਾ ਕੰਮ ਕਰ ਰਹੇ ਸਨ।
ਸਿੱਧੂ ਦੇ ਇਸ ਤਾਬੜਤੋੜ ਹਮਲੇ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁਸ਼ਕਲ ਵਿੱਚ ਪਾ ਦਿੱਤਾ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ, ਕਾਂਗਰਸੀ ਹਕੂਮਤ ਵਾਲੇ

ਬਾਕੀ ਸਫ਼ਾ 29 'ਤੇ

### ਸਿੱਧੂ ਨੂੰ ਹਾਈਕਮਾਂਡ ਦੇ ਥਾਪੜੇ ਦੀਆਂ ਸਰਗੋਸ਼ੀਆਂ

ਸਿੱਧੂ ਨੇ ਇਹਨਾਂ ਲੋਕ ਸਭਾ ਚੋਣਾਂ ਦੌਰਾਨ ਹਾਈਕਮਾਂਡ ਦੇ ਸਟਾਰ ਪ੍ਰਚਾਰਕ ਵਜੋਂ ਅਹਿਮ ਭੂਮਿਕਾ ਨਿਭਾਈ ਹੈ। ਉਹ ਇਕੋ ਇਕ ਪ੍ਰਚਾਰਕ ਸਨ ਜਿਸ ਨੇ ਮੋਦੀ ਸਰਕਾਰ 'ਤੇ ਠੋਕਵੇਂ ਹਮਲੇ ਕੀਤੇ। ਇਸ ਕਰਕੇ ਉਹ ਰਾਹੁਲ ਤੇ ਪ੍ਰਿਯੰਕਾ ਦੀ ਨਜ਼ਰਾਂ ਵਿਚ ਅਹਿਮ ਸਖਸ਼ੀਅਤ ਬਣੇ ਹੋਏ ਹਨ। ਜਦੋਂ ਪ੍ਰਿਅੰਕਾ ਗਾਂਧੀ ਪੰਜਾਬ ਵਿਚ ਪ੍ਰਚਾਰ ਕਰਨ ਲਈ ਆਉਂਦੀ ਹੈ ਤਾਂ ਉਹਨਾਂ ਦੇ ਨਾਲ ਸਿੱਧੂ ਵੀ ਹੈਲੀਕਾਪਟਰ ਵਿਚ ਬੈਠ ਕੇ ਬਠਿੰਡੇ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਚੋਣ ਪ੍ਰਚਾਰ ਲਈ ਆ ਪਹੁੰਚੇ। ਉਸੇ ਸ਼ਾਮ ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਲਈ ਪਠਾਨਕੋਟ ਵਿਚ ਵੀ ਇਕੱਠ ਨੂੰ ਸੰਬੋਧਨ ਕੀਤਾ।

### ਗੁਰਮਤਿ ਯੂਨੀਵਰਸਿਟੀ ਪੰਜਾਬ ਵਿਚ ਬਣੇਗੀ

**ਸ੍ਰੀ ਆਨੰਦਪੁਰ ਸਾਹਿਬ/ਏਟੀ ਨਿਊਜ਼ :**
ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਯੂਨੀਵਰਸਿਟੀ ਸਥਾਪਤ ਕਰਨ ਦੀ ਯੋਜਨਾ ਹੈ। ਉਹ ਇਥੇ ਅਕਾਲ ਤਖ਼ਤ ਸਾਹਿਬ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਬਣਾਈ ਤਾਲਮੇਲ ਕਮੇਟੀ ਦੀ ਮੀਟਿੰਗ 'ਚ ਸ਼ਾਮਲ ਹੋਣ ਪੁੱਜੇ ਸਨ। ਮੀਟਿੰਗ ਵਿਚ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਵੀ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਖ਼ੁਲਾਸਾ ਕੀਤਾ ਕਿ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਯੂਨੀਵਰਸਿਟੀ ਸਥਾਪਤ ਕਰਨ ਦੀ ਯੋਜਨਾ ਬਣਾਈ ਗਈ ਹੈ। ਇਸ ਸਬੰਧ ਵਿਚ ਸਿੱਖ ਸੰਸਥਾ ਚੀਫ ਖ਼ਾਲਸਾ ਦੀਵਾਨ ਵਲੋਂ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ ਗਈ

ਬਾਕੀ ਸਫ਼ਾ 29 'ਤੇ

# ਐਗਜ਼ਿਟ ਪੋਲ ਦੇ ਢੋਲ ਦੀ ਪੋਲ

**ਨਵੀਂ ਦਿੱਲੀ/ਏਟੀ ਨਿਊਜ਼ :**
ਭਾਰਤ ਵਿਚ ਚੋਣਾਂ ਦਾ ਕੰਮ ਮੁੰਕਮਲ ਹੋਣ ਤੋਂ ਬਾਅਦ, ਐਗਜ਼ਿਟ ਪੋਲ ਦੇ ਨਤੀਜਿਆਂ ਦੀ ਝੜੀ ਲੱਗ ਗਈ, ਜਿਨ੍ਹਾਂ ਨੇ ਮੋਦੀ ਨੂੰ ਫਿਰ ਸਰਕਾਰ ਬਣਾਉਂਦੇ ਵਿਖਾ ਦਿੱਤਾ। ਭਾਜਪਾ ਨੂੰ 15 'ਚੋਂ 12 ਚੈਨਲਾਂ ਨੇ ਅਤੇ ਸਰਵੇਖਣ ਕਰਨ ਵਾਲੀਆਂ ਏਜੰਸੀਆਂ ਨੇ 300 ਤੋਂ ਵੱਧ ਸੀਟਾਂ ਦਿੱਤੀਆਂ ਹਨ। ਐਗਜ਼ਿਟ ਪੋਲ ਕਿੰਨੇ ਕੁ ਸੱਚੇ ਹੁੰਦੇ ਹਨ, ਇਹ ਤਾਂ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਤੇ ਕਈ ਵਿਧਾਨ ਚੋਣਾਂ ਸਮੇਂ ਸਾਹਮਣੇ ਆ ਚੁੱਕਾ ਹੈ। ਅਸਲ 'ਚ ਐਗਜ਼ਿਟ ਪੋਲ ਨੇ ਕਿਸੇ ਪਾਰਟੀ ਦੀ ਜਿੱਤ-ਹਾਰ ਵਿਚ ਕੋਈ ਫਰਕ ਨਹੀਂ ਪਾਉਣਾ ਹੁੰਦਾ। ਸਿਆਸੀ ਮਾਹਿਰਾਂ ਮੁਤਾਬਕ ਇਨ੍ਹਾਂ ਦੇ ਸਹਾਰੇ ਦੋ ਕੰਮ ਕੀਤੇ ਜਾਂਦੇ ਹਨ। ਇੱਕ ਤਾਂ ਜਿਸ ਪਾਰਟੀ ਨੇ ਜਿੱਤ ਦੇ ਨੇੜੇ ਪੁੱਜਣਾ ਹੁੰਦਾ ਹੈ, ਉਸ ਦੇ ਹੱਕ 'ਚ ਹਵਾ ਬਣਾ ਕੇ ,ਉਸ ਦੇ ਸਮਰਥਕਾਂ 'ਚ ਵਾਧਾ ਕਰਨ ਲਈ ਵਿਕਾਊ ਮਾਲ ਨੂੰ ਪਹਿਲਾਂ ਹੀ ਉਲਾਰੂ ਬਣਾ ਲੈਣਾ ਹੁੰਦਾ ਹੈ। ਜਿਹੜੀਆਂ ਛੋਟੀਆਂ ਪਾਰਟੀਆਂ ਮਦਦ ਤੋਂ ਦੂਰ ਭੱਜਦੀਆਂ ਦਿਸ ਰਹੀਆਂ ਹੁੰਦੀਆਂ ਹਨ, ਉਹਨਾਂ ਦੇ ਮਨ 'ਚ ਪ੍ਰਭਾਵ ਪੈਦਾ ਕੀਤਾ ਜਾਂਦਾ ਹੈ ਤਾਂ ਕਿ ਸਮਾਂ ਆਉਣ 'ਤੇ ਛਤਰੀ 'ਤੇ ਬਿਠਾਇਆ ਜਾ ਸਕੇ। ਦੂਜਾ ਐਗਜ਼ਿਟ ਪੋਲ ਸੱਟਾ




ਬਜ਼ਾਰ ਵੱਲੋਂ ਤਿਆਰ ਕੀਤੇ ਜਾਂਦੇ ਹਨ। ਸੱਟਾ ਬਜ਼ਾਰ ਨੇ ਜਿਸ ਧਿਰ ਦਾ ਭਾਅ ਵਧਾਉਣਾ ਹੁੰਦਾ ਹੈ ,ਉਸ ਧਿਰ ਨੂੰ ਵੱਡੀ ਜਿੱਤ ਵੱਲ ਵਧਦੇ ਵਿਖਾ ਦਿੱਤਾ ਜਾਂਦਾ ਹੈ।
ਚੈਨਲ ਜਾਂ ਏਜੰਸੀਆਂ ਦੇ ਰਿਪੋਰਟਰ ਆਮ ਤੌਰ 'ਤੇ ਵੱਡੇ ਸ਼ਹਿਰਾਂ ਤਕ ਹੀ ਆਪਣੇ ਸਰਵੇ ਨੂੰ ਸੀਮਤ ਰੱਖਦੇ ਹਨ। ਪਿੰਡ ਤੇ ਦੂਰ-ਦੁਰਾਡੇ ਖੇਤਰਾਂ, ਜਿੱਥੇ ਲੋਕ ਸਹੂਲਤਾਂ ਤੋਂ ਵਾਂਝੇ, ਜ਼ਿੰਦਗੀ ਨੂੰ

ਬਾਕੀ ਸਫ਼ਾ 29 'ਤੇ













REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU





FREE ONE YEAR PROPERTY MANAGEMENT & SAVE $3000

FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE

Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653

VALLEY PACIFIC REALTY AND INVESTMENTS STOCKTON # 01722418



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਗੁਰੂ ਨਾਨਕ ਸਾਹਿਬ 'ਤੇ ਡਾਕੂਮੈਂਟਰੀ ਲਈ ਹਿਊਸਟਨ ਦੇ ਸਿੱਖਾਂ ਨੇ ਇਕ ਲੱਖ ਡਾਲਰ ਇਕੱਠੇ ਕੀਤੇ




**ਹਿਊਸਟਨ/ਰਾਜ ਗੋਗਨਾ :**
ਗੁਰੂ ਨਾਨਕ ਦਸਤਾਵੇਜ਼ੀ ਫ਼ਿਲਮ ਦੇ ਸਮਰਥਨ ਲਈ ਇਕੱਠੇ ਹੋਏ 125 ਤੋਂ ਵੱਧ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਇਸ ਪ੍ਰੋਜੈਕਟ ਲਈ 100,000 ਡਾਲਰ ਫੰਡ ਇਕੱਠਾ ਕੀਤਾ। ਹਿਊਸਟਨ ਦੇ ਸਾਰੇ ਪੰਜ ਮੁੱਖ ਗੁਰਦੁਆਰਿਆਂ ਨੇ ਇਸ ਪਹਿਲ ਕਦਮੀ ਨਾਲ ਆਪਣੀ ਸਾਂਝੀ ਏਕਤਾ ਦਿਖਾਈ। ਸਿੱਖ ਸੈਂਟਰ ਦੇ ਡਾ: ਕੰਵਲਜੀਤ ਸਿੰਘ ਨੇ ਇਸ ਮੌਕੇ ਹਾਜ਼ਰ ਲੋਕਾਂ ਦਾ ਸਵਾਗਤ ਕੀਤਾ। ਨੈਸ਼ਨਲ ਸਿੱਖ ਕੈਂਪੇਨ ਦੇ ਸਹਿ-ਸੰਸਥਾਪਕ ਅਤੇ ਸੀਨੀਅਰ ਸਲਾਹਕਾਰ ਡਾ: ਰਾਜਵੰਤ ਸਿੰਘ ਨੇ ਕਿਹਾ, ਕਿ ਹਰੇਕ ਸਿੱਖ ਚਾਹੁੰਦਾ ਹੈ ਕਿ ਦੁਨੀਆ ਵਿੱਚ ਵਧ ਤੋਂ ਵੱਧ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਬਾਰੇ ਪਤਾ ਲੱਗੇ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਅਮਰੀਕੀਆਂ ਨੇ ਕਦੇ ਵੀ ਗੁਰੂ

**ਬਾਕੀ ਸਫ਼ਾ 29 'ਤੇ**




# ਕਾਰਪੋਰੇਟ ਕੰਪਨੀਆਂ 'ਤੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਦਾ ਦੋਸ਼

- ***ਗੁੱਚੀ ਦੀ ਰੈਡੀਮੇਡ ਦਸਤਾਰ ਨੇ ਸਿੱਖਾਂ ਵਿਚ ਰੋਸ ਪੈਦਾ ਕੀਤਾ***
- ***ਐਮਾਜਾਨ ਨੇ ਹਿੰਦੂ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਟਾਇਲਟ ਸੀਟ ਕਵਰ 'ਤੇ ਛਾਪੀਆਂ***

**ਫੀਨਿਕਸ /ਏਟੀ ਨਿਊਜ਼ :**
ਗੁੱਚੀ ਕੰਪਨੀ ਦੇ ਇਕ ਆਨਲਾਈਨ ਇਸ਼ਤਿਹਾਰ ਬਾਰੇ ਸਿੱਖਾਂ ਵਿਚ ਰੋਸ ਹੈ। ਮਸ਼ਹੂਰ ਫੈਸ਼ਨ ਕੰਪਨੀ ਗੁੱਚੀ ਦੀਆਂ ਦਸਤਾਰਾਂ ਆਨਲਾਈਨ ਵੇਚੀਆਂ ਜਾ ਰਹੀਆਂ ਹਨ, ਜਿਸ 'ਤੇ ਸਿੱਖਾਂ ਨੇ ਸਖ਼ਤ ਰੋਸ ਪ੍ਰਗਟਾਇਆ ਹੈ। ਕੰਪਨੀ ਪਹਿਲਾਂ ਤੋਂ ਬੰਨ੍ਹੀਆਂ ਹੋਈਆਂ ਦਸਤਾਰਾਂ ਵੇਚ ਰਿਹਾ ਹੈ ਤੇ ਹਜ਼ਾਰਾਂ ਰੁਪਏ ਦੀ ਕੀਮਤ ਵੀ ਵਸੂਲ ਰਿਹਾ ਹੈ। ਆਨਲਾਈਨ ਸਟੋਰ ਗੁੱਚੀ ਵੱਲੋਂ ਟੋਪੀਨੁਮਾ ਦਸਤਾਰਾਂ ਵੇਚਣਾ ਸ਼ੁਰੂ ਕਰਨ ਦਾ ਸੋਸ਼ਲ ਮੀਡੀਆ 'ਤੇ ਖਾਸਾ ਵਿਰੋਧ ਦੇਖਣ ਨੂੰ ਮਿਲਿਆ ਹੈ।





ਅਮਰੀਕੀ ਕੰਪਨੀ ਨਾਰਦਸਟ੍ਰਾਮ ਨੇ ਮੰਗੀ ਸਿੱਖਾਂ ਤੋਂ ਮੁਆਫ਼ੀ-
ਅਮਰੀਕੀ ਕੰਪਨੀ ਨਾਰਦਸਟ੍ਰਾਮ ਨੇ ਦਸਤਾਰਾਂ ਨਾਲ ਜੁੜੇ ਆਪਣੇ ਇਸ਼ਤਿਹਾਰ ਨੂੰ ਲੈ ਕੇ ਸਿੱਖ ਪੰਥ ਤੋਂ ਮੁਆਫ਼ੀ ਮੰਗੀ ਹੈ। ਹਾਲਾਂਕਿ ਅਮਰੀਕਾ ਵਿਚ ਸਿੱਖ ਭਾਈਚਾਰੇ ਦੇ ਨਾਗਰਿਕ ਅਧਿਕਾਰ ਸੰਗਠਨ ਦੇ ਇਕ ਚੋਟੀ ਦੇ ਪ੍ਰਤੀਨਿਧੀ ਨੇ ਕਿਹਾ ਹੈ ਕਿ ਹੁਣ ਵੀ ਇਨ੍ਹਾਂ ਦਸਤਾਰਾਂ ਨੂੰ ਤਿਆਰ ਕਰਨ ਵਾਲੀ ਕੰਪਨੀ 'ਗੁੱਚੀ' ਦੀ ਪ੍ਰਤੀਕਿਰਿਆ ਦਾ ਇੰਤਜ਼ਾਰ ਕਰ ਰਹੇ ਹਾਂ। ਨਿਊਯਾਰਕ ਸਥਿਤ ਇਕ ਸਿੱਖ ਸੰਗਠਨ ਦੇ ਸੀਨੀਅਰ ਅਧਿਕਾਰੀ ਸਿਮਰਨਜੀਤ ਸਿੰਘ ਨੇ ਕਿਹਾ ਹੈ ਕਿ ਦੁਨੀਆ ਭਰ ਦੇ ਲੋਕਾਂ ਨੂੰ ਪਿਆਰੀਆਂ ਤੇ ਪਵਿੱਤਰ ਵਸਤੂਆਂ ਨੂੰ ਕੰਪਨੀਆਂ ਉਪਭੋਗ ਵਸਤੂਆਂ ਦੇ ਰੂਪ ਵਿਚ ਪੇਸ਼ ਕਰ ਪੈਸਾ ਬਣਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਦਸਤਾਰ ਉਨ੍ਹਾਂ ਦੇ ਭਾਈਚਾਰੇ ਦੇ ਲੋਕਾਂ ਲਈ ਡੂੰਘੀ ਸ਼ਰਧਾ ਦਾ ਵਿਸ਼ਾ ਹੈ। ਗੌਰਤਲਬ ਹੈ ਕਿ ਨਾਰਦਸਟ੍ਰਾਮ ਦੀ ਵੈੱਬਸਾਈਟ 'ਤੇ 15 ਮਈ ਨੂੰ ਦਸਤਾਰ ਦਾ ਇਕ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਦੇ ਵੇਰਵੇ ਵਿਚ ਲਿਖਿਆ ਸੀ ਕਿ ਸ਼ਾਨਦਾਰ ਢੰਗ ਨਾਲ ਤਿਆਰ ਦਸਤਾਰ, ਸਿਰ 'ਤੇ ਸਜਾਉਣ ਲਈ ਤਿਆਰ ਹੈ। ਇਹ ਤੁਹਾਨੂੰ ਆਰਾਮ ਪ੍ਰਦਾਨ ਕਰੇਗੀ..। ਹਾਲਾਂਕਿ 18 ਮਈ ਨੂੰ ਨਾਰਦਸਟ੍ਰਾਮ ਵੈੱਬਸਾਈਟ 'ਤੇ ਇਹ ਵਿੱਕਰੀ ਲਈ ਉਪਲਬਧ ਨਹੀਂ ਸੀ। ਬਿਨਾ ਤਸਵੀਰ ਦੇ ਇਸ ਨੂੰ ਸੋਲਡ ਆਊਟ (ਵਿਕ ਚੁੱਕੀ) ਦੇ ਵਰਗ ਵਿਚ ਪੇਸ਼ ਕਰਦੇ ਹੋਏ ਵੈੱਬਸਾਈਟ 'ਤੇ ਇਸ ਦਾ ਵੇਰਵਾ ਗੁੱਚੀ ਦੇ 'ਸਿਰ ਢਕਣ ਵਾਲੀ' ਚੀਜ਼ ਦੇ ਤੌਰ 'ਤੇ ਦਿੱਤਾ ਗਿਆ ਸੀ। ਇਸ ਇਸ਼ਤਿਹਾਰ 'ਤੇ ਸਿੱਖ ਭਾਈਚਾਰੇ ਨੇ ਇਤਰਾਜ਼ ਪ੍ਰਗਟ ਕੀਤਾ ਸੀ, ਜਿਸ ਤੋਂ ਬਾਅਦ ਨਾਰਦਸਟ੍ਰਾਮ ਨੇ ਮੁਆਫ਼ੀ ਮੰਗੀ ਹੈ। ਨਾਰਦਸਟ੍ਰਾਮ ਨੇ ਕਿਹਾ ਕਿ ਅਸੀਂ ਇਸ ਉਤਪਾਦ ਨੂੰ ਰੋਕਣ ਦਾ ਫ਼ੈਸਲਾ ਕੀਤਾ ਹੈ ਤੇ ਇਸ ਨੂੰ ਸਾਈਟ ਤੋਂ ਹਟਾ ਦਿੱਤਾ ਹੈ। ਅਸੀਂ ਉਸ ਹਰ ਵਿਅਕਤੀ ਜਿਸ ਨੂੰ ਠੇਸ ਪਹੁੰਚੀ ਹੈ, ਤੋਂ ਮੁਆਫ਼ੀ ਮੰਗਦੇ ਹਾਂ।

ਨੋਇਡਾ (ਭਾਰਤ) ਤੋਂ ਖਬਰ ਮੁਤਾਬਕ ਕਾਰਪੋਰੇਟ ਕੰਪਨੀਆਂ ਆਪਣੇ ਪ੍ਰੋਡਕਟ ਵੇਚਣ ਲਈ ਵੱਖ-ਵੱਖ ਧਰਮਾਂ ਦਾ ਮਜ਼ਾਕ ਉਡਾ ਰਹੀਆਂ ਹਨ। ਇਸ ਮਾਮਲੇ ਵਿਚ ਹਿੰਦੂ ਭਾਈਚਾਰੇ ਨਾਲ ਸਬੰਧਿਤ ਵਿਅਕਤੀ ਵਿਕਾਸ ਮਿਸ਼ਰਾਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਲਜ਼ਾਮ ਵਿਚ ਐਮਾਜਾਨ 'ਤੇ ਐਫਆਈਆਰ ਦਰਜ ਕਰਵਾਈ ਹੈ। ਈ ਕਾਮਰਸ ਸਾਈਟ ਐਮਾਜਾਨ 'ਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਵਾਲੇ ਟੌਇਲਟ ਸੀਟ ਕਵਰ ਅਤੇ ਹੋਰ ਸਮਾਨ ਵਿਕ ਰਿਹਾ ਸੀ। ਜਿਸ ਦਾ ਹਿੰਦੂਆਂ ਨੇ ਸਖ਼ਤ ਵਿਰੋਧ ਕੀਤਾ ਹੈ। ਬਾਬਾ ਰਾਮਦੇਵ ਨੇ ਵੀ ਇਸ 'ਤੇ ਐਮਾਜਾਨ ਦੀ ਆਲੋਚਨਾ ਕੀਤੀ।
ਨੋਇਡਾ ਪੁਲਿਸ ਅਧਿਕਾਰੀ ਪੀਯੂਸ਼ ਕੁਮਾਰ ਨੇ ਕਿਹਾ ਕੰਪਨੀ ਖਿਲਾਫ ਧਾਰਾ 153ਏ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।
ਇਸ ਬਾਰੇ ਐਮਾਜਾਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਸਾਰੇ ਸੇਲਰਾਂ ਨੂੰ ਕੰਪਨੀ ਨੇ ਹੁਕਮਾਂ ਦਾ ਪਾਲਨ ਕਰਨਾ ਚਾਹੀਦਾ ਸੀ। ਜੋ ਅਜਿਹਾ ਨਹੀ ਕਰਦੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਨੂੰ ਕੰਪਨੀ ਦੇ ਪਲੇਟਫਾਰਮ ਤੋਂ ਹਟਾਇਆ ਵੀ ਜਾ ਸਕਦਾ ਹੈ। ਬੁਲਾਰੇ ਦਾ ਕਹਿਣਾ ਹੈ ਕਿ ਜਿਨ੍ਹਾਂ ਉਤਪਾਦਾਂ ਕਰਕੇ ਸਵਾਲ ਉੱਠਿਆ ਹੈ ਉਨ੍ਹਾਂ ਨੂੰ ਸਟੋਰ ਤੋਂ ਹਟਾਇਆ ਜਾ ਰਿਹਾ ਹੈ।



# ਪਾਕਿਸਤਾਨ ਸਰਕਾਰ ਵਲੋਂ ਧਾਰਮਿਕ ਸਥਾਨਾਂ ਦੀ ਬਿਹਤਰੀ ਤੇ ਭਾਈਚਾਰਕ ਸਾਂਝ ਲਈ ਟਾਸਕ ਫੋਰਸ ਦਾ ਗਠਨ

## ਰਮੇਸ਼ ਸਿੰਘ ਖਾਲਸਾ ਸਿੰਧ ਤੋਂ ਮੈਂਬਰ ਨਿਯੁਕਤ

**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਪਾਕਿਸਤਾਨ ਸਰਕਾਰ ਵਲੋਂ ਅਵੈਕਯੂਏਸ਼ਨ ਟਰੱਸਟ ਪ੍ਰਾਪਰਟੀ ਦੇ ਕੰਮਾਂ ਵਾਸਤੇ ਇੱਕ ਬੋਰਡ ਬਣਾਇਆ ਗਿਆ ਹੈ, ਜਿਸ ਨੂੰ ਟਾਸਕ ਫੋਰਸ ਦਾ ਨਾਮ ਦਿੱਤਾ ਗਿਆ ਹੈ। ਇਸ ਵਿਚ ਪੂਰੇ ਪਾਕਿਸਤਾਨ ਵਿਚੋਂ 17 ਸਖਸ਼ੀਅਤਾਂ ਦੀ ਨਿਯੁਕਤੀ ਕੀਤੀ ਗਈ ਹੈ। ਜਿਸ ਵਿੱਚ ਚਾਰ ਸਿੱਖਾਂ



ਨੂੰ ਨੁਮਾਇੰਦਗੀ ਦਿੱਤੀ ਗਈ ਹੈ। ਰਮੇਸ਼ ਸਿੰਘ ਖਾਲਸਾ ਜੋ ਪਾਕਿਸਤਾਨ ਸਿੱਖ ਕੌਂਸਲ ਦੇ ਪੈਟਰਨ-ਇਨ-ਚੀਫ ਹਨ, ਨੂੰ ਇਸ ਟਾਸਕ ਫੋਰਸ ਵਿੱਚ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਬਿਸ਼ਨ ਸਿੰਘ, ਮਨਿੰਦਰਪਾਲ ਸਿੰਘ ਤੇ ਭਗਤ ਸਿੰਘ ਬਤੌਰ ਸਿੱਖ ਸਕਾਲਰ ਵਜੋਂ ਸ਼ਾਮਲ ਕੀਤੇ ਗਏ ਹਨ। ਭਾਵੇਂ ਇਸ ਬੋਰਡ ਨੂੰ ਇੰਟਰਫੇਥ ਵਜੋਂ ਲਿਆ ਗਿਆ ਹੈ ਤਾਂ ਜੋ ਹਿੰਦੂ, ਸਿੱਖ ਅਤੇ ਹੋਰ ਧਾਰਮਿਕ ਸਥਾਨਾਂ ਦੀ ਬਿਹਤਰੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰ ਸਕਣ। ਇਤਿਹਾਸਕ ਥਾਵਾਂ ਦੀ ਸਾਂਭ ਸੰਭਾਲ ਤੇ ਬਿਹਤਰੀ ਲਈ ਕਦਮ ਚੁੱਕੇ ਜਾ ਸਕਣ। ਨਜਾਇਜ਼ ਕਬਜ਼ਿਆਂ ਨੂੰ ਧਾਰਮਿਕ ਥਾਵਾਂ ਤੋਂ ਹਟਾਉਣ, ਧਾਰਮਿਕ ਥਾਵਾਂ ਨੂੰ ਟੂਰਿਜ਼ਮ ਸਬੰਧੀ ਹੁਲਾਰਾ ਦੇਣਾ, ਸਿਹਤ ਸਹੂਲਤਾਂ ਅਤੇ ਸਿੱਖਿਆ ਨੂੰ ਘੱਟ ਗਿਣਤੀਆਂ ਵਿੱਚ ਮਜ਼ਬੂਤ ਕਰਨਾ ਇਸ ਬੋਰਡ ਦੇ ਮੁੱਖ ਕੰਮ ਹੋਣਗੇ। ਟਾਸਕ ਫੋਰਸ ਪਾਕਿਸਤਾਨ ਦੀ ਸਰਕਾਰ ਨੂੰ ਸੁਝਾਅ ਦੇਵੇਗੀ ਅਤੇ ਜ਼ੋਰ ਦੇਵੇਗੀ ਕਿ ਘੱਟ ਗਿਣਤੀਆਂ ਦੇ ਲੋਕਾਂ ਦੀਆਂ ਮੁਸ਼ਕਲਾਂ, ਪ੍ਰਾਪਰਟੀ, ਧਾਰਮਿਕ ਸਥਾਨਾਂ ਤੇ ਕਬਜ਼ਿਆਂ, ਟੂਰਿਜ਼ਮ ਸਬੰਧੀ ਬਿਹਤਰ ਫੈਸਲੇ ਕੀਤੇ ਜਾਣ ਤਾਂ ਜੋ ਇੰਟਰਫੇਥ ਮਜ਼ਬੂਤ ਹੋ ਸਕੇ। ਇਸ ਬੋਰਡ ਵਿੱਚ ਬੀਊਰੋਕਰੇਟ, ਬਿਜ਼ਨਸਮੈਨ, ਸਕਾਲਰ, ਪ੍ਰਬੰਧਕ ਅਤੇ ਧਾਰਮਿਕ ਲੀਡਰਾਂ ਨੂੰ ਸ਼ਾਮਲ ਕਰਕੇ ਘੱਟ ਗਿਣਤੀਆਂ ਦੀ ਬਿਹਤਰੀ ਲਈ ਵਧੀਆ ਕਦਮ ਚੁੱਕਿਆ ਗਿਆ ਹੈ। ਰਮੇਸ਼ ਸਿੰਘ ਖਾਲਸਾ ਪੈਟਰਨ-ਇਨ-ਚੀਫ ਪਾਕਿਸਤਾਨ ਸਿੱਖ ਕੌਂਸਲ ਜੋ ਇਸ ਟਾਸਕ ਫੋਰਸ ਵਿੱਚ ਸ਼ਾਮਲ ਹਨ, ਨੇ ਸੰਖੇਪ ਟੈਲੀਫੋਨ ਗੱਲਬਾਤ ਰਾਹੀਂ ਦੱਸਿਆ ਕਿ ਇਹ ਬੋਰਡ ਘੱਟ ਗਿਣਤੀਆਂ ਲਈ ਮਸੀਹਾ ਸਾਬਤ ਹੋਵੇਗਾ, ਜੋ ਦੋ ਮਹੀਨੇ ਵਿੱਚ ਆਪਣੀ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ। ਹਾਲ ਦੀ ਘੜੀ ਟਾਸਕ ਫੋਰਸ ਉਤੇ ਅਮਲ ਸ਼ੁਰੂ ਹੋ ਗਿਆ ਹੈ।

# ਕੰਧਾਂ 'ਤੇ ਲਿਖੇ ਖ਼ਾਲਿਸਤਾਨ ਦੇ ਨਾਅਰੇ

**ਗੁਰੂਸਰ ਸੁਧਾਰ/ਏਟੀ ਨਿਊਜ਼ :** ਏਅਰ ਫੋਰਸ ਹਲਵਾਰਾ ਦੀ ਹੱਦ ਨਾਲ ਲੱਗਦੇ ਪਿੰਡ ਅਕਾਲਗੜ੍ਹ ਵਿਚ ਕਈ ਘਰਾਂ ਦੀਆਂ ਕੰਧਾਂ 'ਤੇ 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖੇ ਜਾਣ ਤੋਂ ਬਾਅਦ ਸੁਧਾਰ ਪੁਲੀਸ ਨੇ ਉਨ੍ਹਾਂ 'ਤੇ ਪੋਚਾ ਤਾਂ ਫੇਰ ਦਿੱਤਾ ਹੈ । ਕੁਝ ਦੇਰ ਪਹਿਲਾਂ ਭਨਿਆਰੇ ਵਾਲੇ ਪਿਆਰਾ ਸਿੰਘ ਵੱਲੋਂ ਇੱਕ ਗ੍ਰੰਥ ਲਿਖੇ ਜਾਣ ਕਾਰਨ ਮਾਲਵੇ ਵਿਚ ਵਿਵਾਦ ਖੜ੍ਹਾ ਹੋ ਗਿਆ ਸੀ। ਚੌਕਸੀ ਵਿਭਾਗ ਇਸ ਘਟਨਾ ਨੂੰ ਉਸ ਨਾਲ ਜੋੜ ਕੇ ਦੇਖ ਰਿਹਾ ਹੈ , ਕਿਉਂਕਿ ਭਨਿਆਰੇ ਵਾਲੇ ਦੀ ਅਕਾਲਗੜ੍ਹ ਪਿੰਡ ਵਿਚ ਰਿਸ਼ਤੇਦਾਰੀ ਹੈ, ਜਿਸ ਕਾਰਨ ਇਹ ਪਿੰਡ ਪਹਿਲਾਂ ਵੀ ਸੁਰਖ਼ੀਆਂ ਵਿਚ ਰਿਹਾ ਸੀ।ਥਾਣਾ ਸੁਧਾਰ ਦੇ ਮੁਖੀ ਇੰਸਪੈਕਟਰ ਅਜੈਬ ਸਿੰਘ ਨੇ ਕਿਹਾ ਕਿ ਹਾਲੇ ਕੋਈ ਸੁਰਾਗ ਹੱਥ ਨਹੀਂ ਲੱਗਿਆ।

# ਯੂਏਈ ਦੇ ਵਾਸ਼ਿੰਗਟਨ ਦੂਤਘਰ ਵਿਖੇ ਰਮਜ਼ਾਨ ਦਾ ਮਹੀਨਾ ਸਭ ਧਰਮਾਂ ਦੇ ਮਹਿਮਾਨਾਂ ਨਾਲ ਮਿਲ ਕੇ ਮਨਾਇਆ ਗਿਆ





**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਹਰ ਸਾਲ ਦੀ ਤਰ੍ਹਾਂ ਰਮਜ਼ਾਨ ਦੇ ਮਹੀਨੇ ਦੀ ਸ਼ੁਰੂਆਤ ਹੁੰਦੇ ਸਾਰ ਹੀ ਯੂਏਈ (ਦੁਬਈ) ਦੇ ਸਥਾਨਕ ਦੂਤਘਰ ਵਿਚ ਜਸ਼ਨ ਦਾ ਮਾਹੌਲ ਸ਼ੁਰੂ ਹੋ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਣਯੋਗ ਯੂਏਈ ਦੇ ਰਾਜਦੂਤ ਯੂਸਫ਼ ਅਲ਼ ਔਤਾਇਬਾ ਵੱਲੋਂ ਸਾਰੇ ਧਰਮਾਂ ਅਤੇ ਵਰਗਾਂ ਸਮੇਤ ਸਿੱਖ ਧਰਮ ਦੇ ਲੋਕਾਂ ਨੂੰ ਵੀ ਹਮੇਸ਼ਾ ਦੀ ਤਰ੍ਹਾਂ ਮਾਣ ਦੇਣ ਲਈ ਖ਼ਾਸ ਤੌਰ 'ਤੇ ਸੱਦਾ ਦਿੱਤਾ ਗਿਆ । ਗਿਆਨੀ ਸੁਰਿੰਦਰ ਸਿੰਘ ਜੰਮੂਵਾਲੇ, ਉਹਨਾਂ ਦੇ ਸਪੁੱਤਰ ਗਗਨਦੀਪ ਸਿੰਘ ਅਤੇ ਕੁਲਵਿੰਦਰ ਸਿੰਘ ਫਲੋਰਾ ਨੇ ਇਸ ਮੌਕੇ ਯੂਸਫ਼ ਅਲ਼ ਔਤਾਇਬਾ ਦੀ ਮਹਿਮਾਨ ਨਿਵਾਜੀ ਦਾ ਆਨੰਦ ਮਾਣਿਆ। ਅਰਬ ਦੇ ਤੌਰ ਤਰੀਕੇ ਰਾਜਦੂਤ ਯੂਸਫ਼ ਅਲ਼ ਔਤਾਇਬਾ ਨੇ ਇਕੱਲੇ ਇਕੱਲੇ ਮਹਿਮਾਨ ਨੂੰ ਆਪਣੇ ਗਲੇ ਨਾਲ ਲਗਾ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ।ਅਮਰੀਕਾ ਦੇ ਕੋਨੇ ਕੋਨੇ ਤੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਹਿਣ ਉਪਰੰਤ ਇਮਾਮ ਨੇ ਆਜ਼ਾਨ ਦਿੱਤੀ ਅਤੇ ਸਰਭ ਧਰਮ ਅਤੇ ਕੁੱਲ ਇਨਸਾਨੀਅਤ ਲਈ ਦੁਆ ਕੀਤੀ। ਸਭ ਧਰਮਾਂ ਦੇ ਮਹਿਮਾਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਹਰੇਕ ਕਿਸਮ ਦੇ ਲਜ਼ੀਜ਼ ਖਾਣਿਆਂ ਦਾ ਪ੍ਰਬੰਧ ਕੀਤਾ ਗਿਆ ਸੀ । ਮਾਸਾਹਾਰੀ ਮਹਿਮਾਨਾਂ ਲਈ ਮਾਸਾਹਾਰੀ ਅਤੇ ਸ਼ਾਕਾਹਾਰੀ ਮਹਿਮਾਨਾਂ ਲਈ ਸ਼ਾਕਾਹਾਰੀ ਖਾਣੇ ਬੜੀ ਬਾਖੂਬੀ ਨਾਲ ਸਜਾਏ ਗਏ ਸਨ। ਖਾਣੇ ਉਪਰੰਤ ਯੂਸਫ਼ ਅਲ ਔਤਾਇਬਾ ਨੇ ਸੰਯੁਕਤ ਅਰਬ ਰਾਸ਼ਟਰ ਦੇ ਰਾਸ਼ਟਰਪਤੀ ਵੱਲੋਂ ਦੁਨੀਆ ਦੇ ਸਾਰੇ ਧਰਮਾਂ ਲਈ ਰਮਜ਼ਾਨ ਦੇ ਪਵਿੱਤਰ ਮਹੀਨੇ ਨੂੰ ਸਹਿਣਸ਼ੀਲਤਾ ਦੇ ਜਸ਼ਨ ਵੱਜੋਂ ਮਨਾਉਣ ਲਈ ਸੱਦਾ ਪੱਤਰ ਵੀ ਪੜ੍ਹ ਕੇ ਸੁਣਾਇਆ। ਉਨ੍ਹਾਂ ਕਿਹਾ ਕਿ ਨਫ਼ਰਤ ਲਈ ਸੰਯੁਕਤ ਅਰਬ ਰਾਜ (ਯੂਏਈ) ਵਿਚ ਕੋਈ ਥਾਂ ਨਹੀਂ ਹੈ । ਯੂਏਈ ਮੁਲਕ ਵਿਚ ਦੁਨੀਆ ਦੇ ਹਰ ਬਸ਼ਿੰਦੇ ਅਤੇ ਹਰ ਧਰਮ ਨੂੰ ਸੰਪੂਰਨ ਅਜ਼ਾਦੀ ਦਿੱਤੀ ਗਈ ਹੈ ਅਤੇ ਰਾਸ਼ਟਰਪਤੀ ਖ਼ਲੀਫ਼ਾ ਬਿਨ ਜ਼ਏਦ ਅਲ ਨਹਯਾਨ ਆਪ ਜ਼ਾਤੀ ਤੌਰ 'ਤੇ ਇੱਕ ਰੱਬ ਅਤੇ ਸਰਬ ਸਾਂਝੀਵਾਲਤਾ ਦੇ ਸਿਧਾਂਤ ਨੂੰ ਮੰਨਦੇ ਹੋਏ ਇਨਸਾਨੀਅਤ ਦੀ ਪ੍ਰੋੜ੍ਹਤਾ ਕਰਦੇ ਹਨ। ਇਸ ਦੀ ਮਿਸਾਲ ਆਬੂ ਧਾਬੀ ਵਿਚ ਯਹੂਦੀ ਟੈਂਪਲ, ਦੁਬਈ ਵਿਚ ਹਿੰਦੂ ਮੰਦਰ ਅਤੇ ਅਨੇਕਾਂ ਚਰਚਾਂ ਸਾਰੇ ਸੰਯੁਕਤ ਅਰਬ ਰਾਸ਼ਟਰ ਦੀ ਸ਼ਾਨ ਵਿੱਚ ਵਾਧਾ ਕਰ ਰਹੀਆਂ ਹਨ।

ਪ੍ਰੋਗਰਾਮ ਦੇ ਅਖੀਰ ਤੇ ਯੂਸਫ਼ ਅਲ ਔਤਾਇਬਾ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਾਰੇ ਮਹਿਮਾਨਾਂ ਨੂੰ ਸੰਯੁਕਤ ਅਰਬ ਰਾਸ਼ਟਰ ਵਿੱਚੋਂ ਲਿਆਂਦੀਆਂ ਖ਼ਾਸ ਖ਼ਜੂਰਾਂ ਦੇ ਡੱਬੇ ਅਤੇ ਯੂਏਈ ਵਿਚ ਪ੍ਰਫੁੱਲਤ ਹੋ ਰਹੇ ਸਾਰੇ ਧਰਮਾਂ ਬਾਰੇ ਜਾਣਕਾਰੀ ਭਰਪੂਰ ਕਿਤਾਬਸਹਿਣਸ਼ੀਲਤਾ ਦਾ ਜਸ਼ਨ ਤੋਹਫ਼ੇ ਵਜੋਂ ਵੰਡੀ। ਅੰਤ ਵਿਚ ਸਾਰੇ ਮਹਿਮਾਨਾਂ ਨੂੰ ਗਲੇ ਲਗਾ ਕੇ ਸ਼ੁਭਕਾਮਨਾਵਾਂ ਨਾਲ ਯੂਸਫ਼ ਅਲ ਔਤਾਇਬਾ ਨੇ ਭਾਵਨਾ ਭਰਪੂਰ ਵਿਦਾਇਗੀ ਦਿੱਤੀ।



# ਪਾਕਿ 'ਚ ਰਮਜ਼ਾਨ ਦੇ ਮਹੀਨੇ ਮੁਸਲਮਾਨਾਂ ਨੂੰ ਡਿਸਕਾਊਂਟ ਦੇ ਰਿਹਾ ਸਿੱਖ ਬਿਜਨਿਸਮੈਨ

**ਪਿਸ਼ਾਵਰ/ਏਟੀ ਨਿਊਜ਼ :** ਪਾਕਿਸਤਾਨ ਦੇ ਉੱਤਰ-ਪੱਛਮੀ ਕਬਾਇਲੀ ਜ਼ਿਲ੍ਹੇ 'ਚ ਇਕ ਸਿੱਖ ਕਾਰੋਬਾਰੀ ਗੜਬੜਸ਼ੁਦਾ ਖੇਤਰ 'ਚ ਸ਼ਾਂਤੀ ਤੇ ਭਾਈਚਾਰਾ ਵਧਾਉਣ ਲਈ ਰਮਜ਼ਾਨ ਦੇ ਪਾਕ ਮਹੀਨੇ 'ਚ ਮੁਸਲਮਾਨ ਰੋਜ਼ੇਦਾਰਾਂ ਨੂੰ ਵੱਖ-ਵੱਖ ਵਸਤਾਂ 'ਤੇ ਡਿਸਕਾਊਂਟ ਦੇ ਰਿਹਾ ਹੈ। ਨਰੰਜ ਸਿੰਘ ਨਾਂ ਦੇ ਇਸ ਸਿੱਖ ਕਾਰੋਬਾਰੀ ਨੇ ਖੈਬਰ ਪਖਤੂਨਖਵਾ ਦੀ ਜਮਰੂਦ ਤਹਿਸੀਲ 'ਚ ਦੁਕਾਨ ਖੋਲ੍ਹੀ ਹੈ। ਇਸ 'ਤੇ ਸਰਕਾਰ ਦੀ ਮੁੱਲ ਕੰਟਰੋਲ ਕਮੇਟੀ ਵੱਲੋਂ ਤੈਅ ਕੀਮਤਾਂ ਤੋਂ ਘੱਟ ਕੀਮਤ 'ਤੇ ਵੱਖ-ਵੱਖ ਵਸਤਾਂ ਵੇਚੀਆਂ ਜਾ ਰਹੀਆਂ ਹਨ। ਖਾਣ ਦੀਆਂ ਵਸਤਾਂ ਉਨ੍ਹਾਂ ਦੀ ਦੁਕਾਨ 'ਤੇ ਅਸਲੀ ਕੀਮਤ ਤੋਂ 10 ਤੋਂ 30 ਰੁਪਏ ਘੱਟ ਮੁੱਲ 'ਤੇ ਵੇਚੀਆਂ ਜਾ ਰਹੀਆਂ ਹਨ। ਨਰੰਜ ਸਿਘ ਨੇ ਕਿਹਾ ਕਿ ਉਹ ਇਸ ਕੰਮ ਨੂੰ ਦਾਨ ਦੀ ਬਜਾਏ ਮੁਸਲਿਮ ਅਤੇ ਸਿੱਖ ਭਾਈਚਾਰੇ 'ਚ ਸ਼ਾਂਤੀ ਅਤੇ ਮੇਲਜੋਲ ਵਧਾਉਣ ਵਾਲਾ ਕਦਮ ਮੰਨਦੇ ਹਨ। ਪਿਸ਼ਾਵਰ 'ਚ ਰਹਿਣ ਵਾਲੇ ਜ਼ਿਆਦਾਤਰ ਸਿੱਖ ਅਜਿਹੇ ਹਨ ਜਿਨ੍ਹਾਂ ਦੇ ਪਰਿਵਾਰ ਪਹਿਲਾਂ ਵੱਖ ਵੱਖ ਸੰਘ ਪ੍ਰਸ਼ਾਸਿਤ ਕਬਾਇਲੀ ਇਲਾਕਿਆਂ 'ਚ ਰਹਿੰਦੇ ਸਨ ਤੇ ਬਾਅਦ 'ਚ ਪਿਸ਼ਾਵਰ 'ਚ ਆ ਕੇ ਕਾਰੋਬਾਰ ਕਰਨ ਲੱਗੇ।



ਅਸਲ 'ਚ ਖੈਬਰ ਪਖਤੂਨਖਵਾ ਸੂਬੇ ਦੇ ਇਸ ਸ਼ਹਿਰ 'ਚ ਬਾਹਰੀ ਇਲਾਕੇ ਸਕੀਮ ਚੌਕ 'ਚ ਪਿਛਲੇ ਸਾਲ ਮਈ 'ਚ ਮਸ਼ਹੂਰ ਧਾਰਮਿਕ ਸਿੱਖ ਨੇਤਾ ਤੇ ਮਨੁੱਖੀ ਅਧਿਕਾਰ ਵਰਕਰ ਚਰਨਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਕਾਰਟਰੇਟ (ਨਿਊਜਰਸੀ) ਵਿਖੇ ਖਾਲਸਾ ਸਾਜਨਾ ਤੇ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ







**ਨਿਊਜਰਸੀ/ਰਾਜ ਗੋਗਨਾ :**
ਨਿਊਜਰਸੀ ਸਟੇਟ ਦੇ ਕਾਰਟਰੇਟ ਸ਼ਹਿਰ, ਜਿਸ ਨੂੰ ਪੰਜਾਬੀ ਕਰਤਾਰਪੁਰ ਦੇ ਨਾਂ ਨਾਲ ਵੀ ਪਛਾਣਦੇ ਹਨ, ਵਿਖੇ ਖਾਲਸਾ ਸਾਜਨਾ ਦਿਹਾੜੇ ਅਤੇ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਪੂਰੇ ਖਾਲਸਾਈ ਜਾਹੋ ਜਲਾਲ ਨਾਲ ਸਜਾਇਆ ਗਿਆ।

ਸ਼ਹਿਰ ਦੇ ਪ੍ਰਬੰਧਕੀ ਦਫਤਰ ਦੇ ਸਾਹਮਣੇ ਟਰਾਈ ਸਟੇਟ ਦੇ ਵੱਖ ਵੱਖ ਸ਼ਹਿਰਾਂ ਤੋਂ ਆ ਕੇ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਇਕੱਠੀਆਂ ਹੋਈਆਂ। ਰਾਸ਼ਟਰੀ ਗੀਤ, ਸ਼ਬਦ ਕੀਰਤਨ ਤੇ ਅਰਦਾਸ ਮਗਰੋਂ ਸ਼ਹਿਰ ਦੇ ਮੇਅਰ ਵਲੋਂ ਸੰਗਤਾਂ ਨੂੰ ਖਾਲਸਾ ਸਾਜਨਾ ਦਿਹਾੜੇ ਤੇ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਗਈ ।ਇਸ ਮਗਰੋਂ ਜੈਕਾਰਿਆਂ ਦੀ ਗੂੰਜ ਤੇ ਨਗਾਰਿਆਂ ਦੀ ਚੋਟ ਉਪਰ ਖਾਲਸੇ ਦੇ ਨਿਸ਼ਾਨ ਸਾਹਿਬ ਨੂੰ ਸ਼ਹਿਰ ਦੇ ਪ੍ਰਬੰਧਕੀ ਦਫਤਰ ਦੇ ਸਾਹਮਣੇ ਲਹਿਰਾਉਂਦੇ ਅਮਰੀਕੀ ਝੰਡੇ ਦੇ ਬਰਾਬਰ ਝੁਲਾਇਆ ਗਿਆ। ਸੰਗਤਾਂ ਦੀ ਜਾਣਕਾਰੀ ਲਈ ਇਹ ਦੱਸਿਆ ਜਾਂਦਾ ਹੈ ਕਿ ਤੇਰ੍ਹਾਂ ਸਾਲ ਪਹਿਲਾਂ ਨਿਸ਼ਾਨ ਸਾਹਿਬ ਨੂੰ ਇਸ ਤਰ੍ਹਾਂ ਝੁਲਾਉਣ ਦਾ ਇਤਿਹਾਸ ਅਮਰੀਕਾ ਵਿਚ ਪਹਿਲੀ ਵਾਰ ਇਸੇ ਸ਼ਹਿਰ ਵਿਚ ਸਿਰਜਿਆ ਗਿਆ ਸੀ। ਇਸ ਸ਼ਹਿਰ ਵਿਚ ਪੂਰਾ ਇਕ ਮਹੀਨਾ ਨਗਰ ਕੀਰਤਨ ਤੋਂ ਬਾਅਦ ਪ੍ਰਬੰਧਕੀ ਦਫਤਰ ਸਾਹਮਣੇ ਨਿਸ਼ਾਨ ਸਾਹਿਬ ਮਾਣ ਨਾਲ ਝੁੱਲਦਾ ਰਹਿੰਦਾ ਹੈ। ਇਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਤੇ ਪੰਜ ਪਿਅਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਲੰਘਦੇ ਹੋਏ ਸ਼ਹਿਰ ਦੇ ਮੁੱਖ ਪਾਰਕ ਵਿਚ ਪਹੁੰਚਿਆ। ਵੱਡੀ ਗਿਣਤੀ ਸਿੱਖ ਸੰਗਤਾਂ, ਮੋਟਰ ਸਾਈਕਲ ਸਵਾਰਾਂ, ਨੌਜਵਾਨਾਂ ਤੇ ਬੱਚਿਆਂ ਦੇ ਗੱਤਕਾ ਗਰੁੱਪਾਂ ਤੇ ਅੰਮ੍ਰਿਤਸਰ ਅਕਾਲੀ ਦਲ ਦੇ ਜੂਝਾਰੂ ਮੈਂਬਰਾਂ ਨੇ ਆਪਣੀਆਂ ਆਪਣੀਆਂ ਦਿੱਲ ਖਿੱਚਵੀਆਂ ਝਾਕੀਆਂ ਨਾਲ ਇਸ 'ਚ ਸ਼ਮੂਲੀਅਤ ਕੀਤੀ। ਸੁਹਾਵਣੇ ਮੌਸਮ ਕਾਰਨ ਵੱਡੀ ਗਿਣਤੀ ਸੰਗਤ ਦੀ ਹਾਜ਼ਰੀ ਰਹੀ। ਪਾਰਕ ਵਿਚ ਸ਼ਹਿਰ ਦੇ ਦੋਹਾਂ ਗੁਰੂ ਘਰਾਂ ਵੱਲੋਂ ਸਾਂਝੀ ਪੰਥਕ ਸਟੇਜ ਲਗਾਈ ਹੋਈ ਸੀ ਤੇ ਵੱਖ ਵੱਖ ਸੇਵਾਦਾਰਾਂ ਵੱਲੋਂ ਭਾਂਤ ਭਾਂਤ ਦੇ ਲੰਗਰਾਂ ਦੇ ਪ੍ਰਬੰਧ ਕੀਤੇ ਹੋਏ ਸਨ। ਇਸ ਮੌਕੇ ਪੰਜਾਬ ਦੇ ਵੱਡੇ ਵਿਸਾਖੀ ਮੇਲੇ ਦਾ ਮਾਹੌਲ ਸਿਰਜਿਆ ਗਿਆ। ਸਟੇਜ ਤੋਂ ਵੱਖ ਵੱਖ ਰਾਜਨੀਤਕ ਸ਼ਖ਼ਸੀਅਤਾਂ, ਗੁਰੂ ਘਰਾਂ ਤੇ ਸੰਸਥਾਵਾਂ ਦੇ ਮੁਖੀਆਂ ਅਤੇ ਵਿਦਵਾਨਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

## ਸਿੱਖ ਪੰਜਾਬੀ ਯੂਥ ਕਲੱਬ ਰੋਜਵਿੱਲ ਵਲੋਂ ਕਲਚਰਲ ਪ੍ਰੋਗਰਾਮ 8 ਜੂਨ ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਹਰ ਵਰ੍ਹੇ ਸਿੱਖ ਪੰਜਾਬੀ ਯੂਥ ਕਲੱਬ ਰੋਜਵਿੱਲ ਵਲੋਂ ਕਰਵਾਇਆ ਜਾਂਦਾ ਸਭਿਆਚਾਰਕ ਪ੍ਰੋਗਰਾਮ ਐਤਕਾਂ 8 ਜੂਨ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬੀ ਦੇ ਵੱਖ ਵੱਖ ਕਲਾਕਾਰ, ਜਿਨਾਂ ਚ ਪੰਜਾਬ ਦੀ ਅਵਾਜ ਜਸਪਿੰਦਰ ਰੈਨਾ, ਸਾਬੀ ਪਨੇਸਰ, ਬੇਅੰਤ ਬਾਵਾ, ਕੈਲੀਫੋਰਨੀਆ ਦੇ ਨੌਜੁਆਨ ਗਾਇਕ ਜੀਤਾ ਗਿੱਲ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨਗੇ। ਸਟੇਜ ਨੂੰ ਪੰਜਾਬੀ ਗਾਇਕ ਗੋਗੀ ਸੰਧੂ ਸੰਭਾਲਣਗੇ। ਇਸ ਦੇ ਪ੍ਰਬੰਧਕਾਂ ਸਲਵਿੰਦਰ ਪੱਡਾ, ਰਨਵੀਰ ਸੈਣੀ, ਹਰਦੀਪ ਗਿੱਲ ਤੇ ਚਰਨਕਮਲ ਸਿੰਘ ਨੇ ਦੱਸਿਆ ਕਿ ਪ੍ਰੋਗਰਾਮ 2551 ਵੁਡਕਰੀਕ ਓਕ ਬੁਲੇਵਾਡ ਰੋਜਵਿੱਲ ਵਿਖੇ ਹੋਵੇਗਾ ਤੇ ਇਹ ਨਿਰੋਲ ਸਭਿਆਚਾਰਕ ਪ੍ਰੋਗਰਾਮ ਹੋਵੇਗਾ ਤੇ ਸਕਿਉਰਿਟੀ ਦਾ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਗਿੱਧੇ ਤੇ ਭੰਗੜੇ ਦੀਆਂ ਟੀਮਾਂ ਮੁੱਖ ਆਕਰਸ਼ਣ ਹੋਣਗੀਆਂ।










## ਜਸਪ੍ਰੀਤ ਸਿੰਘ ਅਟਾਰਨੀ ਨੇ ਗੁਰਦਾਸ ਮਾਨ ਨੂੰ ਦਿਵਾਇਆ ਅਮਰੀਕਾ ਦਾ ਪੀ-3 ਵੀਜ਼ਾ

### *17 ਹੋਰ ਵਿਅਕਤੀਆਂ ਨੂੰ ਰਾਜਸੀ ਸ਼ਰਨ ਦਿਵਾਈ*

**ਸੈਕਰਾਮੈਂਟੋ/ਰਾਜ ਗੋਗਨਾ :** ਅਮਰੀਕਾ ਦੇ ਵੱਖ ਵੱਖ ਸ਼ਹਿਰਾਂ 'ਚ ਪਿਛਲੇ 22 ਸਾਲਾਂ ਤੋਂ ਇਮੀਗ੍ਰੇਸ਼ਨ ਸੇਵਾਵਾਂ ਅਤੇ ਅਮਰੀਕਾ 'ਚ ਸ਼ੋਅ ਕਰਨ ਵਾਸਤੇ ਕਲਾਕਾਰਾਂ ਨੂੰ ਵੀਜ਼ਾ ਦੁਆਉਣ ਵਿਚ ਸਫ਼ਲ ਪ੍ਰਸਿੱਧ ਵਕੀਲ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਆਪਣੀਆਂ ਵਕਾਲਤੀ ਪ੍ਰਾਪਤੀਆਂ ਵਿਚ ਹੋਰ ਵਾਧਾ ਕਰਦੇ ਹੋਏ ਵਿਸ਼ਵ ਪ੍ਰਸਿੱਧ ਗਾਇਕ ਤੇ ਅਦਾਕਾਰ ਗੁਰਦਾਸ ਮਾਨ ਨੂੰ ਅਮਰੀਕਾ 'ਚ ਗਾਇਕੀ ਸ਼ੋਅ ਕਰਨ ਵਾਸਤੇ ਪੀ-3 ਵੀਜ਼ਾ ਦੁਆਉਣ ਵਿਚ ਸਫ਼ਲਤਾ ਹਾਸਲ ਕੀਤੀ। ਲੰਮੇ ਸਮੇਂ ਤੋਂ ਅਮਰੀਕਾ ਦੇ ਵਾਸੀ ਗਾਇਕ ਗੁਰਦਾਸ ਮਾਨ ਦੇ ਸ਼ੋਅ ਦੀ ਉਡੀਕ ਕਰ ਰਹੇ ਸਨ। ਗਾਇਕ ਗੁਰਦਾਸ ਮਾਨ ਨੂੰ ਮਿਲੇ ਇਸ ਵੀਜ਼ੇ 'ਤੇ ਜਿੱਥੇ ਪ੍ਰਮੋਟਰਾਂ ਨੇ ਸ. ਜਸਪ੍ਰੀਤ ਸਿੰਘ ਅਟਾਰਨੀ ਦਾ ਧੰਨਵਾਦ ਕੀਤਾ, ਉਥੇ ਗੁਰਦਾਸ ਮਾਨ ਦੇ ਆਉਣ ਦੀ ਪ੍ਰਸ਼ੰਸ਼ਕਾਂ ਵਿੱਚ ਵੀ ਖ਼ੂਬ ਚਰਚਾ ਹੋ ਰਹੀ ਹੈ। ਇਸੇ ਤਰ੍ਹਾਂ ਉਨ੍ਹਾਂ 17 ਵਿਅਕਤੀਆਂ ਨੂੰ ਅਮਰੀਕਾ ਵਿੱਚ ਰਾਜਸੀ ਸ਼ਰਨ ਦੁਆਉਣ ਵਿੱਚ ਵੀ ਵੱਡਾ ਮਾਅਰਕਾ ਮਾਰਿਆ ਜਿਨ੍ਹਾਂ ਵਿੱਚ ਨਿਊਯਾਰਕ ਤੋਂ ਗੁਰਪ੍ਰੀਤ ਸਿੰਘ, ਲਵਕਿਰਨ ਸਿੰਘ, ਕੁਲਵੀਰ ਸਿੰਘ, ਅੰਮ੍ਰਿਤਪਾਲ ਸਿੰਘ, ਮਨਦੀਪ ਸਿੰਘ, ਹਰਭਜਨ ਸਿੰਘ, ਅਸ਼ਵਨੀ ਕੁਮਾਰ, ਮਨਪ੍ਰੀਤ ਸਿੰਘ, ਕੇਵਲ ਸਿੰਘ, ਰਣਜੀਤ ਸਿੰਘ, ਗੁਰਜੀਤ ਸਿੰਘ, ਕੈਲੀਫੋਰਨੀਆਂ ਤੋਂ ਪਰਦੁੱਮਣ ਸਿੰਘ, ਸੁਰਜੀਤ ਸਿੰਘ, ਸ਼ਮਸ਼ੇਰ ਸਿੰਘ, ਸੁਖਵਿੰਦਰ ਰਾਮ, ਜਸਪਾਲ ਸਿੰਘ ਅਤੇ ਸ਼ੇਰ ਸਿੰਘ ਦੇ ਨਾਮ ਸ਼ਾਮਿਲ ਹਨ। ਇਥੇ ਦੱਸਣਯੋਗ ਹੈ ਕਿ ਸ. ਜਸਪ੍ਰੀਤ ਸਿੰਘ ਅਟਾਰਨੀ ਹੁਣ ਤੱਕ ਲਗਭਗ 3000 ਲੋਕਾਂ ਨੂੰ ਰਾਜਸੀ ਸ਼ਰਨ, 700 ਵਿਅਕਤੀਆਂ ਨੂੰ ਸਿਟੀਜ਼ਨਸ਼ਿਪ, ਜਿਨਾਂ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਅਤੇ ਲਗਭਗ ਪੰਜਾਬੀ ਤੇ ਬਾਲੀਵੁੱਡ ਦੇ ਕਈ ਸਟਾਰ ਗਾਇਕਾਂ ਨੂੰ ਅਮਰੀਕਾ 'ਚ ਸ਼ੋਅ ਕਰਨ ਵਾਸਤੇ ਵੀਜ਼ਾ ਦੁਆ ਚੁੱਕੇ ਹਨ। ਉਹ ਬਾਲੀਵੁੱਡ ਵਿੱਚ ਧਰਮਿੰਦਰ, ਸੰਨੀ ਦਿਓਲ, ਬੌਬੀ ਦਿਓਲ, ਸ਼ਾਹਰੁਖ ਖਾਨ, ਰਿਤਿਕ ਰੋਸ਼ਨ ਸਮੇਤ ਪੰਜਾਬੀ ਗਾਇਕ ਹਰਭਜਨ ਮਾਨ, ਅਮਰਿੰਦਰ ਗਿੱਲ, ਬੱਬੂ ਮਾਨ, ਸ਼ੈਰੀ ਮਾਨ, ਐਮੀ ਵਿਰਕ, ਕੁਲਵਿੰਦਰ ਬਿੱਲਾ, ਮਮਤਾ ਜੋਸ਼ੀ, ਗੁਰਸੇਵਕ ਮਾਨ, ਰਾਵਿੰਦਰ ਗਰੇਵਾਲ, ਹਰਜੀਤ ਹਰਮਨ, ਜੋਰਾ ਰੰਧਾਵਾ, ਜਸਵਿੰਦਰ ਬਰਾੜ ਨੂੰ ਵੀ ਪੀ-3 ਵੀਜ਼ਾ ਦੁਆ ਚੁੱਕੇ ਹਨ



## ਰੰਗਾਰੰਗ 'ਆਸੀਸ' ਪ੍ਰੋਗਰਾਮ ਦੌਰਾਨ ਫਰਿਜ਼ਨੋ 'ਚ ਲੱਗੀਆਂ ਰੌਣਕਾਂ





**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਔਰਤਾਂ ਨੇ ਮਿਲਕੇ ਫਰਿਜ਼ਨੋ ਵਿਖੇ ਆਸੀਸ ਨਾਂ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ ਹੋਇਆ ਹੈ। ਇਸ ਪ੍ਰੋਗਰਾਮ ਵਿੱਚ ਮਾਂਵਾਂ-ਧੀਆਂ, ਸੱਸਾਂ-ਨੂੰਹਾਂ, ਪੋਤੀਆਂ-ਦੋਹਤੀਆਂ ਆਦਿਕ ਸਭ ਰਲ ਇਕੱਠੀਆਂ ਹੋਈਆਂ ਅਤੇ ਰਲ ਮਿਲ ਕੇ ਵਿਚਾਰਾਂ ਦੀ ਸਾਂਝ ਪਾਈ। ਇਸ ਸਮੇਂ ਹਾਜ਼ਰ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਮਨੋਰੰਜਨ ਲਈ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆ। ਇਸ ਵਾਰ ਔਰਤਾਂ ਨੇ ਪੁਰਾਣੇ ਸਮੇਂ ਦੀਆਂ ਆਪਣੇ ਹੱਥੀਂ ਕਢਾਈ ਅਤੇ ਮੀਨਾਕਾਰੀ ਕੀਤੀਆਂ ਫੁੱਲਕਾਰੀਆਂ ਅਤੇ ਚਾਦਰਾਂ ਦੀ ਨੁਮਾਇਸ਼ ਵੀ ਕੀਤੀ। ਇਸ ਹੁਨਰ ਨੂੰ ਪ੍ਰਫੁਲਤ ਕਰਦੇ ਹੋਏ ਹੱਥੀਂ ਕਢਾਈ ਅਤੇ ਮੀਨਾਕਾਰੀ ਦੇ ਮੁਕਾਬਲੇ ਵੀ ਕਰਵਾਏ ਗਏ। ਆਪਣੀ ਖ਼ੂਬਸੂਰਤ ਗਾਇਕੀ ਰਾਹੀ ਪਰਮਜੀਤ ਧੰਜਲ 'ਪਿੰਕੀ' ਨੇ ਗੀਤਾਂ ਰਹੀ ਖ਼ੂਬ ਰੰਗ ਬੰਨਿਆ। ਪ੍ਰੋਗਰਾਮ ਵਿਚ ਸ਼ਾਮਲ ਔਰਤਾਂ ਦੁਆਰਾ ਪੰਜਾਬੀ ਵਿਰਸੇ ਨੂੰ ਯਾਦ ਕਰਦੇ ਹੋਏ ਗੀਤ ਅਤੇ ਬੋਲੀਆਂ ਵੀ ਗਾਈਆਂ ਗਈਆਂ। ਇਸ ਸਮੇਂ ਅਜੋਕੇ ਸਮਾਜਿਕ ਹਾਲਾਤ 'ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਕੀਤੀਆਂ ਗਈਆਂ। ਸਜ-ਸੰਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਰਮਨ ਵਿਰਕ, ਜਗਮੀਤ ਰੈਪਸੀ ਅਤੇ ਅਰਵਿੰਦ ਸੇਖੋਂ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਹਾਜ਼ਰ ਸਮੂਹ ਮੈਂਬਰਾਂ ਲਈ ਸਵਾਦਲੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਤਰ੍ਹਾਂ ਔਰਤਾਂ ਦੁਆਰਾ ਰਲ ਕੇ ਕੀਤਾ ਜਾਣ ਵਾਲਾ ਇਹ ਪ੍ਰੋਗਰਾਮ ਆਪਣੇ ਤੀਸਰੇ ਸਾਲ ਵੀ ਯਾਦਗਾਰੀ ਹੋ ਨਿਬੜਿਆ। ਇਸ ਬਾਰੇ ਗੱਲਬਾਤ ਕਰਦਿਆਂ ਪ੍ਰਬੰਧਕ ਬੀਬੀਆਂ ਨੇ ਦੱਸਿਆ ਕਿ ਅੱਜ ਦੇ ਸਮੇਂ ਅੰਦਰ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਪਰਿਵਾਰਾਂ ਦਾ ਆਪਸੀ ਇਕ-ਦੂਜੇ ਨੂੰ ਸਮਾਂ ਦੇਣਾ ਮੁਸ਼ਕਲ ਹੋ ਗਿਆ ਹੈ। ਬਹੁਤੀਆਂ ਔਰਤਾਂ ਬਾਹਰੀ ਕੰਮ-ਕਾਰ ਤੋਂ ਇਲਾਵਾ ਘਰ ਦੇ ਚੁੱਲ੍ਹੇ-ਚੌਂਕੇ (ਰਸੋਈ) ਤਕ ਸੀਮਤ ਹੋ ਗਈਆਂ ਹਨ। ਇਸ ਦਾ ਵਧੇਰੇ ਅਸਰ ਬਜ਼ੁਰਗ ਔਰਤਾਂ ਉੱਪਰ ਪਿਆ ਹੈ। ਬਜ਼ੁਰਗ ਔਰਤਾਂ ਦੀ ਪਰਿਵਾਰਾਂ ਨੂੰ ਬਹੁਤ ਦੇਣ ਹੁੰਦੀ ਹੈ। ਘਰ ਅੰਦਰ ਰਸੋਈ ਦੇ ਕੰਮਕਾਰ ਤੋਂ ਬੱਚੇ ਸੰਭਾਲਣ ਤਕ ਸਾਰਾ ਕੰਮ ਉਹ ਕਰਦੀਆਂ ਹਨ। ਇਸ ਕਰ ਕੇ ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੀ ਵਿਸ਼ੇਸ਼ ਤੌਰ 'ਤੇ ਕਰਵਾਇਆ ਜਾਂਦਾ ਹੈ।

## ਸੜਕ ਹਾਦਸੇ ਵਿਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ, ਤੀਜਾ ਜ਼ਖ਼ਮੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :** ਇੰਡੀਆਨਾ ਵਿਚ ਕਾਰ ਸਵਾਰ ਭਾਰਤੀ ਮੂਲ ਦੇ ਦੋ ਅਮਰੀਕੀ ਨੌਜਵਾਨਾਂ ਦੀ ਉਸ ਵੇਲੇ ਮੌਤ ਹੋ ਗਈ ਜਦੋਂ ਉਨ੍ਹਾਂ ਦੀ ਕਾਰ ਇਕ ਦਰੱਖਤ ਨਾਲ ਟਕਰਾਅ ਗਈ। ਹਾਦਸੇ ਵਿਚ ਇਕ ਹੋਰ ਨੌਜਵਾਨ ਜ਼ਖਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਵਰੁਨਦੀਪ ਸਿੰਘ ਵੜਿੰਗ (19 ਸਾਲ) ਅਤੇ ਦਵਨੀਤ ਸਿੰਘ ਚਾਹਲ (22 ਸਾਲ) ਵਜੋਂ ਹੋਈ ਹੈ। ਇਹ ਦੋਨੋਂ ਇੰਡਿਆਨਾਪੋਲਿਸ ਦੇ ਨੀਮ ਸ਼ਹਿਰ ਫਿਸ਼ਰਜ਼ ਦੇ ਵਸਨੀਕ ਸਨ। ਦੱਸਿਆ ਜਾਂਦਾ ਹੈ ਕਿ ਕਾਰ ਦੀ ਤੇਜ਼ ਰਫ਼ਤਾਰ ਹੋਣ ਕਾਰਨ ਹਾਦਸਾ ਵਾਪਰਿਆ। ਇਸ ਹਾਦਸੇ ਵਿਚ ਜ਼ਖਮੀ ਹੋਏ ਤੀਜੇ ਨੌਜਵਾਨ ਗੁਰਜੋਤ ਸਿੰਘ ਸੰਧੂ (20 ਸਾਲ) ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਕਾਰ ਦਵਨੀਤ ਸਿੰਘ ਚਲਾ ਰਿਹਾ ਸੀ ਤੇ ਉਸ ਨੇ ਬੈਲਟ ਨਹੀਂ ਸੀ ਪਹਿਨੀ ਹੋਈ। ਵਰੁਨਦੀਪ ਦੀ ਭੈਣ ਰੂਪਸੀ ਵੜਿੰਗ (26 ਸਾਲ) ਨੇ ਦੱਸਿਆ ਕਿ ਵਰੁਨਦੀਪ ਤੇ ਦਵਨੀਤ ਦੋਵੇਂ ਬਚਪਨ ਤੋਂ ਹੀ ਦੋਸਤ ਸਨ। ਉਹ ਜਿੱਥੇ ਵੀ ਜਾਂਦੇ ਇਕੱਠੇ ਹੀ ਜਾਂਦੇ ਸਨ। ਹਾਦਸੇ ਵਿਚ ਜ਼ਖਮੀ ਹੋਇਆ ਗੁਰਜੋਤ ਸੰਧੂ ਵੀ ਇਨ੍ਹਾਂ ਦਾ ਪੱਕਾ ਦੋਸਤ ਸੀ। ਨੌਜਵਾਨਾਂ ਦੀ ਅਚਨਚੇਤ ਮੌਤ ਹੋ ਜਾਣ ਕਾਰਨ ਇੰਡਿਆਨਾਪੋਲਿਸ ਦੇ ਪੰਜਾਬੀ ਭਾਈਚਾਰੇ ਵਿਚ ਸੋਗ ਪਾਇਆ ਜਾ ਰਿਹਾ ਹੈ।



## ਗੁਜਰਾਤ 'ਚ ਦਲਿਤ ਦੀ ਬਰਾਤ ਰੋਕਣ ਵਾਲਿਆਂ 'ਤੇ ਕੇਸ ਦਰਜ

**ਅਰਵੱਲੀ/ਏਟੀ ਨਿਊਜ਼ :**
ਇਥੋਂ ਦੇ ਜ਼ਿਲ੍ਹੇ ਦੀ ਮੋਡਾਸਾ ਤਹਿਸੀਲ ਦੇ ਪਿੰਡ ਖੰਬਿਸਾਰ ਵਿੱਚ ਇੱਕ ਦਲਿਤ ਵਿਅਕਤੀ ਦੀ ਬਰਾਤ ਰੋਕਣ ਵਾਲੇ ਪਾਟੀਦਾਰ ਭਾਈਚਾਰੇ ਦੀਆਂ 16 ਔਰਤਾਂ ਸਮੇਤ ਲਗਭਗ 150 ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਯਾਦ ਰਹੇ ਕਿ ਲੰਘੀ 12 ਮਈ ਨੂੰ ਭਗਵੇਂ ਗੁੰਡਿਆਂ ਨੇ ਬਰਾਤ ਉੱਤੇ ਪਥਰਾਅ ਵੀ ਕੀਤਾ ਸੀ, ਜਿਸ ਵਿੱਚ ਪੁਲਿਸ ਮੁਲਾਜ਼ਮਾਂ ਸਮੇਤ ਕਈ ਜਣੇ ਜ਼ਖ਼ਮੀ ਹੋ ਗਏ ਸਨ। ਲਾੜੇ ਦੇ ਪਿਤਾ ਦਿਆਭਾਈ ਰਾਠੌੜ ਨੇ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਕੇਸ ਦਰਜ ਕੀਤਾ ਗਿਆ।


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਵਿਦੇਸ਼ ਜਾਣ ਲਈ ਵਿਆਹ ਦੇ ਨਾਮ ਉਤੇ ਧੋਖਾ

## ਪਤਨੀ ਨੂੰ 25 ਲੱਖ ਖਰਚ ਕਰ ਕੇ ਵਿਦੇਸ਼ 'ਚ ਪੜ੍ਹਾਇਆ ਪਰ ਉਹ ਕਿਸੇ ਹੋਰ ਦੀ ਬਣੀ

- **ਲੜਕੀ 'ਤੇ ਤਲਾਕ ਦਿੱਤੇ ਬਿਨਾ ਹੀ ਦੂਜਾ ਵਿਆਹ ਕਰਨ ਦੇ ਦੋਸ਼**
- **ਲੜਕੀ ਤੇ ਉਸ ਦੇ ਮਾਤਾ-ਪਿਤਾ ਖ਼ਿਲਾਫ਼ ਮਾਮਲਾ ਦਰਜ**



**ਮੋਗਾ/ਏਟੀ ਨਿਊਜ਼ :**
ਸਿੱਖ ਨਸਲਕੁਸ਼ੀ ਪੀੜਤ ਇਨਸਾਫ਼ ਵੈਲਫੇਅਰ ਕਮੇਟੀ ਦੇ ਪੰਜਾਬ ਪ੍ਰਧਾਨ ਰਜਿੰਦਰ ਸਿੰਘ ਸੰਘਾ ਨਿਵਾਸੀ ਡਰੋਲੀ ਭਾਈ ਦੇ ਲੜਕੇ ਨੂੰ ਵਿਆਹ ਕਰਵਾ ਕੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਲੜਕੀ ਵੱਲੋਂ 25 ਲੱਖ 70 ਹਜ਼ਾਰ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਲੜਕੀ ਵੱਲੋਂ ਉਸ ਨੂੰ ਤਲਾਕ ਦਿੱਤੇ ਬਿਨਾ ਹੀ ਦੂਜਾ ਵਿਆਹ ਕਰਨ ਦੇ ਦੋਸ਼ 'ਚ ਪੁਲਿਸ ਨੇ ਐਨਆਰਆਈ ਲੜਕੀ ਤੇ ਉਸ ਦੇ ਮਾਤਾ-ਪਿਤਾ ਖ਼ਿਲਾਫ਼ ਥਾਣਾ ਸਦਰ ਮੋਗਾ 'ਚ ਮਾਮਲਾ ਦਰਜ ਕਰ ਕੇ ਉਸ ਦੇ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ।
ਥਾਣਾ ਸਦਰ ਮੋਗਾ ਦੇ ਸਹਾਇਕ ਥਾਣੇਦਾਰ ਜਗਸੀਰ ਸਿੰਘ ਨੇ ਦੱਸਿਆ ਕਿ ਜਸਪ੍ਰੀਤ ਸਿੰਘ ਪੁੱਤਰ ਰਜਿੰਦਰ ਸਿੰਘ ਸੰਘਾ ਵਾਸੀ ਡਰੋਲੀ ਭਾਈ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਦਿੱਤੇ ਸ਼ਿਕਾਇਤ ਪੱਤਰ 'ਚ ਕਿਹਾ ਕਿ ਉਸ ਨੂੰ ਵਿਆਹ ਕਰਵਾ ਕੇ ਕੈਨੇਡਾ ਭੇਜਣ ਦੀ ਤੈਅ ਹੋਈ ਗੱਲਬਾਤ ਅਨੁਸਾਰ ਉਸ ਦਾ ਵਿਆਹ ਰੁਪਿੰਦਰ ਕੌਰ ਪੁੱਤਰੀ ਬਲਵੀਰ ਸਿੰਘ ਵਾਸੀ ਪਿੰਡ ਬਹੋਨਾ ਨਾਲ 1 ਮਾਰਚ 2011 ਨੂੰ ਸਿੱਖ ਰੀਤੀ ਰਿਵਾਜਾਂ ਅਨੁਸਾਰ ਪਿੰਡ ਬਹੋਨਾ ਵਿਖੇ ਹੋਇਆ ਸੀ ਤੇ ਉਸ ਨੇ ਦਫਤਰ ਸਬ ਰਜਿਸਟਰਾਰ ਮੋਗਾ ਵਿਖੇ ਵਿਆਹ ਦੀ ਰਜਿਸਟਰੇਸ਼ਨ ਵੀ ਕਰਵਾਈ ਸੀ।
ਵਿਆਹ ਤੋਂ ਕਰੀਬ 6 ਮਹੀਨੇ ਬਾਅਦ ਉਸ ਦੀ ਪਤਨੀ ਸਤੰਬਰ 2011 'ਚ ਕੈਨੇਡਾ ਚਲੀ ਗਈ। ਵਿਆਹ ਤੋਂ ਬਾਅਦ ਕਰੀਬ 3 ਸਾਲ ਤਕ ਆਪਣੀ ਪਤਨੀ ਰੁਪਿੰਦਰ ਕੌਰ ਦੇ ਹਰ ਪ੍ਰਕਾਰ ਦੇ ਖ਼ਰਚੇ, ਕਾਲਜ ਫੀਸਾਂ ਆਦਿ 'ਤੇ ਉਸ ਨੇ 25 ਲੱਖ 70 ਹਜ਼ਾਰ ਰੁਪਏ ਖ਼ਰਚ ਕੀਤੇ। ਇਸ ਤੋਂ ਬਾਅਦ ਨਵੰਬਰ 2015 'ਚ ਉਸ ਦੀ ਪਤਨੀ ਰੁਪਿੰਦਰ ਕੌਰ ਕੈਨੇਡਾ ਤੋਂ ਵਾਪਸ ਇੰਡੀਆ ਆਈ ਤੇ ਉਹ ਉਸ ਨੂੰ ਤਲਾਕ ਦਿੱਤੇ ਬਿਨਾ ਹੀ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਮਪੁਰ ਨਿਵਾਸੀ ਨੌਜਵਾਨ ਨਾਲ ਲੁਧਿਆਣਾ ਦੇ ਇਕ ਹੋਟਲ 'ਚ ਮਿਤੀ 29 ਨਵੰਬਰ 2015 ਨੂੰ ਦੂਜਾ ਵਿਆਹ ਕਰਵਾ ਕੇ ਵਾਪਸ ਕੈਨੇਡਾ ਚਲੀ ਗਈ। ਉਸ ਨੇ ਪਿੰਡ ਦੀ ਪੰਚਾਇਤ ਨੂੰ ਨਾਲ ਲੈ ਕੇ ਰੁਪਿੰਦਰ ਕੌਰ ਦੇ ਮਾਤਾ ਪਿਤਾ ਨਾਲ ਗੱਲ ਕੀਤੀ ਅਤੇ ਉਸ ਵੱਲੋਂ ਖ਼ਰਚ ਕੀਤੇ 25 ਲੱਖ 70 ਹਜ਼ਾਰ ਰੁਪਏ ਵਾਪਸ ਦੇਣ ਜਾਂ ਉਸ ਨੂੰ ਕੈਨੇਡਾ ਭੇਜਣ ਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਕੋਈ ਗੱਲ ਨਹੀਂ ਸੁਣੀ ਤੇ ਟਾਲ ਮਟੋਲ ਕਰਦਿਆਂ ਪੈਸੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਉਸ ਨੂੰ ਨਾ ਤਾਂ ਵਿਦੇਸ਼ ਭੇਜਿਆ ਤੇ ਨਾ ਹੀ ਉਸ ਦੀ ਰਕਮ ਵਾਪਸ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਸਾਜ਼ਿਸ਼ ਤਹਿਤ ਉਸ ਨਾਲ ਠੱਗੀ ਮਾਰ ਕੇ ਧੋਖਾਧੜੀ ਕੀਤੀ ਹੈ। ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਇਸ ਮਾਮਲੇ ਦੀ ਜਾਂਚ ਪੜਤਾਲ ਡੀਐੱਸਪੀ ਸਿਟੀ ਮੋਗਾ ਪਾਸੋਂ ਕਰਵਾਉਣ ਉਪਰੰਤ ਐਨਆਰਆਈ ਰੁਪਿੰਦਰ ਕੌਰ, ਗੁਰਬਖਸ਼ ਕੌਰ ਤੇ ਬਲਵੀਰ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਬਲਵੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਟਰੰਪ ਦੀ ਨਵੀਂ ਇਮੀਗ੍ਰੇਸ਼ਨ ਨੀਤੀ ਨਾਲ ਭਾਰਤੀ ਪੇਸ਼ੇਵਰਾਂ ਲਈ ਮੌਕੇ ਵਧਣ ਦੀ ਸੰਭਾਵਨਾ

**ਵਾਸ਼ਿੰਗਟਨ/ਏਟੀ ਨਿਊਜ਼ :**
ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਰਿਟ ਅਧਾਰਤ ਨਵੀਂ ਇਮੀਗ੍ਰੇਸ਼ਨ ਨੀਤੀ ਦਾ ਐਲਾਨ ਕੀਤਾ ਹੈ। ਇਸ ਵਿਚ ਮੌਜੂਦਾ ਗਰੀਨ ਕਾਰਡ ਨੂੰ ਬਦਲ ਕੇ 'ਬਿਲਡ ਅਮਰੀਕਾ' ਵੀਜ਼ਾ ਕਰਨ ਅਤੇ



ਉੱਚ ਸਿੱਖਿਅਤ ਪੇਸ਼ੇਵਰਾਂ ਦਾ ਕੋਟਾ 12 ਤੋਂ ਵਧਾ ਕੇ 57 ਫ਼ੀਸਦੀ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਟਰੰਪ ਦੇ ਇਸ ਕਦਮ ਨਾਲ ਅਮਰੀਕਾ 'ਚ ਨੌਕਰੀ ਦੇ ਚਾਹਵਾਨ ਭਾਰਤੀ ਪੇਸ਼ੇਵਰਾਂ ਲਈ ਮੌਕੇ ਵਧਣ ਦੀ ਸੰਭਾਵਨਾ ਹੈ। ਨਵੀਂ ਨੀਤੀ 'ਚ ਹਾਲਾਂਕਿ ਹਰ ਸਾਲ ਜਾਰੀ ਹੋਣ ਵਾਲੇ ਗਰੀਨ ਕਾਰਡ ਦੀ ਗਿਣਤੀ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ। ਟਰੰਪ ਦੇ ਨਵੇਂ ਕਦਮ ਨਾਲ ਉਨ੍ਹਾਂ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਫ਼ਾਇਦਾ ਹੋਣ ਦੀ ਸੰਭਾਵਨਾ ਹੈ ਜੋ ਲੰਬੇ ਸਮੇਂ ਤੋਂ ਗਰੀਨ ਕਾਰਡ ਦਾ ਇੰਤਜ਼ਾਰ ਤਕ ਕਰ ਰਹੇ ਹਨ। ਅਮਰੀਕਾ 'ਚ ਕਰੀਬ ਛੇ ਲੱਖ ਭਾਰਤੀ ਗਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਹਨ। ਟਰੰਪ ਨੇ ਕਿਹਾ ਕਿ ਭਵਿੱਖ ਵਿਚ ਆਉਣ ਵਾਲੇ ਲੋਕਾਂ ਨੂੰ ਅਮਰੀਕਾ 'ਚ ਦਾਖਲ ਹੋਣ ਤੋਂ ਪਹਿਲਾਂ ਅੰਗਰੇਜ਼ੀ ਅਤੇ ਨਾਗਰਿਕਤਾ ਨਾਲ ਜੁੜੇ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ। ਟਰੰਪ ਨੇ ਕਿਹਾ, ਕਿ ਨਵੀਂ ਨੀਤੀ 'ਚ ਅਮਰੀਕੀ ਪੇਸ਼ੇਵਰਾਂ ਨੂੰ ਪਹਿਲ ਦਿੱਤਾ ਜਾਣਾ ਯਕੀਨੀ ਬਣਾਇਆ ਗਿਆ ਹੈ। ਇਹ ਨੀਤੀ ਅਮਰੀਕੀ ਨਾਗਰਿਕਾਂ ਦੇ ਹਿਤਾਂ ਦੀ ਰੱਖਿਆ ਕਰੇਗੀ ਜਦਕਿ ਮੌਜੂਦਾ ਇਮੀਗ੍ਰੇਸ਼ਨ ਨਿਯਮਾਂ 'ਚ ਵਿਦੇਸ਼ੀ ਮੁਲਾਜ਼ਮਾਂ ਨੂੰ ਅਮਰੀਕੀਆਂ ਦੇ ਬਦਲ ਦੀ ਮਨਜ਼ੂਰੀ ਮਿਲੀ ਹੋਈ ਹੈ।

## ਦਸਤਾਰ ਕਾਰਨ ਰੈਸਤਰਾਂ ਜਾਣ ਤੋਂ ਰੋਕਿਆ ਸਿੱਖ ਨੌਜਵਾਨ ਨੂੰ

**ਨਿਊਯਾਰਕ/ਏਟੀ ਨਿਊਜ਼ :**
ਇਕ ਸਿੱਖ ਨੌਜਵਾਨ ਗੁਰਵਿੰਦਰ ਸਿੰਘ ਗਰੇਵਾਲ (23) ਨੂੰ ਪੋਰਟ ਜੈੱਫਰਸਨ ਸਥਿਤ ਹਾਰਬਰ ਗਿਲ ਦੇ ਰੈਸਤਰਾਂ 'ਚ ਦਸਤਾਰ ਕਰਕੇ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ। ਉਹ ਅੱਧੀ ਰਾਤ ਨੂੰ ਰੈਸਤਰਾਂ 'ਚ ਆਪਣੇ ਦੋਸਤਾਂ ਨੂੰ ਮਿਲਣ ਗਿਆ ਸੀ।



ਸਟੋਨੀ ਬਰੁੱਕ ਯੂਨੀਵਰਸਿਟੀ ਤੋਂ ਗ੍ਰੇਜੂਏਟ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਸ ਨਾਲ ਅਮਰੀਕਾ 'ਚ ਪਹਿਲੀ ਵਾਰ ਇਸ ਤਰ੍ਹਾਂ ਦਾ ਵਿਹਾਰ ਕੀਤਾ ਗਿਆ। 'ਨਿਊਯਾਰਕ ਪੋਸਟ' ਅਨੁਸਾਰ ਮੈਨੇਜਰ ਨੇ ਕਿਹਾ ਕਿ ਰੈਸਤਰਾਂ ਦੇ ਨਿਯਮਾਂ ਮੁਤਾਬਕ ਰਾਤ 10 ਵਜੇ ਪਿੱਛੋਂ ਡਰੈੱਸ ਕੋਡ ਅਨੁਸਾਰ ਅਸੀਂ ਕਿਸੇ ਨੂੰ ਦਸਤਾਰ ਬੰਨ੍ਹ ਕੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦੇ ਸਕਦੇ। ਬਾਅਦ 'ਚ ਆਪਣੇ ਫੇਸਬੁੱਕ ਅਕਾਊਂਟ 'ਤੇ ਰੈਸਤਰਾਂ ਨੇ ਲਿਖਿਆ ਕਿ ਅਸੀਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ ਤੇ ਕਿਸੇ ਇਕ ਧਰਮ ਦੇ ਵਿਰੁੱਧ ਨਹੀਂ। ਰੈਸਤਰਾਂ ਦੀ ਵੀਕਐਂਡ ਨੀਤੀ ਅਨੁਸਾਰ ਹੀ ਅਸੀਂ ਗੁਰਵਿੰਦਰ ਨੂੰ ਅੰਦਰ ਜਾਣ ਤੋਂ ਰੋਕਿਆ। ਗਰੇਵਾਲ ਨੇ ਦੱਸਿਆ ਕਿ ਪੋਰਟ ਜੈੱਫਰਸਨ ਦੇ ਮੇਅਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਰੈਸਤਰਾਂ ਖ਼ਿਲਾਫ਼ ਬਣਦੀ ਕਾਰਵਾਈ ਕਰਨਗੇ।

## ਚਾਰਟਰਡ ਅਕਾਊਂਟੈਂਟ ਬਣਕੇ ਸਿੱਖੀ ਦੀ ਸ਼ਾਨ ਵਧਾਈ ਤੇਗਬੀਰ ਸਿੰਘ ਆਕਲੈਂਡ ਨੇ

**ਆਕਲੈਂਡ/ਏਟੀ ਨਿਊਜ਼ :**
ਤੇਗਬੀਰ ਸਿੰਘ ਨੇ ਯੂਨੀਵਰਸਿਟੀ ਆਫ ਆਕਲੈਂਡ ਦੇ ਡਿਗਰੀ ਵੰਡ ਸਮਾਰੋਹ 'ਚ ਚਾਰਟਰਡ ਅਕਾਊਂਟੈਂਟ ਦੀ ਡਿਗਰੀ ਪ੍ਰਾਪਤ ਕਰਕੇ ਜਿੱਥੇ ਦਸਤਾਰ ਦੀ ਸ਼ਾਨ ਵਧਾਈ ਉਥੇ ਉੱਚ ਸਿੱਖਿਆ ਪ੍ਰਾਪਤ ਲੋਕਾਂ ਦੀ ਸ਼੍ਰੇਣੀ 'ਚ ਵੀ ਆ ਗਿਆ। ਡਿਗਰੀ ਲੈਣ ਵਾਲਿਆਂ 'ਚ ਉਹ ਇਕੋ-ਇਕ ਦਸਤਾਰਧਾਰੀ ਸਿੱਖ ਨੌਜਵਾਨ ਸੀ।



ਨਿਊਜ਼ੀਲੈਂਡ 'ਚ ਜਨਮਿਆ ਤੇਗਬੀਰ ਸਿੰਘ ਬਚਪਨ ਤੋਂ ਹੀ ਕੇਸਾਧਾਰੀ ਹੈ। ਪੜ੍ਹਾਈ ਦੌਰਾਨ ਉਸ ਨੇ ਦਸਤਾਰ ਸਜਾਉਣੀ ਸ਼ੁਰੂ ਕੀਤੀ ਅਤੇ ਉੱਚ ਸਿੱਖਿਆ ਤਕ ਇਹ ਸਿਲਸਿਲਾ ਜਾਰੀ ਹੈ। ਉਸ ਨੇ 2012 ਤੋਂ ਲੈ ਕੇ 2015 ਤਕ ਬੈਚਲਰ ਆਫ ਕਾਮਰਸ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਫਿਰ ਚਾਰਟਰਡ ਅਕਾਊਂਟੈਂਟ ਦੀ 2 ਸਾਲਾ ਪੜ੍ਹਾਈ ਸ਼ੁਰੂ ਕੀਤੀ। ਤਿੰਨ ਸਾਲ ਤੋਂ 'ਫਨਟੇਰਾ' ਕੰਪਨੀ ਵਿਚ ਚੱਲ ਰਹੀ ਨੌਕਰੀ ਦਾ ਤਜਰਬਾ 'ਚਾਰਟਰਡ ਅਕਾਊਂਟੈਂਟ' ਦੀ ਪ੍ਰਾਪਤੀ 'ਚ ਵੱਡਾ ਯੋਗਦਾਨ ਰੱਖਦਾ ਹੈ। ਪੜ੍ਹਾਈ 'ਚ ਪਹਿਲਾਂ ਤੋਂ ਹੁਸ਼ਿਆਰ ਹੋਣ ਕਰਕੇ ਯੂਨੀਵਰਸਿਟੀ ਆਫ ਆਕਲੈਂਡ 'ਚ ਉਸ ਨੂੰ 'ਇਕਨਾਮਿਕਸ, ਅਕਾਊਂਟਿੰਗ ਅਤੇ ਸਟੈਟਿਸਟਿਕਸ' 'ਚ ਆਊਟ ਸਟੈਂਡਿੰਗ ਐਵਾਰਡ ਮਿਲ ਚੁੱਕਾ ਹੈ। ਗੋਲਫ ਖੇਡਣ ਦਾ ਸ਼ੌਕੀਨ ਇਹ ਸਿੱਖ ਨੌਜਵਾਨ ਅੰਡਰ-19 ਲਈ ਆਕਲੈਂਡ ਦੀ ਨੁਮਾਇੰਦਗੀ ਕਰ ਚੁੱਕਾ ਹੈ।

## ਫੌਲਰ ਨਿਵਾਸੀ ਟਰੱਕ ਡਰਾਈਵਰ ਸਤਵੰਤ ਸਿੰਘ ਬੈਂਸ ਦੀ ਲਾਸ਼ ਡੈਲਟਾ ਮੈਨਡੋਟਾ ਕੈਨਾਲ 'ਚੋਂ ਮਿਲੀ

**ਫਰਿਜ਼ਨੋ/ਰਾਜ ਗੋਗਨਾ :** ਫਰਿਜ਼ਨੋ ਦੇ ਸ਼ਹਿਰ ਫੌਲਰ ਤੋਂ ਪਿਛਲੇ ਹਫ਼ਤੇ ਤੋਂ ਗੁੰਮਸ਼ੁਦਾ ਟਰੱਕ ਡਰਾਈਵਰ ਸਤਵੰਤ ਸਿੰਘ ਬੈਂਸ (54 ਸਾਲ) ਦੀ ਮ੍ਰਿਤਕ ਦੇਹ ਡੈਲਟਾ-ਮੈਨਡੋਟਾ ਨਹਿਰ 'ਚੋਂ ਬਰਾਮਦ ਕਰ ਲਈ ਗਈ ਹੈ। ਇਸ ਗੱਲ ਦੀ ਪੁਸ਼ਟੀ ਮਰਸਿੱਡ ਕਾਉਂਟੀ ਸ਼ੈਰਫ ਆਫ਼ਿਸ ਨੇ ਕੀਤੀ ਹੈ। ਇਹ ਨਹਿਰ ਜਿੱਥੇ ਬੈਂਸ ਦਾ ਟਰੱਕ ਲੱਭਿਆ ਸੀ, ਉਸ ਤੋਂ ਕੁਝ ਦੂਰੀ 'ਤੇ ਹੀ ਹੈ।



ਜ਼ਿਕਰਯੋਗ ਹੈ ਕਿ 15 ਮਈ ਨੂੰ ਸਵੇਰੇ 5 ਵਜੇ ਦੇ ਕਰੀਬ ਕੈਲੀਫੋਰਨੀਆ ਹਾਈਵੇਅ ਪੈਟਰੋਲ ਨੂੰ ਫਰੀਵੇਅ-5 ਅਤੇ ਵਿੱਟਵਰਥ ਰੋਡ ਜਿਹੜੀ ਕਿ ਲਾਸ ਬਾਨਸ ਸ਼ਹਿਰ ਦੇ Northwest ਏਰੀਏ ਵਿਚ ਹੈ, ਤੋਂ ਕਾਲ ਆਈ ਸੀ ਕਿ ਇਕ ਟਰੱਕ, ਜੀਹਦੇ ਮਗਰ ਰੀਫਰ ਟ੍ਰੇਲਰ ਪਾਇਆ ਹੋਇਆ ਹੈ, ਇਹ ਫਰੀਵੇਅ ਦੀ ਅੱਧੀ ਕੁ ਨੌਰਥ ਬਾਂਡ ਲੇਨ ਬਲੌਕ ਕਰਕੇ ਖੜ੍ਹਾ ਹੈ ਅਤੇ ਇਸ ਦਾ ਇੰਜਨ ਚੱਲ ਰਿਹਾ ਹੈ। ਜਦੋਂ ਪੁਲਿਸ ਨੇ ਆ ਕੇ ਵੇਖਿਆ ਟਰੱਕ ਸਟਾਰਟ ਸੀ, ਦਰਵਾਜ਼ੇ ਖੁੱਲ੍ਹੇ ਸੀ ਪਰ ਅੰਦਰ ਕੋਈ ਨਹੀਂ ਸੀ। ਡਰਾਈਵਰ ਸਤਵੰਤ ਸਿੰਘ ਬੈਂਸ ਦਾ ਪਰਸ ਤੇ ਫ਼ੋਨ ਵੀ ਟਰੱਕ ਵਿਚ ਹੀ ਪਿਆ ਸੀ। ਪੁਲਿਸ ਮੁਤਾਬਕ ਉਹਨਾਂ ਏਰੀਏ ਦੀ ਸਰਚ ਕੀਤੀ ਲੇਕਿਨ ਬੈਂਸ ਨੂੰ ਲੱਭਣ ਵਿਚ ਨਾਕਾਮਯਾਬ ਰਹੇ। ਇਸ ਉਪਰੰਤ ਟਰੱਕ

ਬਾਕੀ ਸਫ਼ਾ 29 'ਤੇ

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸੈਕਰਾਮੈਂਟੋ ਪੀਸੀਐਸ ਦੇ 30ਵੇਂ ਸੱਭਿਆਚਾਰਕ ਮੇਲੇ ਨੇ ਵਿਲੱਖਣ ਪੈੜਾਂ ਪਾਈਆਂ



**ਸੈਕਰਾਮੈਂਟੋ/ਏਟੀ ਨਿਊਜ਼ :** ਸੈਕਰਾਮੈਂਟੋ ਪੀਸੀਐਸ. ਵਲੋਂ 18 ਮਈ ਦਿਨ ਸ਼ਨੀਵਾਰ ਕਰਵਾਏ ਗਏ 30ਵੇਂ ਸੱਭਿਆਚਾਰਕ ਮੇਲੇ ਵਿਚ ਪਹੁੰਚੇ ਕਲਾਕਾਰਾਂ, ਦਰਸ਼ਕਾਂ ਦੇ ਉਤਸ਼ਾਹ ਨੂੰ ਦੇਖ ਕੇ ਧਨੀਰਾਮ ਚਾਤ੍ਰਿਕ ਦਾ ਕਾਵਿ-ਬੰਦ ਯਾਦ ਆ ਗਿਆ ਕਿ "ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ, ਕੱਛੇ ਮਾਰ ਵੰਝਲੀ ਆਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।" ਪਰਿਵਾਰਕ ਮੇਲੇ ਵਜੋਂ ਜਾਣੇ ਜਾਂਦੇ ਇਸ ਮੇਲੇ ਨੇ ਆਪਣੀ ਰਵਾਇਤੀ ਸ਼ਾਨੋ ਸ਼ੌਕਤ ਨੂੰ ਬਰਕਰਾਰ ਰੱਖਦਿਆਂ ਜਿੱਥੇ ਦਰਸ਼ਕਾਂ ਦੀ ਗਿਣਤੀ ਦਾ ਘੇਰਾ ਵਧਾਇਆ, ਉਥੇ ਨਾਲ ਦੀ ਨਾਲ ਪੰਜਾਬੀ ਸੱਭਿਆਚਾਰ ਵਿਚ ਓਤ-ਪੋਤ ਮਨੋਰੰਜਨ ਵੀ ਪੇਸ਼ ਕੀਤਾ। ਮਿੱਥੇ ਸਮੇਂ ਅਨੁਸਾਰ ਇਸ ਮੇਲੇ ਦੀ ਸ਼ੁਰੂਆਤ ਨੰਨ੍ਹੇ ਮੁੰਨੇ ਬੱਚਿਆਂ ਨੇ ਪੰਜਾਬੀ ਗੀਤ ਤੇ ਢੋਲ ਦੇ ਡੱਗੇ ਨਾਲ ਕੀਤੀ। ਮੇਲੇ ਵਿਚ ਕੁੱਲ 26 ਟੀਮਾਂ ਨੇ ਹਿੱਸਾ ਲਿਆ। ਇਹ ਟੀਮਾਂ ਵਰਿੰਦਰ ਫਰਵਾਲਾ, ਅੰਮ੍ਰਿਤ ਫਰਵਾਲਾ, ਪਰਨੀਤਕ, ਹਰਵੀ, ਰੌਜ਼ੀ ਸੰਧੂ, ਸਿਮਰਨ, ਦਲਜੀਤ, ਅਮਨ, ਅਮ੍ਰਿਤਾ, ਸਬਨੀਤ ਤੇ ਮਨਜੋਤ ਕੌਰ ਤੇ ਪ੍ਰਦੀਪ ਪੂਨੀ ਵਲੋਂ ਤਿਆਰ ਕੀਤੀਆਂ ਹੋਈਆਂ ਸਨ। ਹਰ ਇਕ ਟੀਮ ਦਾ ਇਕੋ ਹੀ ਮਕਸਦ ਆਪਣੇ ਸੱਭਿਆਚਾਰ ਗੀਤਾਂ ਤੇ ਡਾਂਸ ਰਾਹੀਂ ਰੰਗ ਬਿਰੰਗੀਆਂ ਪੌਸ਼ਾਕਾਂ ਵਿਚ ਆਪਣੀ ਆਈਟਮ ਪੇਸ਼ ਕਰਨਾ ਸੀ। ਪੀਸੀਐਸ. ਵਲੋਂ ਪੇਸ਼ ਕੀਤਾ ਗਿਆ ਗਿੱਧਾ ਇਕ ਵੱਖਰੀ ਹੀ ਛਾਪ ਛੱਡ ਗਿਆ। ਹਰਵੀ ਵਲੋਂ ਤਿਆਰ ਕੀਤਾ ਗਿਆ ਗਿੱਧਾ ਵੀ ਸਲਾਹੁਣਯੋਗ ਪੇਸ਼ਕਾਰੀ ਸੀ। ਪ੍ਰਨੀਤ ਦੁਆਰਾ ਤਿਆਰ ਕੀਤਾ ਬੱਚਿਆਂ ਦਾ ਪ੍ਰੋਗਰਾਮ ਇਕ ਵੱਖਰੀ ਛਾਪ ਛੱਡ ਗਿਆ।

ਫਿਰ ਦੌਰ ਸ਼ੁਰੂ ਹੋਇਆ ਗੀਤ ਸੰਗੀਤ ਦਾ, ਜਿਸ ਵਿਚ ਪੂਨਮ ਜੀ ਨੇ ਲੋਕ ਗੀਤ "ਘੜਿਆ ਪਾਰ ਲੰਘਾ ਦੇ ਵੇ ਮਿਨਤਾਂ ਤੇਰੀਆਂ ਕਰਦੀ", ਅਤੇ ਫਿਰ ਹਾਲ ਵਿਚ ਬੈਠੇ ਸਰੋਤਿਆਂ ਦੀ ਫਰਮਾਇਸ਼ 'ਤੇ ਇਕ ਡਿਊਟ ਗੀਤ ਪੇਸ਼ ਕੀਤਾ ਜੋ ਰਛਪਾਲ ਫਰਵਾਲਾ ਤੇ ਪੂਨਮ ਜੀ ਨੇ ਗਾਇਆ। ਉਨ੍ਹਾਂ ਮਲਕੀ-ਕੀਮਾ ਲੋਕ ਗਾਥਾ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ ਜੋ ਕਿ ਇਕ ਵੱਖਰੀ ਕਿਸਮ ਦੀ ਪੇਸ਼ਕਸ਼ ਸੀ ਜੋ ਲੋਕਾਂ ਨੇ ਬਹੁਤ ਹੀ ਪਸੰਦ ਕੀਤੀ।

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਸੁਸਾਇਟੀ ਵਲੋਂ ਦੋ ਬੱਚੀਆਂ ਨੂੰ ਸਨਮਾਨਤ ਕੀਤਾ ਗਿਆ। ਹਰਵੀ ਤੇ ਸਿਮਰਨ ਵੱਲੋਂ ਇਕ ਵਿਆਹ ਦੇ ਮੇਲ ਆਉਣ ਦੀ ਪੇਸ਼ਕਾਰੀ ਵਿਚ ਗਿੱਧਾ ਪਾਉਣ ਦੀ ਪੇਸ਼ਕਸ਼ ਨੇ ਦਰਸ਼ਕਾਂ ਨੂੰ ਵਾਹ ਵਾਹ ਕਰਨ ਲਾ ਦਿੱਤਾ।

ਇਹ ਮੇਲਾ 3 ਵਜੇ ਤੋਂ ਸ਼ੁਰੂ ਹੋ ਕੇ ਰਾਤ 8 ਵਜੇ ਤੱਕ ਲਗਾਤਾਰ ਮਨੋਰੰਜਨ ਕਰਦਾ ਰਿਹਾ। ਜਸਵੰਤ ਸ਼ਾਦ ਜੀ ਨੇ ਸਟੇਜ ਨੂੰ ਬਹੁਤ ਹੀ ਬਾਖੂਬੀ ਢੰਗ ਨਾਲ ਨਿਭਾਇਆ। ਮਨਦੀਪ ਫਰਵਾਲਾ ਨੇ ਵੀ ਸਟੇਜ 'ਤੇ ਉਨ੍ਹਾਂ ਦਾ ਸਾਥ ਦਿੱਤਾ। ਮੇਲਾ ਪ੍ਰਬੰਧਕਾਂ ਵਲੋਂ ਆਖਰ ਵਿਚ ਕਲਾਕਾਰਾਂ ਨੂੰ ਉਤਸ਼ਾਹਤ ਕਰਨ ਲਈ ਇਨਾਮ ਵੰਡੇ ਗਏ। ਮੇਲੇ ਦੀ ਸਫ਼ਲਤਾ ਤੋਂ ਬਾਗੋ ਬਾਗ ਹੋਏ ਰਛਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਸਪਾਂਸਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਦੇ ਸਹਿਯੋਗ ਦੀ ਆਸ ਕੀਤੀ। ਮਿਊਜ਼ਿਕ ਦੀ ਸੇਵਾ ਬੱਗਾ ਤੇ ਸਾਥੀਆਂ ਵਲੋਂ ਕੀਤੀ ਗਈ। ਫੂਡ-ਸਟਾਲਾਂ ਵਾਲਿਆਂ ਦੇ ਸਵਾਦੀ ਖਾਣਿਆਂ ਦੀ ਮਹਿਕ ਦੂਰ ਦੂਰ ਤਕ ਗਈ।

ਪੀਸੀਐਸ ਕਮੇਟੀ ਮੈਂਬਰਾਂ ਤੀਰਥ ਸਹੋਤਾ, ਪ੍ਰੇਮ ਚੁੰਬਰ, ਪਰਮਜੀਤ ਢਿੱਲੋਂ, ਅਜੈਬ ਕਾਹਲੋਂ, ਅਮਰੀਕ ਪਰਹਾਰ, ਦੇਬੀ ਗਿੱਲ, ਸੁਖਰਾਜ ਔਲਖ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਡੋਡ, ਪਵਿੱਤਰ ਨਾਹਲ, ਮਨੋਹਰ ਲਾਲ ਰੱਤੀ, ਵਿਜੇ ਪਰਹਾਰ, ਰਾਜ ਬਰਾੜ, ਭੀਲੀ ਸਿੰਘ, ਜਰਨੈਲ ਮੰਡੇਰ, ਮਾਧੂ ਸਿੰਘ ਚਾਹਲ, ਹਰਨੇਕ ਢਿੱਲੋਂ, ਹਰਜੀਤ ਸਿੰਘ, ਅਕਲੇਸ਼ ਸਿੰਘ, ਬਲਵੰਤ ਕੰਧੋਲਾ, ਜਤਿੰਦਰ ਬੀਸਲਾ, ਬਲਦੇਵ ਗਰੇਵਾਲ, ਗੁਰਮਿੰਦਰ ਗੁਰੀ, ਜੱਸੀ (ਪਾਰਵ ਮਾਰਟ), ਸੁਰਿੰਦਰ ਬਿੰਦਰਾ, ਰਛਪਾਲ ਫਰਵਾਲਾ ਨੇ ਪ੍ਰੋਗਰਾਮ ਸਫ਼ਲ ਕਰਨ ਵਿਚ ਭਰਪੂਰ ਸਹਿਯੋਗ ਪਾਇਆ। ਸੈਕਰਾਮੈਂਟੋ ਪੀਸੀਐਸ ਦਾ ਸੁਨੇਹਾ ਹੈ ਕਿ ਮੇਲੇ ਲਗਦੇ ਰਹਿਣ, ਅਸੀਂ ਹਰ ਸਾਲ, ਇਸੇ ਤਰ੍ਹਾਂ ਮਿਲਦੇ ਰਹੀਏ ਅਤੇ ਆਪਣੇ ਅਮੀਰ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕਰਦੇ ਰਹੀਏ।

# ਸ਼ਾਰਟ ਸਰਕਟ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 10 ਸਰੂਪ ਅਗਨ ਭੇਟ

## *ਐਸੱਜੀਪੀਸੀ ਤੇ ਸਿੱਖ ਜਥੇਬੰਦੀਆਂ ਦੇ ਆਗੂ ਮੌਕੇ 'ਤੇ ਪੁੱਜੇ*

**ਤਰਨਤਾਰਨ/ਏਟੀ ਨਿਊਜ਼ :** ਤਰਨਤਰਾਨ ਦੇ ਪਿੰਡ ਮਾਣੋਚਾਹਲ 'ਚ ਸਥਿਤ ਗੁਰਦੁਆਰਾ ਬਾਬਾ ਰਾਮ ਜੋਗੀ ਪੀਰ 'ਚ ਸੁਖ ਆਸਨ ਵਾਲੇ ਕਮਰੇ ਵਿਚ ਸ਼ਾਰਟ ਸਰਕਟ ਨਾਲ ਲੱਗੀ ਅੱਗ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੇ 10 ਸਰੂਪ ਅਗਨ ਭੇਟ ਹੋ ਗਏ। ਘਟਨਾ ਬਾਅਦ ਦੁਪਹਿਰ ਦੀ ਦੱਸੀ ਜਾ ਰਹੀ ਹੈ। ਪ੍ਰਬੰਧਕਾਂ ਵੱਲੋਂ ਅੱਗ ਲੱਗਣ ਦੇ ਨਿਸ਼ਾਨ ਮਿਟਾ ਦਿੱਤੇ ਗਏ, ਜਿਸ ਕਰਕੇ ਇਸ ਘਟਨਾ ਦਾ ਪਤਾ ਨਹੀਂ ਲੱਗਾ। ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ। ਜਾਣਕਾਰੀ ਅਨੁਸਾਰ ਪ੍ਰਬੰਧਕਾਂ ਨੇ ਇਸ ਘਟਨਾ ਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂਵਾਲਾ, ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ ਤੇ ਮੈਂਬਰ ਭਾਈ ਮਨਜੀਤ ਸਿੰਘ ਨੂੰ ਦਿੰਦਿਆਂ ਇਹ ਦੱਸਿਆ ਕਿ ਇਕ ਪਾਵਨ ਸਰੂਪ ਅਗਨ ਭੇਟ ਹੋਇਆ ਹੈ। ਭਾਈ ਮਨਜੀਤ ਸਿੰਘ ਨੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਐਡੀਸ਼ਨਲ ਮੈਨੇਜਰ ਸਤਨਾਮ ਸਿੰਘ, ਕਾਰਜਕਾਰੀ ਹੈੱਡ ਗ੍ਰੰਥੀ ਸੁਖਵੰਤ ਸਿੰਘ ਤੇ ਹੋਰ ਅਮਲੇ ਨੂੰ ਜਦੋਂ ਮੌਕੇ 'ਤੇ ਭੇਜਿਆ ਤਾਂ ਪਤਾ ਲੱਗਾ ਕਿ ਦਸ ਪਾਵਨ ਸਰੂਪਾਂ ਨੂੰ ਅੱਗ ਲੱਗਣ ਨਾਲ ਨੁਕਸਾਨ ਪੁੱਜਾ ਹੈ। ਪਤਾ ਲੱਗਣ ਤੇ ਦਮਦਮੀ ਟਕਸਾਲ ਅਜਨਾਲਾ ਦੇ ਭਾਈ ਅਮਰੀਕ ਸਿੰਘ ਅਜਨਾਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਭਾਈ ਤਰਲੋਚਨ ਸਿੰਘ ਸੋਹਲ, ਧਰਮ ਪ੍ਰਚਾਰ ਕਮੇਟੀ ਦੇ ਜਸਬੀਰ ਸਿੰਘ ਖਾਲਸਾ, ਚਾਨਣ ਸਿੰਘ ਸਤਿਕਾਰ ਕਮੇਟੀ ਪੰਜਾਬ, ਡੀਐੱਸਪੀ ਸ੍ਰੀ ਗੋਇੰਦਵਾਲ ਸਾਹਿਬ ਹਰਵਿੰਦਰਪਾਲ ਸਿੰਘ, ਥਾਣਾ ਸਦਰ ਤਰਨਤਾਰਨ ਦੇ ਮੁਖੀ ਇੰਸਪੈਕਟਰ ਜਸਪਾਲ ਸਿੰਘ, ਚੌਕੀ ਇੰਚਾਰਜ ਮਾਣੋਚਾਹਲ ਏਐੱਸਆਈ ਗੁਰਵੇਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸੰਗਤ ਵੀ ਗੁਰਦੁਆਰਾ ਸਾਹਿਬ ਪਹੁੰਚ ਗਈ। ਭਾਈ ਤਰਲੋਚਨ ਸਿੰਘ ਨੇ ਦੱਸਿਆ ਕਿ ਪ੍ਰਬੰਧਕਾਂ ਦੀ ਭੂਮਿਕਾ ਸ਼ੱਕੀ ਨਜ਼ਰ ਆ ਰਹੀ ਹੈ ਕਿਉਂਕਿ ਇਨ੍ਹਾਂ ਨੇ ਪਹਿਲਾਂ ਸਬੂਤ ਮਿਟਾਏ ਤੇ ਫਿਰ ਇਕ ਸਰੂਪ ਦੇ ਅਗਨ ਭੇਟ ਹੋਣ ਦੀ ਗੱਲ ਕਹੀ ਜੋ ਇਥੇ ਆ ਕੇ ਝੂਠੀ ਨਿਕਲੀ ਹੈ। ਦੂਜੇ ਪਾਸੇ ਗ੍ਰੰਥੀ ਹਰਦੀਪ ਸਿੰਘ ਦਾ ਕਹਿਣਾ ਹੈ ਕਿ ਸੁਖ ਆਸਨ ਵਾਲੇ ਕਮਰੇ 'ਚ ਲੱਗੀ ਅੱਗ ਨੂੰ ਸੰਗਤਾਂ ਨੇ ਜੱਦੋ-ਜਹਿਦ ਨਾਲ ਬੁਝਾਇਆ। ਉਨ੍ਹਾਂ ਦਾਅਵਾ ਕੀਤਾ ਕਿ ਇਕ ਸਰੂਪ ਨੂੰ ਹੀ ਨੁਕਸਾਨ ਪੁੱਜਾ ਹੈ, ਬਾਕੀ ਸਰੂਪਾਂ ਦੀਆਂ ਜਿਲਦਾਂ ਨੂੰ ਮਾਮੂਲੀ ਸੇਕ ਹੀ ਲੱਗਾ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਏਸੀ 'ਚੋਂ ਨਹੀਂ ਬਲਕਿ ਪਲੰਘਾਂ ਨਾਲ ਲੱਗੇ ਛੋਟੇ ਪੱਖੇ 'ਚੋਂ ਨਿਕਲੀ ਚੰਗਿਆੜੀ ਕਾਰਨ ਲੱਗੀ ਹੈ ਤੇ ਦਸ ਸਰੂਪ ਅੱਗ ਲੱਗਣ ਨਾਲ ਨੁਕਸਾਨੇ ਗਏ ਹਨ, ਜਿਨ੍ਹਾਂ ਦੇ ਹੁਣ ਪ੍ਰਕਾਸ਼ ਨਹੀਂ ਹੋ ਸਕਣਗੇ। ਉਨ੍ਹਾਂ ਦੱਸਿਆ ਕਿ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵਾਚੀ ਜਾ ਰਹੀ ਹੈ। ਮੁੱਢਲੀ ਜਾਂਚ 'ਚ ਪ੍ਰਬੰਧਕਾਂ ਅਤੇ ਗ੍ਰੰਥੀ ਦੀ ਅਣਗਹਿਲੀ ਸਾਹਮਣੇ ਆ ਰਹੀ ਹੈ। ਡੀਐੱਸਪੀ ਹਰਵਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਜਾਰੀ ਹੈ। ਜਾਂਚ ਤੋਂ ਬਾਅਦ ਜੋ ਕਾਰਵਾਈ ਬਣਦੀ ਹੋਵੇਗੀ ਅਮਲ ਵਿਚ ਲਿਆਂਦੀ ਜਾਵੇਗੀ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਓ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਵੋਟਿੰਗ ਮਸ਼ੀਨਾਂ ਦੀ ਢੋਆ-ਢੁਆਈ ਕਾਰਨ ਉਮੀਦਵਾਰਾਂ ਦੇ ਸਾਹ ਸੁੱਕੇ

- **ਚੋਣ ਕਮਿਸ਼ਨ ਨੇ ਕਿਹਾ ਕਿ ਕੁਝ ਵੀ ਗਲਤ ਨਹੀਂ ਹੋਇਆ**
- **ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਈਵੀਐੱਮ ਨੂੰ ਲੈ ਕੇ ਆ ਰਹੀਆਂ ਖਬਰਾਂ ਚਿੰਤਾਜਨਕ**



**ਨਵੀਂ ਦਿੱਲੀ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਠੀਕ ਪਹਿਲਾਂ ਯੂਪੀ, ਬਿਹਾਰ, ਪੰਜਾਬ ਤੇ ਹਰਿਆਣਾ ਵਿਚ ਈਵੀਐੱਮ ਨੂੰ ਇਧਰੋਂ-ਉਧਰ ਲਿਜਾਣ ਦੇ ਵੀਡੀਓ ਸਾਹਮਣੇ ਆਉਣ ਨਾਲ ਕਾਫੀ ਰੌਲਾ ਪਿਆ ਹੈ। ਵਿਰੋਧੀ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਹਾਕਮ ਪਾਰਟੀ ਨਤੀਜੇ ਪ੍ਰਭਾਵਤ ਕਰਨਾ ਚਾਹੁੰਦੀ ਹੈ। ਯੂਪੀ ਦੇ ਚੰਦੌਲੀ ਤੋਂ ਸਾਹਮਣੇ ਆਏ ਵੀਡੀਓ ਵਿਚ ਕੁਝ ਲੋਕ ਈਵੀਐੱਮ ਗੱਡੀ ਵਿਚੋਂ ਲਾਹ ਕੇ ਇਕ ਕਮਰੇ ਵਿਚ ਰੱਖਦੇ ਨਜ਼ਰ ਆ ਰਹੇ ਹਨ। ਇਹ ਕਮਰਾ ਦੇਖਣ ਨੂੰ ਕਾਊਂਟਿੰਗ ਸੈਂਟਰ ਲੱਗ ਰਿਹਾ ਹੈ। ਸਮਾਜਵਾਦੀ ਪਾਰਟੀ ਦੇ ਉਮੀਦਵਾਰ ਨੇ ਚੋਣ ਅਧਿਕਾਰੀਆਂ ਨੂੰ ਪੁੱਛਿਆ ਹੈ ਕਿ ਇਹਨਾਂ ਮਸ਼ੀਨਾਂ ਨੂੰ ਗਿਣਤੀ ਤੋਂ ਪਹਿਲਾਂ ਹੀ ਕਿਉਂ ਲਿਆਂਦਾ ਗਿਆ। ਅਧਿਕਾਰੀਆਂ ਨੇ ਸਫਾਈ ਦਿੱਤੀ ਹੈ ਕਿ ਇਹ 35 ਮਸ਼ੀਨਾਂ ਰਿਜ਼ਰਵ ਵਿਚ ਰੱਖੀਆਂ ਹੋਈਆਂ ਸਨ। ਨਿਯਮਾਂ ਮੁਤਾਬਕ ਅਜਿਹੀਆਂ ਮਸ਼ੀਨਾਂ ਨੂੰ ਵੀ ਦੂਜੀਆਂ ਮਸ਼ੀਨਾਂ ਦੇ ਨਾਲ ਲਿਆਉਣਾ ਹੁੰਦਾ ਹੈ। ਬਿਹਾਰ ਦੇ ਸਾਰਣ ਤੇ ਮਹਾਰਾਜਗੰਜ ਵਿਚ ਵੀ ਮਸ਼ੀਨਾਂ ਦੀ ਢੋਆ-ਢੁਆਈ ਦੀਆਂ ਰਿਪੋਰਟਾਂ ਆਈਆਂ ਹਨ। ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਨੇ ਪੁੱਛਿਆ ਹੈ ਕਿ ਗਿਣਤੀ ਤੋਂ ਪਹਿਲਾਂ ਇਨ੍ਹਾਂ ਮਸ਼ੀਨਾਂ ਨੂੰ ਕੌਣ ਲਿਆ ਰਿਹਾ ਹੈ ਤੇ ਕਿਉਂ ਲਿਆ ਰਿਹਾ ਹੈ। ਯੂਪੀ ਦੇ ਗਾਜੀਪੁਰ ਵਿਚ ਅਜਿਹੀ ਰਿਪੋਰਟ ਮਿਲਣ ਦੇ ਬਾਅਦ ਬਸਪਾ ਉਮੀਦਵਾਰ ਅਫਜ਼ਲ ਅਨਸਾਰੀ ਨੇ ਧਰਨਾ ਲਾਇਆ। ਯੂਪੀ ਦੇ ਡੁਮਰੀਆਗੰਜ ਵਿਚ ਸਪਾ-ਬਸਪਾ ਕਾਰਕੁੰਨਾਂ ਨੇ ਇਕ ਟਰੱਕ ਵੀ ਫੜਿਆ, ਜਿਸ ਵਿਚ ਮਸ਼ੀਨਾਂ ਨੂੰ ਸਟਰਾਂਗ ਰੂਮ ਵਿਚੋਂ ਕੱਢਿਆ ਜਾ ਰਿਹਾ ਸੀ। ਚੋਣ ਕਮਿਸ਼ਨ ਨੇ ਸਾਰੇ ਦੋਸ਼ ਨਕਾਰ ਦਿੱਤੇ ਹਨ।

### ਈਵੀਐੱਮ ਬਾਰੇ ਆ ਰਹੀਆਂ ਖਬਰਾਂ ਚਿੰਤਾਜਨਕ : ਪ੍ਰਣਬ ਮੁਖਰਜੀ

ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਆਪੋਜ਼ੀਸ਼ਨ ਵੱਲੋਂ ਈਵੀਐੱਮ ਵਿਚ ਘਾਲੇਮਾਲੇ ਦੇ ਇਲਜ਼ਾਮਾਂ ਦਰਮਿਆਨ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਈਵੀਐੱਮ ਨੂੰ ਲੈ ਕੇ ਆ ਰਹੀਆਂ ਖਬਰਾਂ ਚਿੰਤਾਜਨਕ ਹਨ। ਈਵੀਐੱਮ ਦੀ ਸੁਰੱਖਿਆ ਕਰਨਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ। ਚੋਣ ਕਮਿਸ਼ਨ ਨੂੰ ਲੋਕਾਂ ਦਾ ਭਰੋਸਾ ਨਹੀਂ ਟੁੱਟਣ ਦੇਣਾ ਚਾਹੀਦਾ।

## ਭਾਰਤੀ ਚੋਣ ਨਤੀਜਿਆਂ ਲਈ ਪਰਵਾਸੀਆਂ 'ਚ ਭਾਰੀ ਉਤਸ਼ਾਹ

**ਆਸਟ੍ਰੇਲੀਆ/ਏਟੀ ਨਿਊਜ਼ :**
ਇਥੇ ਵਸਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਭਾਰਤ ਦੀਆਂ 16ਵੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਬੜੀ ਬੇਸਬਰੀ ਨਾਲ ਉਡੀਕ ਰਹੀ। ਆਪਣੇ ਵਤਨ ਦੀ ਹਰ ਵੇਲੇ ਖੈਰ-ਸੁੱਖ ਮੰਗਣ ਅਤੇ ਦੁੱਖ ਦਰਦ 'ਚ ਸ਼ਰੀਕ ਹੋਣ ਵਾਲੇ ਪਰਵਾਸੀ ਭਾਈਚਾਰੇ ਲਈ ਵੀ 23 ਮਈ ਦਾ ਦਿਨ ਅਹਿਮ ਬਣ ਗਿਆ ਜਦੋਂ ਭਾਰਤ ਦੀ ਤਕਦੀਰ ਦਾ ਫ਼ੈਸਲਾ ਹੋਣਾ ਹੈ। ਸਿਆਸਤ 'ਚ ਦਿਲਚਸਪੀ ਰੱਖਣ ਵਾਲੇ ਪੂਰੇ ਦੇਸ਼ ਅਤੇ ਖ਼ਾਸ ਕਰਕੇ ਪੰਜਾਬ ਦੀਆਂ 13 ਸੀਟਾਂ 'ਤੇ ਜੇਤੂ ਉਮੀਦਵਾਰਾਂ ਬਾਰੇ ਆਪੋ-ਆਪਣੇ ਟੇਵੇ ਲਾਉਂਦੇ ਦੇਖੇ ਗਏ। ਲੋਕਾਂ ਦੀ ਇਸ ਉਤਸੁਕਤਾ ਦਾ ਹੀ ਸਿੱਟਾ ਹੈ ਕਿ ਆਕਲੈਂਡ 'ਚ ਪਹਿਲੀ ਵਾਰ ਪੰਜਾਬ ਵਿਰਾਸਤ ਭਵਨ 'ਚ ਇਸ ਵਾਰ ਪਿੰਡ ਦੀ ਸੱਥ ਵਰਗਾ ਮਾਹੌਲ ਸਿਰਜਣ ਦੀਆਂ ਤਿਆਰੀਆਂ ਕੀਤੀਆਂ ਗਈਆਂ, ਜਿੱਥੇ ਲਾਇਬ੍ਰੇਰੀ ਤੋਂ ਇਲਾਵਾ 70-80 ਵਿਅਕਤੀਆਂ ਦੇ ਬੈਠਣ ਲਈ ਖੁੱਲ੍ਹਾ ਪ੍ਰਬੰਧ ਹੈ। ਇਸ ਬਾਰੇ ਪ੍ਰਬੰਧਕਾਂ ਨੇ ਚੋਣ ਨਦੀਜਿਆਂ ਦਾ ਸੁਆਦਲਾ ਰੰਗ ਮਾਨਣ ਵਾਲਿਆਂ ਲਈ ਚਾਹ-ਪਾਣੀ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ।

## ਗੁਰਦੁਆਰਾ ਬਾਲਾ ਸਾਹਿਬ ਹਸਪਤਾਲ ਦਿੱਲੀ 'ਚ ਕੈਂਸਰ ਦੇ ਗਰੀਬ ਮਰੀਜ਼ਾਂ ਦਾ ਹੋਏਗਾ ਮੁਫਤ ਇਲਾਜ

**ਨਵੀਂ ਦਿੱਲੀ/ਏਟੀ ਨਿਊਜ਼ :** ਦਿੱਲੀ ਦੇ ਗੁਰਦੁਆਰਾ ਬਾਲਾ ਸਾਹਿਬ ਹਸਪਤਾਲ ਵਿਚ ਕੈਂਸਰ ਦੇ ਇਲਾਜ ਲਈ ਹਾਈਟੈਕ ਮਸ਼ੀਨਾਂ ਲਾਈਆਂ ਗਈਆਂ ਹਨ। ਇੱਥੇ ਗ਼ਰੀਬਾਂ ਦਾ ਮੁਫਤ ਵਿਚ ਇਲਾਜ ਕੀਤਾ ਜਾਏਗਾ ਤੇ ਆਮ ਮਰੀਜ਼ਾਂ ਦਾ ਵੀ ਅੱਧੇ ਖ਼ਰਚੇ 'ਤੇ ਇਲਾਜ ਕੀਤਾ ਜਾਏਗਾ। ਇੱਥੋਂ ਤਕ ਕਿ ਲੋੜੀਂਦੀਆਂ ਦਵਾਈਆਂ ਦਾ ਖ਼ਰਚ ਵੀ ਹਸਪਤਾਲ ਵੱਲੋਂ ਹੀ ਕੀਤਾ ਜਾਏਗਾ। ਇਸ ਹਸਪਤਾਲ ਵਿਚ ਕੋਈ ਵੀ ਆਮ ਆਦਮੀ ਕੈਂਸਰ ਦਾ ਇਲਾਜ ਕਰਵਾ ਸਕਦਾ ਹੈ। ਇਲਾਜ ਲਈ ਅੱਧਾ ਖ਼ਰਚਾ ਮਰੀਜ਼ ਨੂੰ ਦੇਣਾ ਪਏਗਾ। ਮੂੰਹ ਤੇ ਛਾਤੀ ਦੇ ਕੈਂਸਰ ਦਾ ਮਸ਼ੀਨਾਂ ਨਾਲ ਆਪਰੇਸ਼ਨ ਕਰਕੇ ਫੌਰੀ ਇਲਾਜ ਕੀਤਾ ਜਾਏਗਾ। ਦੱਸਿਆ ਜਾਂਦਾ ਹੈ ਕਿ ਇਹ ਮਸ਼ੀਨਾਂ ਬੇਹੱਦ ਘੱਟ ਹਸਪਤਾਲਾਂ ਵਿਚ ਮੌਜੂਦ ਹਨ।

## ਬਹਿਬਲ ਕਲਾਂ ਗੋਲੀ ਕਾਂਡ : ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਨੂੰ ਹਾਈ ਕੋਰਟ ਤੋਂ ਰਾਹਤ ਨਾ ਮਿਲੀ

### ਦੂਜੇ ਪੁਲਿਸ ਅਫ਼ਸਰਾਂ ਨੂੰ ਜ਼ਮਾਨਤ ਅਤੇ ਗ੍ਰਿਫ਼ਤਾਰੀ 'ਤੇ ਲੱਗੀ ਰੋਕ



**ਚੰਡੀਗੜ੍ਹ/ਏਟੀ ਨਿਊਜ਼ :** ਬਰਗਾੜੀ ਗੋਲੀਕਾਂਡ ਦੇ ਮੁਲਜ਼ਮ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਦੀ ਜ਼ਮਾਨਤ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਅਦਾਲਤ ਨੇ ਸਾਬਕਾ ਐਸਐਸਪੀ ਸ਼ਰਮਾ ਨੂੰ ਕੋਈ ਰਾਹਤ ਨਹੀਂ ਦਿੱਤੀ ਜਦਕਿ ਦੂਸਰੇ ਪੁਲਿਸ ਅਫ਼ਸਰਾਂ ਨੂੰ ਜ਼ਮਾਨਤ ਦੇ ਦਿੱਤੀ ਅਤੇ ਗ੍ਰਿਫ਼ਤਾਰੀ 'ਤੇ ਵੀ 28 ਮਈ ਤਕ ਰੋਕ ਲਗਾ ਦਿੱਤੀ ਗਈ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਮਾਮਲੇ 'ਚ ਚਲਾਨ ਪੇਸ਼ ਕਰਨ ਲਈ ਕਿਹਾ ਹੈ। ਯਾਦ ਰਹੇ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਐੱਸਆਈਟੀ ਵੱਲੋਂ ਚਰਨਜੀਤ ਸ਼ਰਮਾ ਨੂੰ ਹੁਸ਼ਿਆਰਪੁਰ ਵਿਖੇ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਬਾਬੇ ਬਣਨਾ ਸਭ ਤੋਂ ਲਾਹੇਵੰਦ ਧੰਦਾ

## *ਅਨੇਕਾਂ ਸੂਬਾ ਸਰਕਾਰਾਂ ਬਾਬਾ ਰਾਮਦੇਵ ਨੂੰ ਆਪਣੇ ਸੂਬੇ ਵਿੱਚ ਉਦਯੋਗ ਲਗਾਉਣ ਲਈ ਮੁਫਤ ਦੇ ਭਾਅ ਅਲਾਟ ਕਰ ਰਹੀਆਂ ਹਨ ਕਰੋੜਾਂ-ਅਰਬਾਂ ਦੀਆਂ ਜ਼ਮੀਨਾਂ*

**ਬਲਰਾਜ ਸਿੰਘ ਸਿੱਧੂ**





ਸਾਡੇ ਦੇਸ਼ ਵਿੱਚ ਹਰ ਕੰਮ ਉਲਟਾ ਚੱਲਦਾ ਹੈ। ਜਿਹੜੇ ਵਿਅਕਤੀ ਸਕੂਲਾਂ-ਕਾਲਜਾਂ ਵਿਚ ਸਿਰੇ ਦੇ ਨਲਾਇਕ ਸਨ, ਉਹ ਜ਼ਿੰਦਗੀ ਦੀ ਦੌੜ ਵਿੱਚ ਅੱਗੇ ਲੰਘ ਗਏ ਤੇ ਜੋ ਲਾਇਕ ਸਨ, ਉਹ ਪਿੱਛੇ ਰਹਿ ਗਏ। ਪਲੱਸ ਟੂ ਵਿੱਚ ਫਸਟ ਡਵੀਜ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਪ੍ਰੋਫੈਸ਼ਨਲ ਕੋਰਸਾਂ ਵਿੱਚ ਜਾਂਦੇ ਹਨ ਤੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਵਿਗਿਆਨੀ ਬਣਦੇ ਹਨ। ਸੈਕੰਡ ਡਿਵੀਜ਼ਨ ਲੈਣ ਵਾਲੇ ਬੀ.ਏ. ਵਿੱਚ ਐਡਮੀਸ਼ਨ ਲੈਂਦੇ ਹਨ। ਜ਼ਿਆਦਾਤਰ ਸਰਕਾਰੀ ਅਫਸਰ ਉਹਨਾਂ ਵਿੱਚੋਂ ਹੀ ਬਣਦੇ ਹਨ ਤੇ ਫਸਟ ਡਵੀਜ਼ਨ ਵਾਲੇ ਉਹਨਾਂ ਨੂੰ ਸਲਾਮ ਮਾਰਦੇ ਹਨ। ਤੀਸਰੇ ਦਰਜ਼ੇ ਵਿੱਚ ਪਾਸ ਹੋਣ ਵਾਲੇ ਕਿਤੇ ਵੀ ਐਡਮੀਸ਼ਨ ਨਹੀਂ ਲੈਂਦੇ, ਉਹ ਸਰਕਾਰੀ ਠੇਕੇਦਾਰ ਬਣ ਜਾਂਦੇ ਹਨ ਤੇ ਫਸਟ ਤੇ ਸੈਕੰਡ ਡਵੀਜ਼ਨ ਵਾਲੇ ਕਮਿਸ਼ਨ ਲੈਣ ਖਾਤਰ ਉਹਨਾਂ ਨੂੰ ਘਰ ਬੁਲਾ ਕੇ ਚਾਹ ਪਿਆਉਂਦੇ ਹਨ ਤੇ ਨਾਲੇ ਚਮਚੀ ਮਾਰਦੇ ਹਨ।

ਪਲੱਸ ਟੂ ਵਿੱਚੋਂ ਫੇਲ੍ਹ ਹੋਣ ਵਾਲੇ ਸਭ ਤੋਂ ਵਧੀਆ ਧੰਦੇ, ਰਾਜਨੀਤੀ ਵਿਚ ਆ ਕੇ ਮੰਤਰੀ, ਚੇਅਰਮੈਨ ਬਣ ਜਾਂਦੇ ਹਨ ਤੇ ਉਪਰੋਕਤ ਤਿੰਨਾਂ 'ਤੇ ਕੰਟਰੋਲ ਕਰਦੇ ਹਨ। ਜੋ ਨਲਾਇਕ ਅੱਠਵੀਂ ਜਮਾਤ ਤੋਂ ਬਾਅਦ ਪੜ੍ਹਾਈ ਛੱਡ ਗਏ ਸਨ, ਉਹ ਦਾਊਦ ਇਬਰਾਹੀਮ, ਛੋਟਾ ਸ਼ਕੀਲ, ਮੈਮਨ ਭਰਾ ਅਤੇ ਛੋਟਾ ਰਾਜਨ ਵਰਗੇ ਡਾਨ ਬਣ ਜਾਂਦੇ ਹਨ ਤੇ ਉੱਪਰਲੇ ਚਾਰੇ ਉਹਨਾਂ ਦੇ ਹੁਕਮਾਂ 'ਤੇ ਇਲਾਹੀ ਹੁਕਮ ਸਮਝ ਕੇ ਫੁੱਲ ਚੜ੍ਹਾਉਂਦੇ ਹਨ। ਪਰ ਸਭ ਤੋਂ ਵਧੀਆ ਉਹ ਮਹਾਂ ਮੂਰਖ ਰਹਿੰਦੇ ਹਨ, ਜਿਹਨਾਂ ਨੇ ਕਦੇ ਸਕੂਲ ਕਾਲਜ ਦਾ ਮੂੰਹ ਤੱਕ ਨਹੀਂ ਵੇਖਿਆ ਹੁੰਦਾ। ਉਹ ਸੰਤ, ਬ੍ਰਹਮ ਗਿਆਨੀ, ਮਹਾਂ ਮੰਡਲੇਸ਼ਵਰ, ਪੀਰ, ਫਕੀਰ, ਤਾਂਤਰਿਕ, ਮਾਂਤਰਿਕ, ਜੋਤਸ਼ੀ, ਅਘੋਰੀ ਅਤੇ ਕਾਲੇ ਇਲਮ ਦੇ ਮਾਹਰ ਬਣ ਜਾਂਦੇ ਹਨ। ਬਹੁਗਿਣਤੀ ਡਾਕਟਰ, ਇੰਜੀਨੀਅਰ, ਵਿਗਿਆਨੀ, ਅਫਸਰ, ਠੇਕੇਦਾਰ, ਡਾਨ ਅਤੇ ਮੰਤਰੀ ਤਰਲੇ ਕੱਢ ਕੇ ਉਹਨਾਂ ਨੂੰ ਮਿਲਣ ਲਈ ਸਮਾਂ ਪ੍ਰਾਪਤ ਕਰਦੇ ਹਨ, ਲੰਮੇ ਪੈ ਕੇ ਪੈਰ ਚੱਟਦੇ ਹਨ। ਉਨ੍ਹਾਂ ਨੂੰ ਗੁਰੂ ਧਾਰਨ ਕਰਦੇ ਹਨ ਤੇ ਹਰ ਹੁਕਮ ਦਾ ਇੰਨ ਬਿੰਨ ਪਾਲਣ ਕਰਦੇ ਹਨ। ਪੰਜਾਬ ਅਤੇ ਹਰਿਆਣੇ ਦੇ ਅਨੇਕਾਂ ਬਾਬੇ ਇਸ ਵਰਤਾਰੇ ਦੀ ਪਰਤੱਖ ਮਿਸਾਲ ਹਨ। ਬਾਬੇ ਬਣਨਾ ਸਭ ਤੋਂ ਲਾਹੇਵੰਦਾ ਧੰਦਾ ਹੈ। ਅਸਲ ਵਿੱਚ ਸਰਕਾਰ ਹੀ ਇਸ ਮੁਫਤਖੋਰੀ ਨੂੰ ਉਤਸ਼ਾਹ ਦੇ ਰਹੀ ਹੈ। ਬਾਬਿਆਂ ਦੇ ਡੇਰਿਆਂ, ਧਰਮ ਸਥਾਨਾਂ ਅਤੇ ਸਾਧਾਂ ਦੀ ਆਮਦਨ 100% ਟੈਕਸ ਫਰੀ ਹੈ। ਅਰਬਾਂ ਖਰਬਾਂ ਦੀਆਂ ਜ਼ਮੀਨਾਂ, ਫਾਈਵ ਸਟਾਰ ਡੇਰੇ, ਕਰੋੜਾਂ ਦੀਆਂ ਇੰਪੋਰਟਡ ਗੱਡੀਆਂ ਅਤੇ ਹੋਰ ਲਗਜ਼ਰੀ ਸਮਾਨ 'ਤੇ ਇੱਕ ਪੈਸੇ ਦਾ ਟੈਕਸ ਨਹੀਂ ਲੱਗਦਾ। ਇੱਕ ਵਿਚਾਰੇ ਆਮ ਜਿਹੇ ਕਲਰਕ ਨੂੰ ਵੀ ਟੈਕਸ ਕੱਟਣ ਤੋਂ ਬਾਅਦ ਹੀ ਤਨਖਾਹ ਦਾ ਮੂੰਹ ਵੇਖਣਾ ਨਸੀਬ ਹੁੰਦਾ ਹੈ। ਦੁਕਾਨਦਾਰਾਂ ਅਤੇ ਉਦਯੋਗਪਤੀਆਂ ਨੂੰ ਟੈਕਸ ਬਚਾਉਣ ਦੇ ਫਿਕਰਾਂ ਕਾਰਨ ਦਿਲ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਬਾਬਿਆਂ ਨੂੰ ਇੰਨੀਆਂ ਮੌਜਾਂ ਹਨ ਕਿ ਸੰਗਤ ਹੀ ਫਸਲ ਬੀਜਦੀ ਹੈ, ਸੰਗਤ ਹੀ ਵੱਢਦੀ ਹੈ ਤੇ ਸੰਗਤ ਹੀ ਖਰੀਦ ਲੈਂਦੀ ਹੈ। ਇੱਕ ਬਾਬੇ ਦੇ ਫਾਰਮ ਦੇ ਸੜੇ ਗਲੇ ਫਲ ਤੇ ਸਬਜ਼ੀਆਂ ਪ੍ਰਸ਼ਾਦ ਦੇ ਰੂਪ ਵਿੱਚ ਦੋ-ਦੋ ਹਜ਼ਾਰ ਰੁਪਏ ਕਿੱਲੋ ਵਿਕਦੀਆਂ ਸਨ। ਜਿਹਨਾਂ ਨੇ ਆਪਣੇ ਘਰ ਕਦੇ ਪਾਣੀ ਦਾ ਗਿਲਾਸ ਖੁਦ ਭਰ ਕੇ ਨਹੀਂ ਪੀਤਾ ਹੁੰਦਾ, ਉਹ ਡੇਰਿਆਂ ਦੇ ਲੰਗਰਾਂ ਵਿੱਚ ਪੂਰੀ ਸ਼ਰਧਾ ਨਾਲ ਭਾਂਡੇ ਮਾਂਜਦੇ ਹਨ। ਜਿਹੜੀਆਂ ਨੂੰਹ-ਸੱਸ, ਦਰਾਣੀ-ਜੇਠਾਣੀ ਘਰ ਦਾ ਕੰਮ ਕਰਨ ਤੋਂ ਛਿੱਤਰੋ ਛਿੱਤਰੀ ਹੁੰਦੀਆਂ ਹਨ, ਉਹ ਡੇਰਿਆਂ ਵਿੱਚ ਇੱਕ ਦੂਸਰੀ ਤੋਂ ਅੱਗੇ ਲੱਗ ਲੱਗ ਕੇ ਝਾੜੂ ਫੇਰਦੀਆਂ ਹਨ। ਗਰੀਬ ਰਿਕਸ਼ੇ ਵਾਲੇ ਨਾਲ ਇੱਕ ਰੁਪਏ ਤੋਂ ਝਗੜਾ ਕਰਨ ਵਾਲੇ, ਕਿਰਾਏ ਦੇ ਟਰੱਕਾਂ ਵਿੱਚ ਸੰਗਤ ਲੈ ਕੇ ਜਾਂਦੇ ਹਨ। ਇੱਥੋਂ ਤੱਕ ਕੇ ਪੁੱਤਰਾਂ ਦੇ ਦਾਨੀ ਬਾਬਿਆਂ ਦੀਆਂ ਲੱਤਾਂ ਘੁੱਟਣ ਦੀ ਵਾਰੀ ਤੋਂ ਵੀ ਬੀਬੀਆਂ ਖਹਿਬੜ ਪੈਂਦੀਆਂ ਹਨ। ਇੱਥੇ ਤਾਂ ਅਜਿਹੇ ਅਕਲ ਦੇ ਅੰਨ੍ਹੇ ਹਨ ਜੋ ਰੋਪੜ ਜ਼ਿਲ੍ਹੇ ਦੇ ਇੱਕ ਬੇਹੱਦ ਵਿਵਾਦਤ ਬਾਬੇ ਦੇ ਹਾਥੀ ਦੀ ਲਿੱਦ ਵੀ ਪ੍ਰਸ਼ਾਦ ਸਮਝ ਕੇ ਚੁੱਕ ਲਿਜਾਂਦੇ ਸਨ।

ਕਈ ਬਾਬਿਆਂ ਦੀ ਤਾਂ ਇੰਨੀ ਚੜ੍ਹਾਈ ਰਹੀ ਹੈ ਕਿ ਉਹ ਦੇਸ਼ ਚਲਾਉਣ ਤੱਕ ਦੀ ਤਾਕਤ ਹਾਸਲ ਕਰ ਗਏ ਸਨ। ਧੀਰੇਂਦਰ ਬ੍ਰਹਮਚਾਰੀ, ਚੰਦਰਾਸਵਾਮੀ, ਬਾਬਾ ਰਾਮਦੇਵ ਅਤੇ ਬਾਬੇ ਰਾਮ ਰਹੀਮ ਦੀ ਮਿਸਾਲ ਸਭ ਦੇ ਸਾਹਮਣੇ ਹੈ। ਵੱਡੇ ਵੱਡੇ ਨਾਢੂ ਖਾਨ ਇਹਨਾਂ ਦਾ ਪਾਣੀ ਭਰਦੇ ਸਨ। ਧੀਰੇਂਦਰ ਬ੍ਰਹਮਚਾਰੀ ਅਤੇ ਚੰਦਰਾਸਵਾਮੀ ਤਾਂ ਆਪਣੇ ਸਮੇਂ ਦੇ ਪ੍ਰਧਾਨ ਮੰਤਰੀਆਂ ਦੇ ਗੁਰੂ ਅਤੇ ਮਾਰਗ ਦਰਸ਼ਕ ਸਨ। ਬਾਬਾ ਰਾਮਦੇਵ ਨੂੰ ਅਨੇਕਾਂ ਸੂਬਾ ਸਰਕਾਰਾਂ ਆਪਣੇ ਸੂਬੇ ਵਿੱਚ ਉਦਯੋਗ ਲਗਾਉਣ ਲਈ ਕਰੋੜਾਂ-ਅਰਬਾਂ ਦੀਆਂ ਜ਼ਮੀਨਾਂ ਮੁਫਤ ਦੇ ਭਾਅ ਅਲਾਟ ਕਰ ਰਹੀਆਂ ਹਨ। ਇਹੀ ਸਰਕਾਰਾਂ ਕਿਸੇ ਗਰੀਬ ਦੀ ਝੁੱਗੀ ਢਾਹੁਣ ਲੱਗੀਆਂ ਮਿੰਟ ਨਹੀਂ ਲਗਾਉਂਦੀਆਂ। ਬਾਬਾ ਰਾਮ ਰਹੀਮ ਦਾ ਜਲਵਾ ਤਾਂ ਸਾਰੇ ਜਹਾਨ ਨੇ ਵੇਖਿਆ ਹੈ। ਕਿਸੇ ਸਮੇਂ 8-10 ਸੂਬਿਆਂ ਦੇ ਐੱਮ.ਐੱਲ.ਏ., ਐੱਮ.ਪੀ. ਮੰਤਰੀ, ਮੁੱਖ ਮੰਤਰੀ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਵੀ ਵੋਟਾਂ ਖਾਤਰ ਉਸਦੀਆਂ ਲੇਹਲੜੀਆਂ ਕੱਢਦੇ ਸਨ। ਇਸ ਲਈ ਜੇ ਕਿਸੇ ਦਾ ਬੱਚਾ ਸ਼ਰਾਰਤੀ, ਬਦਮਾਸ਼, ਲੜਾਕਾ, ਪੜ੍ਹਨ ਵਿੱਚ ਨਲਾਇਕ ਜਾਂ ਬਦਤਮੀਜ਼ ਹੈ, ਤਾਂ ਘਬਰਾਉਣ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਹੈ। ਉਸ ਨੂੰ ਕਿਸੇ ਸਾਧ ਦੇ ਚਰਨਾਂ ਵਿੱਚ ਭੇਂਟ ਕਰ ਦਿਉ। ਵੇਖਿਉ ਕੁਝ ਸਾਲਾਂ ਬਾਅਦ ਉਸ ਨੂੰ ਤਾਂ ਸਲਾਮਾਂ ਵੱਜਣਗੀਆਂ ਹੀ, ਸੰਤਾਂ ਦੇ ਮਾਤਾ ਪਿਤਾ ਹੋਣ ਕਾਰਨ ਲੋਕਾਂ ਨੇ ਤੁਹਾਡੇ ਚਰਨਾਂ ਦੀ ਮਿੱਟੀ ਵੀ ਚੁੱਕ ਚੁੱਕ ਕੇ ਮੱਥੇ ਨੂੰ ਲਾਉਣੀ ਹੈ। ਗੱਡੀਆਂ-ਗੰਨਮੈਨ ਤੁਹਾਡੇ ਅੱਗੇ ਪਿੱਛੇ ਘੁੰਮਣਗੇ।

## ਬਰਤਾਨੀਆ 'ਚ ਸਿੱਖਾਂ ਦੇ ਕਿਰਪਾਨ ਰੱਖਣ ਤੇ ਵੇਚਣ 'ਤੇ ਨਹੀਂ ਲੱਗੇਗੀ ਪਾਬੰਦੀ

**ਲੰਡਨ/ਏਟੀ ਨਿਊਜ਼ :** ਬਰਤਾਨੀਆ 'ਚ ਹੁਣ ਸਿੱਖ ਭਾਈਚਾਰੇ ਦੇ ਕਿਰਪਾਨ ਰੱਖਣ ਤੇ ਵੇਚਣ 'ਤੇ ਰੋਕ ਨਹੀਂ ਲੱਗੇਗੀ। ਧਾਰਦਾਰ ਚਾਕੂ ਨਾਲ ਹਮਲੇ ਦੀਆਂ ਵਧਦੀਆਂ ਘਟਨਾਵਾਂ 'ਤੇ ਕੰਟਰੋਲ ਦੇ ਮਕਸਦ ਨਾਲ ਬਰਤਾਨੀਆ 'ਚ ਨਵਾਂ ਹਥਿਆਰ ਕਾਨੂੰਨ ਪਾਸ ਹੋ ਗਿਆ ਹੈ। ਮਹਾਰਾਣੀ ਐਲਿਜ਼ਾਬੈਥ ਦੂਜੀ ਤੋਂ ਸ਼ਾਹੀ ਮਨਜ਼ੂਰੀ ਤੋਂ ਬਾਅਦ ਕਾਨੂੰਨ ਨੂੰ ਸੰਸਦ ਨੇ ਪਾਸ ਕਰ ਦਿੱਤਾ। ਸਿੱਖ ਭਾਈਚਾਰੇ ਦੇ ਕਿਰਪਾਨ ਰੱਖਣ ਦੇ ਅਧਿਕਾਰ ਨੂੰ ਸੁਰੱਖਿਅਤ ਰੱਖਦਿਆਂ ਪਿਛਲੇ ਸਾਲ ਕਾਨੂੰਨ 'ਚ ਸੋਧ ਕੀਤੀ ਗਈ ਸੀ। ਬਰਤਾਨੀਆ ਦੇ ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਕਿਰਪਾਨ ਦੇ ਮੁੱਦੇ 'ਤੇ ਸਿੱਖ ਭਾਈਚਾਰੇ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਕਿ ਸਿੱਖ ਭਾਈਚਾਰੇ ਦੇ ਲੋਕ ਕਿਰਪਾਨ ਰੱਖ ਸਕਣਗੇ ਤੇ ਧਾਰਮਿਕ ਮੰਤਵ ਨਾਲ ਇਸ ਦੇ ਅਦਾਨ-ਪ੍ਰਦਾਨ ਦੀ ਇਜ਼ਾਜਤ ਵੀ ਹੋਵੇਗੀ। ਆਲ ਪਾਰਟੀ ਪਾਰਲੀਮੈਂਟ ਗਰੁੱਪ ਫਾਰ ਬ੍ਰਿਟਿਸ਼ ਸਿੱਖ ਦੀ ਮੁਖੀ ਤੇ ਲੇਬਰ ਪਾਰਟੀ ਦੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਇਸ ਸੋਧ ਨੂੰ ਦੇਖ ਕੇ ਮੈਨੂੰ ਖ਼ੁਸ਼ੀ ਹੈ, ਜਿਸ 'ਚ ਸਿੱਖ ਭਾਈਚਾਰੇ ਵੱਲੋਂ ਕਿਰਪਾਨ ਰੱਖਣ ਜਾਂ ਵੇਚਣ ਨੂੰ ਅਪਰਾਧ ਨਹੀਂ ਠਹਿਰਾਇਆ ਗਿਆ ਹੈ। ਇਸ ਕਾਨੂੰਨ 'ਚ ਕੁਝ ਘਾਤਕ ਹਥਿਆਰਾਂ ਨਾਲ ਸਬੰਧਿਤ ਨਵੇਂ ਅਪਰਾਧਾਂ ਨੂੰ ਸ਼ਾਮਲ ਕੀਤਾ ਗਿਆ ਹੈ। ਕਾਨੂੰਨ 'ਚ ਪੁਲਿਸ ਨੂੰ ਘਾਤਕ ਹਥਿਆਰਾਂ ਨੂੰ ਜ਼ਬਤ ਕਰਨ ਦਾ ਵਾਧੂ ਅਧਿਕਾਰ ਦਿੱਤਾ ਗਿਆ ਹੈ।

## ਦਿੱਲੀ ਵਿਚ ਨਸ਼ਾ ਮਾਫੀਆ ਵਲੋਂ ਥਾਣੇਦਾਰ ਦਾ ਕਤਲ

**ਨਵੀਂ ਦਿੱਲੀ/ਏਟੀ ਨਿਊਜ਼ :** ਇੱਥੋਂ ਦੇ ਵਿਵੇਕ ਵਿਹਾਰ ਦੇ ਸਬ-ਇੰਸਪੈਕਟਰ ਰਾਜਕੁਮਾਰ ਨੂੰ ਸ਼ਰਾਬ ਮਾਫੀਆ ਨੇ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ। ਪੀੜਤ ਦੇ ਪਰਿਵਾਰ ਦਾ ਇਲਜ਼ਾਮ ਹੈ ਕਿ ਰਾਜਕੁਮਾਰ ਨੇ ਆਪਣੇ ਇਲਾਕੇ ਵਿੱਚ ਨਾਜਾਇਜ਼ ਸ਼ਰਾਬ ਵੇਚਣ ਦੀ ਵੀਡੀਓ ਬਣਾ ਰਹੇ ਸਨ। ਇਸੇ ਦੌਰਾਨ ਮਾਫੀਆ ਭੂਰੀ ਨਾਲ ਉਨ੍ਹਾਂ ਦੀ ਤਕਰਾਰ ਹੋ ਗਈ। ਕਤਲ ਦੇ ਇਲਜ਼ਾਮ ਹੇਠ ਭੂਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਛੋਟਾ ਘੱਲੂਘਾਰਾ

**ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

ਛੋਟਾ ਘੱਲੂਘਾਰਾ ਸਿੱਖਾਂ ਅਤੇ ਮੁਗਲਾਂ ਦਰਮਿਆਨ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਬ ਵਿਚ ਵਾਪਰਿਆ, ਖ਼ੂਨੀ ਦੁਖਾਂਤ ਹੈ ਜੋ ਇਤਿਹਾਸ ਵਿਚ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੂਸਰੇ ਘੱਲੂਘਾਰੇ ਸਮੇਂ ਵੱਡਾ ਕਤਲੇਆਮ ਹੋਇਆ ਸੀ। ਇਸ ਲਈ ਉਸ ਨੂੰ ਵੱਖਰਾ ਦਰਸਾਉਣ ਲਈ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਕਾਹਨੂੰਵਾਨ ਛੰਬ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ ਦੂਰ ਸਥਿਤ ਹੈ।

ਛੋਟੇ ਘੱਲੂਘਾਰੇ ਦੇ ਇਤਿਹਾਸ ਵਿਚ ਦਰਜ ਹੈ ਕਿ ਜੁਲਾਈ 1745 ਈ. ਵਿਚ ਜ਼ਕਰੀਆਂ ਖਾਨ ਦੀ ਮੌਤ ਪਿਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਲਖਪਤ ਰਾਏ ਨੂੰ ਆਪਣਾ ਗਵਰਨਰ ਨਿਯੁਕਤ ਕੀਤਾ। ਮਈ 1746 ਦੀ ਸ਼ੁਰੂ ਵਿਚ ਐਮਨਾਬਾਦ ਸੈਦਪੁਰ ਪੱਛਮੀ ਪੰਜਾਬ ਪਾਕਿਸਤਾਨ ਨੇੜੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਲਈ ਸਿੱਖ ਜਥੇ ਦੇ ਆਉਣ ਦੀ ਖ਼ਬਰ ਜਦ ਲਖਪਤ ਰਾਏ ਨੂੰ ਮਿਲੀ, ਉਸ ਨੇ ਸਿੰਘਾਂ ਨੂੰ ਦਰਸ਼ਨ ਤੋਂ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਹੇਠ ਫੌਜ ਲਾਹੌਰ ਭੇਜੀ। ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਗੁਸਾਈਆਂ ਨੇੜੇ ਰੋਕਿਆ ਗਿਆ। ਸਿੰਘ ਪਹਿਲਾਂ ਤੋਂ ਹੀ ਭੁੱਖਣ ਭਾਣੇ ਸਨ, ਸਿਰਫ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਅਤੇ ਅਰਾਮ ਲਈ ਰਾਤ ਕੱਟਣੀ ਚਾਹੁੰਦੇ ਸਨ ਪਰ ਜਸਪਤ ਰਾਏ ਨੇ ਇਕ ਨਾ ਸੁਣੀ। ਇਸ ਝੜਪ ਵਿਚ ਨਿਭਾਹੂ ਸਿੰਘ ਯੋਧੇ ਨੇ ਹਾਥੀ ਤੇ ਬੈਠੇ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਲਖਪਤ ਰਾਏ ਨੂੰ ਜਦੋਂ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ ਤਾਂ ਉਹ ਕ੍ਰੋਧ ਵਿਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਖ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ ਨਿਸ਼ਾਨ ਮਿਟਾ ਦੇਵੇਗਾ। ਉਸ ਨੇ ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਫੌਜ ਮੰਗੀ। ਅਗਲੇ ਹੀ ਦਿਨ ਲਾਹੌਰ ਵਿਚ ਮੱਸਿਆ ਦੇ ਦਿਨ ਉਸ ਨੇ ਬਾਜ਼ਾਰ ਵਿਚ ਜਾਂਦੇ ਹਰ ਸਿੱਖ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ।



ਜਦੋਂ ਇਸ ਦਰਦਨਾਕ ਘਟਨਾ ਦੀ ਦੁਖਦਾਈ ਖ਼ਬਰ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਨੂੰ ਮਿਲੀ ਤਾਂ ਸਾਰੇ ਸਿੱਖ ਜਰਨੈਲਾਂ ਨੂੰ ਸੁਨੇਹੇ ਭੇਜੇ ਕਿ ਫੌਜ ਲੈ ਕੇ ਕਾਹਨੂੰਵਾਨ ਪਹੁੰਚਣ। ਜਰਨੈਲ ਜਦ ਇਕੱਠੇ ਹੋ ਕੇ ਪੁੱਜੇ ਤਾਂ ਫੌਜ ਦੀ ਗਿਣਤੀ 25000 ਦੱਸੀ ਜਾਂਦੀ ਹੈ। ਦੂਜੇ ਪਾਸੇ ਦੀਵਾਨ ਲਖਪਤ ਰਾਏ ਨੇ ਲੱਖਾਂ ਦੀ ਫੌਜ ਲੈ ਕੇ ਸਿੱਖਾਂ ਦਾ ਪਿੱਛਾ ਕਰਦਿਆਂ ਘੇਰਾ ਪਾ ਲਿਆ। ਕਾਹਨੂੰਵਾਨ, ਹਰਗੋਬਿੰਦਪੁਰ, ਗੁਰਦਾਸਪੁਰ, ਬਿਆਸ ਦਰਿਆ ਨਾਲ ਜੁੜੇ ਇਸ ਵਿਸ਼ਾਲ ਛੰਬ ਵਿਚ ਸ਼ਾਹੀ ਫੌਜ ਨੇ ਚੌਕੀਆਂ ਬਣਾ ਲਈਆਂ ਅਤੇ ਤੋਪਾਂ ਵੀ ਬੀੜ ਦਿੱਤੀਆਂ। ਛੰਬ ਨੇੜਲੇ ਲੋਕਾਂ ਨੂੰ ਸਿੱਖਾਂ ਦੀ ਜਾਣਕਾਰੀ ਦਿੰਦੇ ਰਹਿਣ ਲਈ ਕਿਹਾ ਅਤੇ ਪਹਾੜੀ ਰਾਜਿਆਂ ਨਾਲ ਸੰਪਰਕ ਬਣਾ ਕੇ ਸਿੱਖਾਂ ਨੂੰ ਮੁਕਾਉਣਾ ਸ਼ੁਰੂ ਕਰ ਦਿੱਤਾ। ਇਹ ਛੰਬ ਦਾ ਸੰਘਣਾ ਜੰਗਲ ਪਹਿਲਾਂ ਹੀ ਮੁਸੀਬਤਾਂ ਸਮੇਂ ਸਿੰਘਾਂ ਦੀ ਪਨਾਹਗਾਹ ਸੀ। ਸਿੰਘ ਜੰਗਲਾਂ ਵਿਚ ਰਹਿਣ ਕਰਕੇ ਫੌਜੀ ਸਿਖਲਾਈ ਦੇ ਦਾਅ ਪੇਚ ਸਭ ਜਾਣਦੇ ਸਨ। ਸਿੰਘ ਰਾਤ ਨੂੰ ਜੰਗਲ ਤੋਂ ਬਾਹਰ ਨਿਕਲਦੇ ਲਖਪਤ ਰਾਏ ਦੀਆਂ ਫੌਜਾਂ ਦਾ ਕਤਲੇਆਮ ਕਰਕੇ ਰਾਸ਼ਨ ਤੇ ਹਥਿਆਰ ਲੁੱਟ ਕੇ ਟਿਕਾਣਿਆਂ 'ਤੇ ਚਲੇ ਜਾਂਦੇ। ਇਸ ਕੰਡਿਆਲੀਆਂ ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ ਭਾਣੇ ਗੁਰੀਲਾ ਢੰਗ ਨਾਲ ਯੁੱਧ ਦੀ ਰਣਨੀਤੀ ਵਰਤਦੇ ਰਹੇ। ਲਖਪਤ ਰਾਏ ਆਪਣੀ ਹਾਰ ਨੂੰ ਦੇਖ ਕੇ ਘਟੀਆਪਣ ਤੇ ਉਤਰ ਆਇਆ। ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲਾਂ ਦੇ ਰੁੱਖ ਕੱਟਵਾ ਕੇ ਚੁਫੇਰਿਓਂ ਅੱਗ ਲਗਵਾ ਦਿੱਤੀ। 5000 ਦੀ ਫੌਜ ਦੇ ਸਿੰਘਾਂ ਨੂੰ ਮੁਸੀਬਤ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਫਿਰ ਉਨ੍ਹਾਂ ਨੇ ਮੁਗਲ ਸੈਨਾ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਇਕ ਤਾਂ ਅਤਿ ਦੀ ਗਰਮੀ, ਦੂਸਰਾ ਜੰਗਲ ਦੀ ਭਿਆਨਕ ਅੱਗ, ਤੀਜਾ ਉਚਾ ਸਿੱਧਾ ਪਹਾੜ ਤੇ ਵਿਰੋਧੀ ਪਹਾੜੀ ਰਾਜੇ, ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ, ਛੰਬ ਛੱਡ ਕੇ ਜਾਣ ਦਾ ਕੋਈ ਰਸਤਾ ਬਾਕੀ ਨਾ ਰਿਹਾ। ਲਖਪਤ ਰਾਏ ਦੀਆਂ ਫੌਜਾਂ ਤੇਜ਼ੀ ਨਾਲ ਮਾਰੋ ਮਾਰ ਕਰਦੀਆਂ ਵਧ ਰਹੀਆਂ ਸਨ। ਇਸ ਵਿਸ਼ਾਲ ਘੇਰੇ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਕੀ, ਸ. ਗੁਰਦਿਆਲ ਸਿੰਘ ਡੱਲੇਵਾਲ ਅਗਵਾਈ ਕਰ ਰਹੇ ਸਨ।

ਕੁਝ ਸਿੰਘਾਂ ਨੇ ਬਿਖੜਾ ਪੈਂਡਾ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੋਲੀ ਵੱਲ ਮੂੰਹ ਕੀਤਾ। ਅੱਗੇ ਪਹਾੜੀ ਰਾਜਿਆਂ ਨੇ ਗੋਲੀਆਂ ਦੀ ਬੌਛਾੜ ਕਰ ਦਿੱਤੀ। ਸਿੰਘ ਫਿਰ ਵੀ ਚੜ੍ਹਦੀ ਕਲਾ ਵਿਚ ਜੈਕਾਰੇ ਲਾਉਂਦੇ ਦੁਸ਼ਮਣ ਖਿਲਾਫ਼ ਡਟ ਕੇ ਜੂਝ ਪਏ। ਇਹ ਘਮਸਾਣ ਦੀ ਗਹਿਗੱਚ ਲੜਾਈ ਵਿਚ 7000 ਸਿੰਘ ਸ਼ਹੀਦੀ ਪਾ ਗਏ। ਲਖਪਤ ਰਾਏ ਦੇ ਨਾਮ ਜਰਨੈਲ ਇਸ ਯੁੱਧ ਵਿਚ ਮਾਰੇ ਗਏ, 3000 ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਕੁਝ ਸਿੰਘ ਮਾਲਵੇ ਵੱਲ ਤੇ ਕੁਝ ਪਹਾੜਾਂ ਵੱਲ ਨਿਕਲ ਗਏ। ਕਈ ਸਿੰਘ ਜੰਗਲ ਦੀ ਅੱਗ ਤੇ ਦਰਿਆ ਦੀ ਮਾਰ ਹੇਠ ਸ਼ਹੀਦੀਆਂ ਪਾ ਗਏ। ਪਹਿਲਾ ਇਸ ਯੁੱਧ ਨੂੰ ਸਿਰਫ਼ ਘੱਲੂਘਾਰਾ ਹੀ ਕਿਹਾ ਜਾਂਦਾ ਸੀ। ਮੁਗਲਾਂ ਦੇ ਦੋ ਦਹਾਕੇ ਤੱਕ ਚਲਦੇ ਜ਼ੁਲਮ ਦੌਰਾਨ 1762 ਈ. ਵਿਚ ਕੁਪ-ਰੋਹੀੜਾ ਦੇ ਅਸਥਾਨ ਤੇ ਹੋਏ ਸਿੱਖਾਂ ਦੇ ਭਾਰੀ ਕਤਲੇਆਮ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਘੱਲੂਘਾਰੇ ਦਾ ਮਤਲਬ ਹੈ, ਸਭ ਕੁਝ ਬਰਬਾਦ ਹੋ ਜਾਣਾ। ਘੱਲੂਘਾਰੇ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ।

## ਕੈਪਟਨ ਸਰਕਾਰ ਨਕੋਦਰ ਬੇਅਦਬੀ ਕਾਂਡ ਦੀ ਜਾਂਚ ਕਰਵਾਏਗੀ

**ਨਾਭਾ/ਏਟੀ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਨ 1986 ਵਿਚ ਨਕੋਦਰ ਕਾਂਡ ਦੀ ਵਿਸਥਾਰਤ ਜਾਂਚ ਕਰਵਾਉਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਬੇਕਸੂਰ ਲੋਕਾਂ ’ਤੇ ਕਿਸੇ ਵੀ ਢੰਗ ਨਾਲ ਤਸ਼ੱਦਦ ਢਾਹੁਣ ਵਾਲੇ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਨਕੋਦਰ ਵਿੱਚ ਰੋਸ ਮਾਰਚ ਦੌਰਾਨ ਚਾਰ ਸਿੱਖ ਨੌਜਵਾਨਾਂ ਦੀ ਪੁਲੀਸ ਦੁਆਰਾ ਹੱਤਿਆ ਕੀਤੀ ਗਈ ਸੀ।

## ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅੱਗੇ ਧਰਮੀ ਫੌਜੀਆਂ ਵੱਲੋਂ ਧਰਨਾ

**ਅੰਮ੍ਰਿਤਸਰ/ਏਟੀ ਨਿਊਜ਼ :** ਸਾਕਾ ਨੀਲਾ ਤਾਰਾ ਫੌਜੀ ਹਮਲੇ ਦੇ ਰੋਸ ਵਜੋਂ ਉਸ ਵੇਲੇ ਫੌਜ ਵਿਚੋਂ ਬੈਰਕਾਂ ਛੱਡਣ ਵਾਲੇ ਧਰਮੀ ਫੌਜੀਆਂ ਵਿੱਚੋਂ ਕੁਝ ਨੇ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਰੋਸ ਧਰਨਾ ਦਿੱਤਾ ਹੈ। ਰੋਸ ਧਰਨੇ ’ਤੇ ਬੈਠੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਮਾਲੀ ਮਦਦ ਦੇਣ ਦੇ ਵਾਅਦੇ ਤੋਂ ਮੁੱਕਰ ਗਈ ਹੈ। ਧਰਨੇ ’ਤੇ ਬੈਠੇ ਬਲਦੇਵ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਜਨਰਲ ਇਜਲਾਸ ਵਿਚ ਮਤਾ ਪਾਸ ਕੀਤਾ ਸੀ, ਕਿ ਜਿਨ੍ਹਾਂ ਧਰਮੀ ਫੌਜੀਆਂ ਨੇ ਸਜ਼ਾਵਾਂ ਕੱਟੀਆਂ ਹਨ ਜਾਂ ਜਿਹੜੇ ਸ਼ਹੀਦ ਹੋ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਢਾਈ ਲੱਖ ਰੁਪਏ ਦੀ ਮਾਇਕ ਮਦਦ ਦਿੱਤੀ ਜਾਵੇਗੀ। ਇਹ ਮਾਇਕ ਮਦਦ ਹਰ ਸਾਲ 50 ਹਜ਼ਾਰ ਦੇ ਰੂਪ ਵਿਚ 5 ਸਾਲਾਂ ਤੱਕ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਹੋਇਆਂ 2 ਸਾਲ ਬੀਤ ਚੁੱਕੇ ਹਨ ਪਰ ਹੁਣ ਤਕ ਇਸ ਫੈਸਲੇ ਨੂੰ ਅਮਲ ਵਿਚ ਨਹੀਂ ਲਿਆਂਦਾ ਗਿਆ ਹੈ, ਜਿਸ ਕਾਰਨ ਮਜਬੂਰ ਹੋ ਕੇ ਧਰਮੀ ਫੌਜੀਆਂ ਨੂੰ ਅਣਮਿੱਥੇ ਸਮੇਂ ਲਈ ਸ਼ਾਂਤਮਈ ਧਰਨਾ ਲਾਉਣਾ ਪਿਆ ਹੈ।

## ਬਰਗਾੜੀ ਮੋਰਚਾ ਚੁੱਕਣਾ ਮੰਡ ਦੀ ਗ਼ਲਤੀ ਸੀ : ਦਾਦੂਵਾਲ

**ਬਠਿੰਡਾ/ਏਟੀ ਨਿਊਜ਼ :**

ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਬਰਗਾੜੀ ਮੋਰਚਾ ਚੁੱਕਣਾ ਭਾਈ ਮੰਡ ਦੀ ਵੱਡੀ ਗ਼ਲਤੀ ਸੀ ਅਤੇ ਇਸ ਬਾਰੇ ਲੋਕ ਵਿਦੇਸ਼ਾਂ ਵਿਚੋਂ ਉਸ ਨੂੰ ਸਵਾਲ ਕਰਦੇ ਹਨ। ਜੇਕਰ ਬਰਗਾੜੀ ਮੋਰਚਾ ਅੱਜ ਲੱਗਾ ਹੁੰਦਾ ਤਾਂ ਪੰਜਾਬ ਦੀ ਸਥਿਤੀ ਕੁਝ ਹੋਰ ਹੋਣੀ ਸੀ। ਦਾਦੂਵਾਲ ਨੇ ਕਿਹਾ ਕਿ ਬਾਦਲ ਪਰਿਵਾਰ ਦੇ ਰਾਜ ਵਿੱਚ ਬਰਗਾੜੀ ਅਤੇ ਹੋਰ ਬਹੁਤ ਥਾਵਾਂ ’ਤੇ ਗੁਰੂ ਗ੍ਰੰਥ ਸਾਹਿਬ ਸਮੇਤ ਹੋਰ ਧਾਰਮਿਕ ਗ੍ਰੰਥਾਂ ਦੀ ਸ਼ਰਾਰਤੀ ਲੋਕਾਂ ਵੱਲੋਂ ਬੇਅਦਬੀ ਕੀਤੀ ਗਈ ਪਰ ਤਤਕਾਲੀ ਅਕਾਲੀ ਸਰਕਾਰ ਨੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਕਸੂਰਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

## 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪਾਕਿ ਵੱਲੋਂ ਸਿੱਕੇ ਤੇ ਡਾਕ ਟਿਕਟ ਹੋਣਗੇ ਜਾਰੀ

**ਲਾਹੌਰ/ਏਟੀ ਨਿਊਜ਼ ;**

ਪਾਕਿਸਤਾਨ ਦੀ ਸਿੱਖ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਯਾਦਗਾਰੀ ਸਿੱਕੇ ਅਤੇ ਡਾਕ ਟਿਕਟ ਦੇ ਡਿਜ਼ਾਈਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਵਿੱਚ ਦੱਸਿਆ ਕਿ ਸਿੱਕੇ ਦੇ ਇੱਕ ਪਾਸੇ ਬਾਬੇ ਨਾਨਕ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਤਸਵੀਰ ਹੋਵੇਗੀ ਅਤੇ ਦੂਜੇ ਪਾਸੇ ਇਸਲਾਮਕ ਗਣਰਾਜ ਪਾਕਿਸਤਾਨ ਅਤੇ ‘550’ ਅੰਕ ਉਕਰਿਆ ਹੋਵੇਗਾ। ‘ਐਕਸਪ੍ਰੈੱਸ ਟ੍ਰਿਬਿਊਨ’ ਅਨੁਸਾਰ ਡਾਕ ਟਿਕਟ ਜੋ ਅੱਠ ਰੁਪਏ ਦੀ ਹੋਵੇਗੀ, ਆਮ ਵਰਤੋਂਯੋਗ ਹੋਵੇਗੀ। ਇਸ ਦੇ ਉੱਤੇ ਵੀ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਫੋਟੋ ਹੋਵੇਗੀ।

## ਪਾਕਿਸਤਾਨ ਭਾਰਤ ਨਾਲ ਅਤਿਵਾਦ ਦੇ ਮੁੱਦੇ ’ਤੇ ਗੱਲਬਾਤ ਕਰਨ ਲਈ ਤਿਆਰ

**ਇਸਲਾਮਾਬਾਦ/ਏਟੀ ਨਿਊਜ਼ :**

ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ ਹੈ ਕਿ ਪਾਕਿਸਤਾਨ, ਭਾਰਤ ਨਾਲ ਅਤਿਵਾਦ ਦਾ ਮੁੱਦਾ ਵਿਚਾਰਨ ਲਈ ਤਿਆਰ ਹੈ ਪਰ ਭਾਰਤ ਸਹਿਯੋਗ ਕਰਨ ਵਿੱਚ ਹਿਚਕਚਾਹਟ ਦਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਨੀਤੀਆਂ ਅਨੁਸਾਰ ਭਾਰਤ ਦੇ ਨਾਲ ਉਸਾਰੂ ਰੁਝੇਵੇਂ ਚਾਹੁੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਸਮਝੌਤਾ ਐਕਸਪ੍ਰੈਸ ਵਿਚ ਕੀਤੇ ਬੰਬ ਧਮਾਕੇ ਦੇ ਮੁਲਜ਼ਮਾਂ ਨੂੰ ਭਾਰਤ ਵੱਲੋਂ ਬਰੀ ਕੀਤੇ ਜਾਣ ਵਿਰੁੱਧ ਕੇਸ ਅੰਤਰਰਾਸ਼ਟਰੀ ਅਦਾਲਤ ਵਿੱਚ ਲੈ ਕੇ ਜਾਣ ਬਾਰੇ ਵਿਚਾਰ ਕਰ ਰਿਹਾ ਹੈ।

# ਪੰਜਾਬ ’ਚ ਚੋਣਾਂ ਦੌਰਾਨ ਅੱਧੀ ਦਰਜਨ ਤੋਂ ਵੱਧ ਹਿੰਸਕ ਘਟਨਾਵਾਂ, ਇਕ ਮੌਤ

*65.77% ਵੋਟਾਂ ਪਈਆਂ, ਜੋ ਕਿ 2014 ਦੀਆਂ ਲੋਕ ਸਭਾ ਚੋਣਾਂ ਨਾਲੋਂ ਸਨ 5 ਫ਼ੀਸਦੀ ਘੱਟ*

- **ਖਡੂਰ ਸਾਹਿਬ ’ਚ ਇਕ ਕਾਂਗਰਸੀ ਦੀ ਮੌਤ, ਪੁਲੀਸ ਨੇ ਆਪਸੀ ਦੁਸ਼ਮਣੀ ਦੱਸਿਆ**
- **ਹਿੰਸਾ ਦੌਰਾਨ ਸਿਕੰਦਰ ਸਿੰਘ ਮਲੂਕਾ ਦੀ ਗੱਡੀ ਨੁਕਸਾਨੀ ਗਈ**



**ਚੰਡੀਗੜ੍ਹ/ਏਟੀ ਨਿਊਜ਼ :**

ਚੋਣ ਕਮਿਸ਼ਨ ਵਲੋਂ ਚੋਣ ਫ਼ੀਸਦੀ ਵਧਾਉਣ ਦੀਆਂ ਵੱਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਰਾਜ ਵਿਚ ਚੋਣ ਫ਼ੀਸਦੀ 65.77 ਫ਼ੀਸਦੀ ’ਤੇ ਹੀ ਪੁੱਜੀ, ਜੋ ਕਿ 2014 ਦੀਆਂ ਲੋਕ ਸਭਾ ਚੋਣਾਂ ਨਾਲੋਂ 5 ਫ਼ੀਸਦੀ ਘੱਟ ਹਨ। ਵੋਟਾਂ ਦੌਰਾਨ ਸੂਬੇ ਵਿਚ ਅੱਧੀ ਦਰਜਨ ਤੋਂ ਵੱਧ ਹਿੰਸਕ ਘਟਨਾਵਾਂ ਵਾਪਰੀਆਂ। ਖਡੂਰ ਸਾਹਿਬ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ।

ਰਾਜ ਵਿਚ ਸਭ ਤੋਂ ਵੱਧ ਵੋਟਾਂ ਬਠਿੰਡਾ ਵਿਖੇ ਪੈਣ ਦੀ ਰਿਪੋਰਟ ਮਿਲੀ ਹੈ, ਜਿੱਥੇ 73.90 ਫ਼ੀਸਦੀ ਵੋਟਾਂ ਪੈਣ ਦੀ ਰਿਪੋਰਟ ਹੈ, ਜਦੋਂਕਿ ਅੰਮ੍ਰਿਤਸਰ ਵਿਚ ਸਭ ਤੋਂ ਘੱਟ 56.35 ਫ਼ੀਸਦੀ ਵੋਟਾਂ ਪਈਆਂ। ਸੰਗਰੂਰ ਹਲਕੇ ਵਿਚ 71.24%, ਗੁਰਦਾਸਪੁਰ 69.27%, ਖਡੂਰ ਸਾਹਿਬ ਵਿਖੇ 64.17 ਫ਼ੀਸਦੀ, ਫ਼ਿਰੋਜ਼ਪੁਰ 72.57%, ਫ਼ਤਹਿਗੜ੍ਹ ਸਾਹਿਬ ਤੋਂ 65.65% , ਜਲੰਧਰ 62.92 %, ਸ੍ਰੀ ਆਨੰਦਪੁਰ ਸਾਹਿਬ 64.05%, ਲੁਧਿਆਣਾ 62.13%, ਫ਼ਰੀਦਕੋਟ 63.20%, ਹੁਸ਼ਿਆਰਪੁਰ 61.63 % ਤੇ ਪਟਿਆਲਾ ਤੋਂ 67.62% ਵੋਟਾਂ ਪਈਆਂ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐੱਸ. ਕਰੁਣਾ ਰਾਜੂ ਨੇ ਦੱਸਿਆ ਕਿ ਕੁਝ ਘਟਨਾਵਾਂ ਤੋਂ ਇਲਾਵਾ ਰਾਜ



ਵਿਚ ਮੁੱਖ ਤੌਰ ’ਤੇ ਚੋਣ ਪ੍ਰਕਿਰਿਆ ਸ਼ਾਂਤੀਪੂਰਨ ਢੰਗ ਨਾਲ ਪੂਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਖਡੂਰ ਸਾਹਿਬ ਦੇ ਪਿੰਡ ਸਰਲੀ ਕਲਾਂ ਪੁਲਿਸ ਸਟੇਸ਼ਨ ਵੈਰੋਵਾਲ ਵਿਚ ਇਕ ਕਾਂਗਰਸੀ ਵਰਕਰ ਬੰਟੀ ਪੁੱਤਰ ਚਰਨਜੀਤ ਸਿੰਘ ਦੇ ਗੋਰਾ ਦਾ ਸੋਨੀ ਪੁੱਤਰ ਰਣਧੀਰ ਸਿੰਘ ਵਲੋਂ ਕਤਲ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ ਪਰ ਪੁਲਿਸ ਵਲੋਂ ਇਸ ਨੂੰ ਪੁਰਾਣੀ ਰੰਜਿਸ਼ ਕਾਰਨ ਵਾਪਰੀ ਘਟਨਾ ਕਰਾਰ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਵਿਧਾਨ ਸਭਾ ਖ਼ੇਤਰ ਅਧੀਨ ਆਉਂਦੇ ਪਿੰਡ ਲੜੋਈ ਵਿਖੇ ਅਕਾਲੀ ਦਲ ਤੇ ਕਾਂਗਰਸ ਦੇ ਹਮਾਇਤੀਆਂ ਵਿਚਾਲੇ ਆਪਸੀ ਝਗੜਾ ਹੋਇਆ ਜਿਸ ’ਤੇ ਪੁਲਿਸ ਨੇ ਕਾਬੂ ਪਾ ਲਿਆ। ਬਠਿੰਡਾ ਦੇ ਤਲਵੰਡੀ ਸਾਬੋ ਹਲਕੇ ਵਿਚ ਖ਼ੁਸ਼ਬਾਜ ਸਿੰਘ ਜਟਾਣਾ ਵਲੋਂ ਕਿਸੇ ਦੇਸੀ ਹਥਿਆਰ ਨਾਲ ਫਾਇਰਿੰਗ ਕੀਤੀ ਗਈ ਜਿਸ ਕਾਰਨ 2 ਵਿਅਕਤੀ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਘਟਨਾ ਸਬੰਧੀ 12 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਕੇਸ ਵਿਚ 15 ਅਣਪਛਾਤੇ ਵਿਅਕਤੀਆਂ ਵਿਰੁੱਧ ਵੀ ਮਾਮਲਾ ਦਰਜ ਕੀਤਾ ਗਿਆ ਹੈ। ਫ਼ਿਰੋਜ਼ਪੁਰ ਦੇ ਹੱਕਾਂਵਾਲਾ ਪਿੰਡ ਵਿਖੇ 2 ਧੜਿਆਂ ਦਰਮਿਆਨ ਲੜਾਈ ਝਗੜੇ ਦੀ ਘਟਨਾ ਵਾਪਰੀ ਜਿਸ ਵਿਚ 1 ਵਿਅਕਤੀ ਜ਼ਖ਼ਮੀ ਹੋਇਆ ਜਦੋਂਕਿ 2 ਵਾਹਨਾਂ ਨੂੰ ਨੁਕਸਾਨ ਪੁੱਜਾ, ਪੁਲਿਸ ਵਲੋਂ ਇਸ ਘਟਨਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਕਾਂਗੜ ਵਿਖੇ ਪੋਲਿੰਗ ਬੂਥ ’ਤੇ ਅਕਾਲੀ-ਕਾਂਗਰਸੀ ਵਰਕਰਾਂ ਵਿਚਾਲੇ ਲੜਾਈ ਹੋ ਗਈ। ਇਸ ਦੌਰਾਨ ਇੱਟਾਂ ਰੋੜੇ ਵੀ ਚੱਲੇ ਜਿਸ ਵਿਚ ਇਕ ਆਦਮੀ ਜ਼ਖ਼ਮੀ ਵੀ ਹੋਇਆ। ਇਸ ਦੌਰਾਨ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਗੱਡੀ ਵੀ ਨੁਕਸਾਨੀ ਗਈ। ਸਮਰਾਲਾ ਅਧੀਨ ਪੈਂਦੇ ਪਿੰਡ ਕਲਾਲਮਾਜਰਾ ਦੇ ਪੋਲਿੰਗ ਬੂਥ ’ਤੇ ਪੀ.ਡੀ.ਏ. ਸਮਰਥਕ ਬਲਜੀਤ ਸਿੰਘ ਅਤੇ ਕਾਂਗਰਸੀਆਂ ਵਿਚਕਾਰ ਝੜਪ ਹੋ ਗਈ। ਇਸ ਦੌਰਾਨ ਦੋਵਾਂ ਧਿਰਾਂ ਦੇ 4 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਖੰਨਾ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਸੰਗਰੂਰ ਦੇ ਪਿੰਡ ਈਲਵਾਲ ਵਿਚ ਝੜਪਾਂ ਦੀਆਂ ਖ਼ਬਰਾਂ ਹਨ। ਇਸ ਵਿਚ ਕੁਝ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ।

## ‘ਆਪ’ ਤੇ ਵਿਰੋਧੀਆਂ ਨੇ ਘੇਰਿਆ ਚੋਣ ਕਮਿਸ਼ਨ

**ਚੰਡੀਗੜ੍ਹ :** ਲੋਕ ਸਭਾ ਚੋਣਾਂ ਦਾ ਕੰਮ ਮੁਕੰਮਲ ਹੋਣ ਮਗਰੋਂ ਚੋਣ ਕਮਿਸ਼ਨ ਸਵਾਲਾਂ ਦੇ ਘੇਰੇ ਵਿੱਚ ਆ ਗਿਆ ਹੈ। 2019 ਦੀਆਂ ਲੋਕ ਸਭਾ ਚੋਣਾਂ ਪੂਰੀਆਂ ਹੋਣ ਮਗਰੋਂ ਐਗਜ਼ਿਟ ਪੋਲ ਵਿੱਚ ਨਕਾਰਾਤਮਕ ਪ੍ਰਦਰਸ਼ਨ ਕਰਦੀ ਦਿਖਾਈ ਦੇ ਰਹੀ ਆਮ ਆਦਮੀ ਪਾਰਟੀ ਨੇ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਭਾਰਤੀ ਚੋਣ ਕਮਿਸ਼ਨ ਸਮੇਤ ਦੇਸ਼ ਦੀਆਂ ਦੂਸਰੀਆਂ ਸੰਵਿਧਾਨਿਕ ਸੰਸਥਾਵਾਂ ਵਿਚ ਵਧਦੀ ਸਿਆਸੀ ਦਖ਼ਲਅੰਦਾਜ਼ੀ ਅਤੇ ਡਿੱਗਦੇ ਜਾ ਰਹੇ ਮਿਆਰ ’ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਹਰਪਾਲ ਸਿੰਘ ਚੀਮਾ ਨੇ ਭਾਰਤੀ ਮੁੱਖ ਚੋਣ ਕਮਿਸ਼ਨਰ ’ਤੇ ਦੋਸ਼ ਲਗਾਇਆ ਕਿ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣ ਦੀਆਂ ਸ਼ਿਕਾਇਤਾਂ ਵਿਚ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨੂੰ ਕਲੀਨ ਚਿੱਟ ਦਿੱਤੀ ਗਈ ਹੈ, ਉਸ ਨਾਲ ਇਸ ਸੰਵਿਧਾਨਕ ਸੰਸਥਾ ਦੇ ਅਕਸ ਨੂੰ ਵੱਡੀ ਸੱਟ ਵੱਜੀ ਹੈ, ਕਿਉਂਕਿ ਇਸ ਸੰਸਥਾ ’ਤੇ ਦੇਸ਼ ਅੰਦਰ ਪਾਰਦਰਸ਼ੀ ਚੋਣਾਂ ਕਰਾਉਣ ਦੀ ਜ਼ਿੰਮੇਵਾਰੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਮੋਦੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦੇ ਬਾਵਜੂਦ ਕਲੀਨ ਚਿੱਟ ਦਿੱਤੀ ਜਾ ਰਹੀ ਹੈ ਪਰ ਅਜਿਹੇ ਹੀ ਮਾਮਲਿਆਂ ਵਿੱਚ ਵਿਰੋਧੀਆਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਚੋਣ ਕਮਿਸ਼ਨ ਵਿਰੁੱਧ ਫਰੰਟ ਖੋਲ੍ਹਦਿਆਂ ਕਾਂਗਰਸ ਪ੍ਰਧਾਨ ਰਾਹੁਲ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਮੋਦੀ ਦੀ ਕੇਦਾਰਨਾਥ ਯਾਤਰਾ ਸਣੇ ਕਈ ਗੰਭੀਰ ਗਲਤੀਆਂ ਕੀਤੀਆਂ ਹਨ, ਜਿਨ੍ਹਾਂ ਕਰਕੇ ਇਸ ਵੱਕਾਰੀ ਸੰਸਥਾ ਨੇ ਆਪਣਾ ਆਧਾਰ ਗਵਾ ਲਿਆ ਹੈ। ਉਨ੍ਹਾਂ ਕਿਹਾ ਕਿ ਚੋਣ ਬਾਂਡ ਤੋਂ ਲੈ ਕੇ ਈਵੀਐਮਜ਼ ਦੇ ਨਾਲ ਛੇੜਛਾੜ, ਚੋਣ ਸ਼ਡਿਊਲ, ਨਮੋ ਟੀਵੀ, ਮੋਦੀ ਦੀ ਫੌਜ ਤੇ ਹੁਣ ਕੇਦਾਰਨਾਥ ਵਿਚ ਡਰਾਮਾ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਚੋਣ ਕਮਿਸ਼ਨ ਨੇ ਮੋਦੀ ਤੇ ਉਸ ਦੇ ਸਹਿਯੋਗੀਆਂ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ।

**ਵੋਟ ਪਾਉਣ ਦੀ ਵੀਡੀਓ ਸ਼ੋਸ਼ਲ ਮੀਡੀਆ ’ਤੇ ਪਾਉਣ ਦੇ ਮਾਮਲੇ ਵਿਚ ਇਕ ਗ੍ਰਿਫ਼ਤਾਰ-**

ਮੁੱਖ ਅਧਿਕਾਰੀ ਨੇ ਦੱਸਿਆ ਕਿ ਫੇਸਬੁੱਕ ’ਤੇ ਵੋਟ ਪਾਉਣ ਦੀ ਕਾਰਵਾਈ ਅਪਲੋਡ ਕਰਨ ਦੇ ਮਾਮਲੇ ਵਿਚ 3 ਮਾਮਲੇ ਦਰਜ ਕੀਤੇ ਗਏ ਹਨ ਜੋ ਕਿ ਗੁਰਦਾਸਪੁਰ, ਰੂਪਨਗਰ ਤੇ ਲੁਧਿਆਣਾ ਤੋਂ ਹਨ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਵਿਚ ਡੇਰਾਬਸੀ, ਮੁਬਾਰਕਪੁਰ ਰੋਡ ’ਤੇ ਮੋਹਨ ਫਾਈਬਰ ਕੰਪਨੀ ਨੂੰ ਸੀਲ ਕਰ ਦਿੱਤਾ ਗਿਆ ਕਿਉਂਕਿ ਉਕਤ ਕੰਪਨੀ ਵਲੋਂ ਆਪਣੇ ਵਰਕਰਾਂ ਨੂੰ ਵੋਟ ਪਾਉਣ ਲਈ ਛੁੱਟੀ ਦੇਣ ਸਬੰਧੀ ਚੋਣ ਕਮਿਸ਼ਨ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮੁਹਾਲੀ ਵਿਖੇ ਵੀ ਇਕ ਤਸਵੀਰ ਅਪਲੋਡ ਕਰਨ ਸਬੰਧੀ ਕੇਸ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

**ਸੁਖਬੀਰ ਦੀ ਬੇਟੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦਾ ਨੋਟਿਸ ਜਾਰੀ-**

ਡਾ. ਰਾਜੂ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਛੋਟੀ ਬੇਟੀ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਦੇ ਵਿਰੁੱਧ ‘ਮੈਨੂੰ ਅਕਾਲੀ ਹੋਣ ਦਾ ਮਾਣ ਹੈ’ ਦਾ ਬਿੱਲਾ ਲਗਾ ਕੇ ਵੋਟ ਪਾਉਣ ਆਉਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ।

**ਮਸ਼ੀਨਾਂ ਖ਼ਰਾਬ ਹੋਣ ਕਾਰਨ ਬਦਲਣੀਆਂ ਪਈਆਂ-**

ਡਾ. ਰਾਜੂ ਨੇ ਦੱਸਿਆ ਕਿ ਸੂਬੇ ਵਿਚ ਲੱਗੀਆਂ ਕੁੱਲ ਮਸ਼ੀਨਾਂ ਵਿਚੋਂ ਵੋਟਿੰਗ ਤੋਂ ਪਹਿਲਾਂ ਖ਼ਰਾਬੀ ਕਾਰਨ 290 ਬੈਲਟ ਯੂਨਿਟ, 219 ਕੰਟਰੋਲ ਯੂਨਿਟ ਤੇ 508 ਵੀ.ਵੀ. ਪੈਟ ਮਸ਼ੀਨਾਂ ਬਦਲੀਆਂ ਗਈਆਂ। ਜਦੋਂਕਿ ਵੋਟਾਂ ਦੀ ਪ੍ਰਕਿਰਿਆ ਦੌਰਾਨ 169 ਬੈਲਿਟ ਯੂਨਿਟ, 88 ਕੰਟਰੋਲ ਯੂਨਿਟ ਤੇ 695 ਵੀ.ਵੀ.ਪੈਟ ਮਸ਼ੀਨਾਂ ਨੂੰ ਬਦਲਿਆ ਗਿਆ। ਪਟਿਆਲਾ ਤੇ ਸੰਗਰੂਰ ਵਿਚ 2 ਥਾਵਾਂ ’ਤੇ ਮਸ਼ੀਨਾਂ ਦੀ ਖ਼ਰਾਬੀ ਕਾਰਨ ਵੋਟਾਂ ਦਾ ਕੰਮ ਕੁਝ ਸਮੇਂ ਲਈ ਲੇਟ ਹੋਇਆ।

**ਬਾਦਲ ਨੇ ਪਰਿਵਾਰ ਸਮੇਤ ਪਾਈ ਵੋਟ-**

ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਲੰਬੀ ਹਲਕਾ ਬਠਿੰਡਾ ਲੋਕ ਸਭਾ ਖ਼ੇਤਰ ਵਿਚ ਪੈਂਦਾ ਹੈ। ਸੂਬੇ ਵਿਚ ਲੋਕ ਸਭਾ ਚੋਣਾਂ ਦੌਰਾਨ ਪਿੰਡ ਬਾਦਲ ਦੇ 118 ਨੰਬਰ ਬੂਥ ’ਤੇ ਕਰੀਬ 10:20 ਵਜੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਪਰਿਵਾਰ ਸਮੇਤ ਪਹੁੰਚੇ ਅਤੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਸ ਉਪਰੰਤ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਠਿੰਡਾ ਤੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ, ਉਨ੍ਹਾਂ ਦੇ ਬੇਟੇ ਅਨੰਤਵੀਰ ਸਿੰਘ ਬਾਦਲ, ਬੇਟੀਆਂ ਹਰਕੀਰਤ ਕੌਰ ਬਾਦਲ ਤੇ ਗੁਰਲੀਨ ਕੌਰ ਬਾਦਲ ਨੇ ਵੋਟਾਂ ਪਾਈਆਂ।

## ਕੇਜਰੀਵਾਲ ਬੋਲਿਆ ਭਾਜਪਾ ਮੈਨੂੰ ਮਰਵਾ ਸਕਦੀ ਏ



**ਨਵੀਂ ਦਿੱਲੀ/ਏਟੀ ਨਿਊਜ਼ :** ਆਪ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ‘ਭਾਜਪਾ ਮੇਰੀ ਜਾਨ ਪਿੱਛੇ ਪਈ ਹੋਈ ਹੈ। ਭਾਜਪਾ ਨੇ ਮੈਨੂੰ ਬਿਲਕੁਲ ਉਵੇਂ ਹੀ ਮੇਰੇ ਆਪਣੇ ਹੀ ਗਾਰਡ ਤੋਂ ਮਰਵਾ ਦੇਣਾ ਹੈ, ਜਿਵੇਂ ਇੰਦਰਾ ਨਾਲ ਹੋਇਆ ਸੀ।’ ਬੀਤੇ ਦਿਨੀਂ ਇੱਕ ਵਿਅਕਤੀ ਨੇ ਰੋਡ ਸ਼ੋਅ ਦੌਰਾਨ ਦਿੱਲੀ ਦੇ ਮੋਤੀ ਨਗਰ ਇਲਾਕੇ ਵਿੱਚ ਕੇਜਰੀਵਾਲ ਦੇ ਥੱਪੜ ਮਾਰਿਆ ਸੀ। ਦਿੱਲੀ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਉਸ ਘਟਨਾ ਦਾ ਮੁਲਜ਼ਮ ‘ਆਪ’ ਦਾ ਹੀ ਇੱਕ ਨਾਰਾਜ਼ ਵਰਕਰ ਸੀ, ਜਦ ਕਿ ‘ਆਪ’ ਨੇ ਇਸ ਹਮਲੇ ਲਈ ਭਾਜਪਾ ਨੂੰ ਜ਼ਿੰਮੇਵਾਰ ਦੱਸਿਆ ਸੀ। ਉਂਝ ਹਮਲਾਵਰ ਦੀ ਪਤਨੀ ਨੇ ਦੱਸਿਆ ਹੈ ਕਿ ਉਹ ਕੇਜਰੀਵਾਲ ਦੇ ਮੋਦੀ ਖਿਲਾਫ ਬੋਲਣ ਤੋਂ ਖਫਾ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES

22 ਮਈ 2019 ਤੋਂ 28 ਮਈ 2019

# ਸਿਆਸਤ ਦੀ ਸ਼ਤਰੰਜ ਦੇ ਅਣਦਿਸਦੇ ਮੋਹਰੇ

**-ਮਨਜੀਤ ਸਿੰਘ ਟਿਵਾਣਾ**

ਭਾਰਤੀ ਰਾਜਨੀਤੀ ਦੀ ਖੇਡ ਨੂੰ ਅਕਸਰ ਹੀ ਸ਼ਤਰੰਜ ਦੀ ਖੇਡ ਨਾਲ ਤਸ਼ਬੀਹ ਦਿੱਤੀ ਜਾਂਦੀ ਹੈ। ਸੰਸਾਰ ਪੱਧਰ ਉਤੇ ਵੀ ਹੁਣ ਤਕ ਦਾ ਰਾਜਨੀਤਕ ਇਤਿਹਾਸ ਕਾਫੀ ਕੁਝ ਸ਼ਤਰੰਜ ਦੀ ਖੇਡ ਵਾਂਗ ਹੀ ਸ਼ਹਿ ਅਤੇ ਮਾਤ ਦੀਆਂ ਚਾਲਾਂ ਨਾਲ ਭਰਿਆ ਪਿਆ ਹੈ। ਮਨੁੱਖ ਦੇ ਅਸਲੋਂ ਸਭਿਅਕ ਹੋ ਜਾਣ ਦੇ ਭਰਮ ਨੂੰ ਸਿਰਜਣ ਜਾਂ ਆਪਣੇ ਸਭਿਅਕ ਹੋਣ ਦਾ ਦਮ ਭਰਨ ਲਈ ਪੌਣੀ ਤੋਂ ਵੱਧ ਦੁਨੀਆ ਨੇ ਰਾਜਨੀਤੀ ਅਤੇ ਰਾਜ-ਪ੍ਰਬੰਧ ਚਲਾਉਣ ਲਈ ਇਕ ਅਜਿਹੀ ਪ੍ਰਣਾਲੀ ਨੂੰ ਪ੍ਰਵਾਨ ਕਰ ਲਿਆ ਹੋਇਆ ਹੈ, ਜਿਸ ਨੂੰ ਲੋਕਤੰਤਰ ਜਾਂ ਪਰਜਾਤੰਤਰ ਕਿਹਾ ਜਾਂਦਾ ਹੈ। ਪੱਛਮੀ ਮੁਲਕਾਂ ਨੇ ਅੱਜ ਦੀ ਘੜੀ ਵਾਕਈ ਇਸ ਪ੍ਰਣਾਲੀ ਨੂੰ ਲਾਗੂ ਕਰ ਕੇ ਰਾਜਨੀਤੀ ਵਿਚ ਨੈਤਿਕ ਮੁੱਲਾਂ ਦੀ ਬਹਾਲੀ, ਆਮ ਲੋਕਾਂ ਦੀ ਸੱਤਾ ਵਿਚ ਭਾਗੀਦਾਰੀ ਅਤੇ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਦੇ ਮਾਮਲੇ ਵਿਚ ਜੇ ਸ਼ਤ-ਪ੍ਰਤੀਸ਼ਤ ਨਹੀਂ ਤਾਂ ਬਹੁਤ ਹੱਦ ਤਕ ਚੰਗੇ ਕੀਰਤੀਮਾਨ ਵੀ ਸਥਾਪਿਤ ਕੀਤੇ ਹਨ।

ਜੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੀਆਂ ਡੀਂਗਾਂ ਮਾਰਨ ਵਾਲੇ ਭਾਰਤ ਦੀ ਰਾਜਨੀਤੀ ਦੀ ਗੱਲ ਕਰੀਏ ਤਾਂ ਇਹ ਅਸਲੀਅਤ ਵਿਚ ਆਪਣੇ ਉਪਰ ਕਥਿਤ ਜਮਹੂਰੀਅਤ ਦਾ ਲਬਾਦਾ ਓੜ੍ਹ ਕੇ ਅਜੇ ਵੀ ਰੂੜੀਵਾਦੀ ਯੁੱਗ ਦੀਆਂ ਧੋਖੇਬਾਜ਼ੀਆਂ, ਤਾਨਾਸ਼ਾਹੀ ਤੇ ਬਾਹੂਬਲ ਨਾਲ ਜਾਗੀਰੂ ਹਕੂਮਤਾਂ ਸਥਾਪਿਤ ਕਰਨ ਦੀਆਂ ਅਲਾਮਤਾਂ ਵਿਚ ਗਹਿਰੀ ਧਸੀ ਹੋਈ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਸ ਦੇਸ਼ ਵਿਚ ਸਦੀਆਂ ਪੁਰਾਣਾ ਵਰਣ-ਆਸ਼ਰਮ ਵਾਲਾ ਬਿਪਰਵਾਦੀ ਰਾਜ ਪ੍ਰਬੰਧ ਕਾਇਮ ਰੱਖਣ ਦੀ ਹਿਰਸ ਹੈ। ਬਿਪਰਵਾਦ ਨੇ ਆਪਣੀ ਸਦੀਆਂ ਪੁਰਾਣੀ ਝੂਠ ਅਤੇ ਦੰਭ ਉਤੇ ਉਸਰੀ ਜਾਤਪਾਤੀ, ਛੂਤਛਾਤ ਅਤੇ ਦੱਬੇ-ਕੁਚਲਿਆਂ ਦਾ ਸ਼ੋਸ਼ਣ ਕਰਨ ਵਾਲੀ ਸਵਾਰਥ ਨਾਲ ਭਰੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਵਿਵਸਥਾ ਨੂੰ ਕਾਇਮ ਰੱਖਣ ਲਈ ਹੀ ਸਿਆਸਤ ਕਰਨੀ ਹੈ। ਇਸੇ ਕਰ ਕੇ ਇਥੇ ਹਮੇਸ਼ਾ ਹੀ ਚਾਣਕਿਆ ਦਾ ਸਾਮ-ਦਾਮ-ਦੰਡ-ਭੇਦ ਦਾ ਸਿਧਾਂਤ ਲਾਗੂ ਰਹਿੰਦਾ ਹੈ।

ਸਿੱਖ ਗੁਰੂ ਸਾਹਿਬਾਨ ਨੇ ਇਸ ਬਿਪਰਵਾਦੀ ਵਿਵਸਥਾ ਨੂੰ ਬਦਲਣ ਲਈ ਹੀ ਆਪਣੇ ਸਿੱਖਾਂ ਨੂੰ ਜ਼ਿੰਦਗੀ ਦੇ ਹਰ ਮਰਹਲੇ ਉਤੇ ਨਾ-ਸਿਰਫ ਨਵੀਂ ਸੇਧ ਹੀ ਦਿੱਤੀ ਸਗੋਂ ਸਾਨੂੰ ਸਮਾਜਕ, ਸਭਿਆਚਾਰਕ, ਧਾਰਮਿਕ ਤੇ ਰਾਜਨੀਤਕ ਤੌਰ ਉਤੇ ਚੇਤੰਨ ਕਰਨ ਲਈ ਬਿਪਰਵਾਦੀ ਪਰੰਪਰਾ ਤੇ ਮਾਨਤਾਵਾਂ ਨਾਲੋਂ ਮੁੱਢੋਂ ਹੀ ਨਿਖੇੜਾ ਕਰਨ ਲੈਣ ਦਾ ਪਾਠ ਵੀ ਦ੍ਰਿੜਾਇਆ ਹੈ। ਇਸ ਕਰ ਕੇ ਹਿੰਦੂਸਤਾਨੀ ਸਿਆਸਤ ਤੇ ਸਮੁੱਚੇ ਰਾਜ ਪ੍ਰਬੰਧ ਦੀ ਬਿਪਰਵਾਦੀ ਖਸਲਤ ਨੂੰ ਬੁੱਝਣਾ ਸਿੱਖਾਂ ਲਈ ਬੇਹੱਦ ਜ਼ਰੂਰੀ ਹੈ।

ਪੰਜਾਬ ਨੂੰ ਇਨਕਲਾਬੀ ਤਾਸੀਰ ਦਾ ਕੇਂਦਰ ਸਿੱਖ ਸਿਧਾਂਤ ਅਤੇ ਫਲਸਫਾ ਹੈ, ਜਿਸ ਲਈ ਬਿਪਰਵਾਦੀ ਰਾਜ ਪ੍ਰਬੰਧ ਵਿਚ ਕੋਈ ਥਾਂ ਨਹੀਂ ਹੈ। ਸਗੋਂ ਇਹ ਇਕ ਦੂਜੇ ਦੇ ਬਿਲਕੁਲ ਹੀ ਵਿਰੋਧ ਵਿਚ ਖੜ੍ਹਦੇ ਹਨ। ਚਾਣਕਿਆਵਾਦੀਆਂ ਦੇ ਸਾਮ-ਦਾਮ-ਦੰਡ-ਭੇਦ ਦੇ ਮੁਕਾਬਲੇ ਗੁਰੂ ਪਾਤਸ਼ਾਹ ਵੱਲੋਂ ਸਿੱਖਾਂ ਨੂੰ ਸਰਬੱਤ ਦਾ ਭਲਾ, ਆਪਾਵਾਰੂ, ਮਨੁੱਖੀ ਬਰਾਬਰਤਾ, ਹਲੇਮੀ ਰਾਜ ਦੀ ਸਥਾਪਤੀ ਕਰਨ ਦੇ ਖਾਲਸਾਈ ਸਿਧਾਂਤ ਦੀ ਬਖਸ਼ਿਸ਼ ਮਿਲੀ ਹੋਈ ਹੈ।

ਜੇ ਅੱਜ ਦੇ ਹਾਲਾਤ ਵੱਲ ਗੌਰ ਕਰੀਏ ਤਾਂ ਹਿੰਦੂਸਤਾਨ ਦੇ ਜੱਫੇ ਵਿਚ ਆਇਆ ਦੇਸ-ਪੰਜਾਬ ਚਾਣਕਿਆ ਨੀਤੀ ਦਾ ਸ਼ਿਕਾਰ ਹੋ ਕੇ ਬਰਬਾਦੀ ਦੇ ਕੰਢੇ ਉਤੇ ਆਣ ਖੜ੍ਹਿਆ ਹੈ। ਹਿੰਦੂਸਤਾਨ ਦੀ ਕਥਿਤ ਆਜ਼ਾਦੀ ਦਾ ਨਿੱਘ ਮਾਣਨ ਵਾਲੇ ਆਪਣੇ ਵੀ ਤੇ ਬੇਗਾਨੇ ਵੀ, ਗੁਰਾਂ ਦੇ ਨਾਂ ਉਤੇ ਵਸਦੇ ਪੰਜਾਬ ਦੇ ਅੰਤਰੀਵ ਮਨ ਦੀ ਪੀੜਾ ਨੂੰ ਸ਼ਾਇਦ ਕਦੇ ਵੀ ਮਹਿਸੂਸ ਨਾ ਕਰ ਸਕਣ। ਉਨ੍ਹਾਂ ਲਈ ਪੰਜਾਬ ਦੀ ਧੁਰ ਅੰਦਰਲੀ ਬੇਚੈਨੀ ਦੇ ਬਾਹਰੀ ਅਰਥ 'ਨਕਸਲਬਾੜੀ ਲਹਿਰ', 'ਅੱਤਵਾਦ' ਜਾਂ ਫ਼ਿਰ 'ਭਗਤ ਸਿੰਘ ਜ਼ਿੰਦਾਬਾਦ' ਤੇ 'ਇਨਕਲਾਬ ਜ਼ਿੰਦਾਬਾਦ' ਕਰਦੀ ਕਿਸੇ ਸਿਆਸੀ ਲਹਿਰ ਦੇ ਕੁਰਸੀ ਯੁੱਧ ਤਕ ਹੀ ਸੀਮਤ ਰਹਿੰਦੇ ਹਨ।

ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਸਿਆਸਤ ਨਵੀਂ ਕਰਵਟ ਲੈ ਰਹੀ ਹੈ। ਪੰਜਾਬ ਦਾ ਨੌਜਵਾਨ ਵਰਗ ਲਗਭਗ ਹਰੇਕ ਪਾਰਟੀ ਤੋਂ ਹੀ ਆਕੀ ਹੁੰਦਾ ਜਾ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਉਸ ਨੂੰ ਸਹੀ ਦਿਸ਼ਾ ਦੇਣ ਵਾਲੀ ਲੀਡਰਸ਼ਿਪ ਦੂਰ-ਦੂਰ ਤਕ ਕਿਤੇ ਦਿਖਾਈ ਨਹੀਂ ਦੇ ਰਹੀ। ਪਿਛਲੀਆਂ ਲੋਕ ਸਭਾ ਚੋਣਾਂ ਵਿਚ 'ਆਮ ਆਦਮੀ ਪਾਰਟੀ' ਨੇ ਇਸੇ ਬਾਗੀ ਹੋ ਰਹੇ ਪੰਜਾਬ ਦੇ ਕੰਧੇੜੀਂ ਚੜ੍ਹ ਕੇ ਭਗਵਿਆਂ ਦੀ ਚੜ੍ਹੀ ਆ ਰਹੀ ਹਨ੍ਹੇਰੀ ਨੂੰ ਇਥੇ ਕਾਫੀ ਹੱਦ ਤਕ ਡੱਕਿਆ ਸੀ। ਇਸੇ ਕਰ ਕੇ ਦਿੱਲੀ ਦੇ ਬਖਤਾਵਰਾਂ ਨੂੰ ਪੰਜਾਬ ਦੇ ਅਜਿਹੇ ਇਤਿਹਾਸ ਤੋਂ ਹਮੇਸ਼ਾ ਡਰ ਲਗਦਾ ਰਹਿੰਦਾ ਹੈ। ਇਹ ਮਿੱਥ ਵੀ ਹੈ ਕਿ ਇਤਿਹਾਸ ਆਪਣੇ ਆਪ ਨੂੰ ਮੁੜ ਦੁਹਰਾਉਂਦਾ ਰਹਿੰਦਾ ਹੈ। ਅਜੋਕੀ ਰਾਜਨੀਤਕ ਲੜਾਈ ਦੇ ਪ੍ਰਸੰਗ ਵਿਚਲੀਆਂ ਗਦਾਰੀਆਂ, ਮਕਾਰੀਆਂ ਅਤੇ ਆਪਣਿਆਂ ਦੀ ਪਿੱਠ ਵਿਚ ਛੁਰਾ ਮਾਰਨ ਦੀਆਂ ਬਦਨੀਤੀਆਂ ਉਵੇਂ ਦੀਆਂ ਉਵੇਂ ਰੋਲ ਅਦਾ ਕਰਦੀਆਂ ਆ ਰਹੀਆਂ ਹਨ।

ਪੰਜਾਬ ਦੀ ਧਰਤੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਘੋਰ ਬੇਅਦਬੀ ਹੋਈ। ਚਾਣਕਿਆ ਦੇ ਤੀਰਾਂ ਦਾ ਨਿਸ਼ਾਨਾ ਕਿਤੇ ਹੋਰ ਹੁੰਦਾ ਹੈ ਤੇ ਸ਼ਿਸ਼ਤ ਕਿਤੇ ਹੋਰ ਬੰਨ੍ਹੀ ਜਾਂਦੀ ਹੈ। ਪਿਛਲੇ 50 ਸਾਲਾਂ ਤੋਂ ਦੋ ਪਾਰਟੀ ਸਿਸਟਮ ਵਿਚ ਗੇਂਦ ਵਾਂਗ ਕਦੇ ਉਧਰ ਤੇ ਕਦੇ ਉਧਰ ਘੁੰਮਦੇ ਪੰਜਾਬ ਨੇ ਪਹਿਲੀ ਵਾਰ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ। ਪੰਜਾਬ ਦੇ ਇਸ ਨਵੇਂ ਇਨਕਲਾਬ ਦੇ ਮੋਹ ਨੂੰ ਸਿਆਸਤ ਦਾ ਚਾਣਕਿਆ ਦੂਰ ਬੈਠਾ ਦੇਖ ਰਿਹਾ ਸੀ। ਬਿਪਰਵਾਦ ਨੂੰ ਇਹ ਕਦੇ ਵੀ ਮਨਜ਼ੂਰ ਨਹੀਂ ਹੋਵੇਗਾ ਕਿ ਉਸ ਦੀ ਲੰਮੀ ਘਾਲਣਾ ਦੇ ਐਨ ਸਿਖਰ ਉਤੇ ਆ ਕੇ ਕੋਈ ਉਸ ਦੇ ਮਨਸੂਬਿਆਂ ਉਤੇ ਪਾਣੀ ਫੇਰ ਦੇਵੇ। ਇਨਕਲਾਬ ਦਾ ਸਭ ਤੋਂ ਵੱਧ ਸ਼ੋਰ ਪੰਜਾਬ ਦੀ ਧਰਤੀ ਉਤੇ ਹੀ ਸੁਣਾਈ ਦੇ ਰਿਹਾ ਸੀ। ਇਸ ਕਰ ਕੇ ਉਸ ਦਾ ਸਭ ਤੋਂ ਪਹਿਲਾ ਤੇ ਵੱਡਾ ਨਿਸ਼ਾਨਾ ਪੰਜਾਬ ਨੇ ਹੀ ਬਣਨਾ ਸੀ। ਪੰਜਾਬ ਵਿਚ ਨਸ਼ਿਆਂ ਦੇ ਬੇਰੋਕ ਪ੍ਰਵਾਹ, ਗੁਰੂ ਗ੍ਰੰਥ ਦੀਆਂ ਬੇਅਦਬੀਆਂ ਅਤੇ ਪੰਜਾਬ ਦੇ ਹਰ ਪੱਖ ਤੋਂ ਉਜਾੜੇ ਦੇ ਵਰਤਾਰੇ ਨੂੰ ਇਸੇ ਪੱਖ ਤੋਂ ਸਮਝਿਆ ਜਾ ਸਕਦਾ ਹੈ।

ਪੰਜਾਬ ਦਾ ਅਵਾਮ ਆਪਣੇ ਦੁਸ਼ਮਣਾਂ ਦੇ ਤਖਤੇ ਪਲਟਣ ਲਈ ਜੋਸ਼ ਵਿਚ ਉਬਾਲੇ ਮਾਰ ਰਿਹਾ ਹੈ ਪਰ ਕੋਈ ਅਜਿਹਾ ਆਗੂ ਨਹੀਂ ਹੈ, ਜਿਹੜਾ ਉਸ ਦੀ ਅਗਵਾਈ ਕਰ ਸਕੇ। ਤਾਜ਼ਾ ਲੋਕ ਸਭਾ ਚੋਣਾਂ ਵਿਚ ਵੀ ਫੌਜਾਂ ਜਿੱਤ ਕੇ ਅੰਤ ਨੂੰ ਹਾਰ ਜਾਣ ਵਾਲੀ ਹਾਲਤ ਹੀ ਹੈ। ਹੋਣੀ ਦੇ ਇਸ ਪਰਵਾਹ ਨੂੰ ਡੱਕਣ ਲਈ ਅੱਜ ਪੰਜਾਬ ਕੋਲ ਕੋਈ ਸ਼ੇਰ-ਏ-ਪੰਜਾਬ ਨਹੀਂ ਹੈ। ਸਿੱਖ ਸਿਧਾਂਤ ਤੇ ਫਲਸਫੇ ਦੀ ਖਾਲਸਾਈ ਵਿਚਾਰਧਾਰਾ ਨੂੰ ਪਰਨਾਈ ਸਮਰੱਥ ਲੀਡਰਸ਼ਿਪ ਹੀ ਆਪਣੀ ਆਜ਼ਾਦੀ ਲਈ ਠਾਠਾਂ ਮਾਰਦੇ ਪੰਜਾਬ ਦੇ ਜੋਸ਼ ਨੂੰ ਕੋਈ ਸਹੀ ਸੇਧ ਦੇ ਸਕਦੀ ਹੈ।

# ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਮੀਡੀਆ ਦਾ ਯੋਗਦਾਨ

**ਮੌਜੂਦਾ ਸਮੇਂ ਵਿੱਚ ਯੂਨੀਵਰਸਿਟੀਆਂ ਅਤੇ ਕਾਲਜਾਂ ਅੰਦਰ ਸੰਗੀਤ ਖਾਸਕਰ ਗੁਰਮਤਿ ਸੰਗੀਤ ਨੂੰ ਇੱਕ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੈ ਜਿਸ ਤਹਿਤ ਗੁਰਬਾਣੀ ਕੀਰਤਨ ਅਤੇ ਤੰਤੀ ਸਾਜ਼ਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਕਾਰਜ ਸਦਕਾ ਵਧੀਆ ਨੌਜਵਾਨ ਕੀਰਤਨਕਾਰ ਉੱਭਰ ਕੇ ਸਾਹਮਣੇ ਆ ਰਹੇ ਹਨ। ਇਥੇ ਧ੍ਰੁਪੱਦ ਅਤੇ ਲੋਕ ਧੁਨਾਂ ਦੇ ਗਾਇਨ ਦੀ ਤਰਬੀਅਤ ਵੀ ਦਿੱਤੀ ਜਾਂਦੀ ਹੈ। ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਰ੍ਹੀ ਕੈਨੇਡਾ ਦੀ ਸੰਗਤ ਦੇ ਸਹਿਯੋਗ ਨਾਲ ਆਨਲਾਈਨ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਅਤੇ ਸੰਤ ਸੁੱਚਾ ਸਿੰਘ ਜਵੱਦੀ ਦੀ ਯਾਦ ਵਿੱਚ ਆਰਕਾਈਵਜ਼ ਵੀ ਕਾਇਮ ਕੀਤਾ ਗਿਆ ਹੈ ਜਿੱਥੇ ਨਾਯਾਬ ਰਿਕਾਰਡਿੰਗ ਮੌਜੂਦ ਹਨ। ਗੁਰਮਤਿ ਸੰਗੀਤ ਚੇਅਰ ਵਲੋਂ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੀ ਵੀ ਸਥਾਪਤੀ ਕੀਤੀ ਗਈ ਹੈ।**

**ਤੀਰਥ ਸਿੰਘ ਢਿੱਲੋਂ**
ਮੈਂਬਰ, ਕੀਰਤਨ ਸਬ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
ਸੰਪਰਕ: 98154-61710

ਭਾਵੇਂ ਅਜੋਕੇ ਦੌਰ ਵਿਚ ਮੀਡੀਆ ਅਤੇ ਸੰਚਾਰ ਦੇ ਅਣਗਿਣਗਤ ਸਾਧਨ ਮੁਹੱਈਆ ਹਨ, ਜਿਨ੍ਹਾਂ ਦੀ ਮਦਦ ਨਾਲ ਕਿਸੇ ਵੀ ਕਲਾ, ਵਸਤੂ, ਪ੍ਰਾਪਤੀਆਂ ਅਤੇ ਕਿਸੇ ਦੀਆਂ ਖ਼ੂਬੀਆਂ ਦੀ ਚਰਚਾ ਕਰਕੇ ਉਨ੍ਹਾਂ ਨੂੰ ਅਸਮਾਨੇ ਚਾੜ੍ਹਿਆ ਜਾ ਸਕਦਾ ਹੈ, ਪਰ ਜੇ ਪਿਛਲੇ ਸਮੇਂ 'ਤੇ ਝਾਤ ਮਾਰੀਏ ਤਾਂ ਉਸ ਸਮੇਂ ਵੀ ਉਸ ਵੇਲੇ ਦੇ ਮੀਡੀਆ ਨੇ ਇਨ੍ਹਾਂ ਖੇਤਰਾਂ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਹੈ। ਸੰਗੀਤ ਕਲਾ ਨੂੰ ਪੁਰਾਤਨ ਸਮੇਂ ਤੋਂ ਹੀ ਪ੍ਰਸਾਰ ਮਾਧਿਅਮਾਂ ਰਾਹੀਂ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਅੱਜ ਦੇ ਲੇਖ ਵਿੱਚ ਇਸ ਸਬੰਧੀ ਕੁੱਝ ਤੱਥ ਆਪਣੇ ਪਾਠਕਾਂ ਨਾਲ ਸਾਂਝੇ ਕਰਦੇ ਹਾਂ।

ਗ੍ਰਾਮੋਫੋਨ ਕੰਪਨੀਆਂ : ਪੁਰਾਤਨ ਸਮੇਂ ਵਿਚ ਗ੍ਰਾਮੋਫੋਨ ਕੰਪਨੀਆਂ ਵੱਡੇ ਵੱਡੇ ਕਲਾਕਾਰਾਂ ਦੇ ਗਾਇਨ ਨੂੰ ਰਿਕਾਰਡ ਕਰਕੇ ਸੰਗੀਤ ਪ੍ਰੇਮੀਆਂ ਤੱਕ ਪੁੱਜਦਾ ਕਰਦੀਆਂ ਸਨ। ਉਸ ਸਮੇਂ ਦੀ ਸਭ ਤੋਂ ਪੁਰਾਣੀ ਅਤੇ ਪ੍ਰਸਿੱਧ ਕੰਪਨੀ ਸੀ 'ਐੱਚਐੱਮਵੀ' ਯਾਨੀ 'ਹਿਸ ਮਾਸਟਰ ਵੁਆਇਸ'। ਇਹ ਕੰਪਨੀ ਮੰਨੇ ਪ੍ਰਮੰਨੇ ਸੰਗੀਤਕਾਰਾਂ ਦੇ ਗਾਇਨ ਅਤੇ ਵਾਦਨ ਨੂੰ ਕਾਲੇ ਰੰਗ ਦੇ ਲਾਖ ਦੇ ਤਵਿਆਂ ਵਿਚ ਰਿਕਾਰਡ ਕਰਦੀ ਸੀ। ਉਸ ਸਮੇਂ ਦੇ ਕੁੱਝ ਉੱਚ ਕੋਟੀ ਦੇ ਰਾਗੀ ਜਥਿਆਂ ਦੇ ਗਾਏ ਸ਼ਬਦ ਅਤੇ ਧਾਰਮਕ ਗੀਤ ਇਸ ਪ੍ਰਸਿੱਧ ਕੰਪਨੀ ਵੱਲੋਂ ਰਿਕਾਰਡ ਕੀਤੇ ਗਏ, ਜਿਹੜੇ ਬਹੁਤ ਪ੍ਰਸਿੱਧ ਹੋਏ। ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਦੀ ਗਾਈ ਆਸਾ ਦੀ ਵਾਰ ਸ਼ਾਇਦ ਸਭ ਤੋਂ ਪਹਿਲੀ ਰਿਕਾਰਡਸ਼ੁਦਾ ਆਸਾ ਦੀ ਵਾਰ ਹੈ। ਇਸ ਤੋਂ ਇਲਾਵਾਭਾਈ ਸੰਤਾ ਸਿੰਘ ਜੀ ਦੀ ਆਵਾਜ਼ ਵਿੱਚ ਅਨੇਕਾਂ ਸ਼ਬਦਾਂ ਦੇ ਰਿਕਾਰਡ ਮਾਰਕੀਟ ਵਿਚ ਆਏ। ਸ੍ਰੀ ਨਨਕਾਣਾ ਸਾਹਿਬ ਦੇ ਉਸ ਸਮੇਂ ਦੇ ਹਜ਼ੂਰੀ ਰਾਗੀ ਭਾਈ ਬੁੱਧ ਸਿੰਘ ਤਾਨ, ਭਾਈ ਮਿਹਰ ਸਿੰਘ ਤਾਨ, ਵਾਇਲਿਨ ਨਾਲ ਕੀਰਤਨ ਕਰਨ ਵਾਲੇ ਬੰਬਈ ਦੇ ਪ੍ਰਸਿੱਧ ਰਾਗੀ ਭਾਈ ਮੋਹਨ ਸਿੰਘ, ਪ੍ਰਸਿੱਧ ਰਬਾਬੀ ਭਾਈ ਛੈਲਾ ਪਟਿਆਲੇ ਵਾਲੇ, ਭਾਈ ਦੇਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਪੁਰਾਤਨ ਰਾਗੀ ਗਿਆਨ ਸਿੰਘ ਅਲਮਸਤ, ਠਾਕੁਰ ਸਿੰਘ ਅਲਮਸਤ, ਉਸ ਸਮੇਂ ਜੁਆਨੀ ਦੀ ਦਹਿਲੀਜ਼ ਉੱਤੇ ਕਦਮ ਧਰ ਰਹੇ ਰਾਗੀ ਕਾਕਾ ਸਮੁੰਦ ਸਿੰਘ (ਪਿੱਛੋਂ ਭਾਈ ਸਮੁੰਦ ਸਿੰਘ), ਭਾਈ ਤਰਲੋਚਨ ਸਿੰਘ ਦਿੱਲੀ ਤੋਂ ਇਲਾਵਾ ਪਿੱਠਵਰਤੀ ਗਾਇਕਾ ਆਸ਼ਾ ਭੌਂਸਲੇ ਦੀ ਆਵਾਜ਼ ਵਿੱਚ ਗਾਇਆ ਸ਼ਬਦ 'ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ, ਸਤਿਗੁਰਿ ਤੁਮਰੇ ਕਾਜ ਸਵਾਰੇ' ਸੰਗਤ ਵੱਲੋਂ ਬੇਹੱਦ ਸਲਾਹੇ ਗਏ। ਇਸ ਤੋਂ ਬਾਅਦ ਦੇ ਸਮੇਂ ਵਿੱਚ ਭਾਈ ਸੁਰਜਨ ਸਿੰਘ, ਭਾਈ ਗੋਪਾਲ ਸਿੰਘ ਦੀਆਂ ਆਵਾਜ਼ਾਂ ਵਿੱਚ ਆਸਾ ਦੀ ਵਾਰ ਦੇ ਰਿਕਾਰਡ ਆਏ। ਕਿਹਾ ਜਾਂਦਾ ਹੈ ਕਿ ਭਾਈ ਸੁਰਜਨ ਸਿੰਘ ਵੱਲੋਂ ਗਾਈ ਆਸਾ ਦੀ ਵਾਰ ਦੀ ਰਿਕਾਰਡਿੰਗ ਦੀ ਵਿਕਰੀ ਦਾ ਰਿਕਾਰਡ ਅੱਜ ਤੱਕ ਵੀ ਜਿਓਂ ਦਾ ਤਿਓਂ ਕਾਇਮ ਹੈ। ਕੁਝ ਹੋਰਨਾਂ ਗ੍ਰਾਮੋਫੋਨ ਕੰਪਨੀਆਂ ਨੇ ਵੀ ਮੰਨੇ ਪ੍ਰਮੰਨੇ ਰਾਗੀਆਂ ਦੇ ਸ਼ਬਦ ਰਿਕਾਰਡ ਕੀਤੇ ਹਨ

ਕੈਸੇਟ ਕੰਪਨੀਆਂ: ਕੈਸੇਟ ਕੰਪਨੀਆਂ ਦਾ ਜਦੋਂ ਵੀ ਜ਼ਿਕਰ ਚੱਲੇਗਾ ਤਾਂ ਗੁਲਸ਼ਨ ਕੁਮਾਰ ਦੀ ਟੀ-ਸੀਰੀਜ਼ ਕੰਪਨੀ ਦਾ ਨਾਂ ਪ੍ਰਮੁੱਖ ਤੌਰ 'ਤੇ ਉੱਭਰ ਕੇ ਸਾਹਮਣੇ ਆਵੇਗਾ। ਗੁਲਸ਼ਨ ਕੁਮਾਰ ਨੇ ਰਾਗੀਆਂ ਦੇ ਨਾਲ ਨਾਲ ਗੈਰ-ਰਾਗੀ ਕਲਾਕਾਰਾਂ ਜਿਵੇਂ ਮੁਹੰਮਦ ਰਫੀ, ਮੋਹਿਨੀ ਨਰੂਲਾ, ਜਸਪਿੰਦਰ ਨਰੂਲਾ, ਅਨੁਰਾਧਾ ਪੌਡਵਾਲ ਅਤੇ ਮੰਨਾ ਡੇਅ ਵਰਗੇ ਮਹਾਨ ਕਲਾਕਾਰਾਂ ਦੀ ਆਵਾਜ਼ ਵਿਚ ਸ਼ਬਦ ਅਤੇ ਧਾਰਮਿਕ ਗੀਤ ਰਿਕਾਰਡ ਕੀਤੇ।

**ਟੈਕਸਲਾ ਟੀਵੀ:** ਟੈਕਸਲਾ ਟੀਵੀ ਕੰਪਨੀ ਦੇ ਮਾਲਕ ਰਾਜਾ ਸਿੰਘ ਕੀਰਤਨ ਦੇ ਬਹੁਤ ਵੱਡੇ ਉਪਾਸ਼ਕ ਮੰਨੇ ਜਾਂਦੇ ਹਨ। ਉਨ੍ਹਾਂ ਦੀ ਕੰਪਨੀ ਨੇ ਦਿੱਲੀ ਵਿੱਚ ਸਟੂਡੀਓ ਖੋਲ੍ਹ ਕੇ ਪੰਜਾਬ ਅਤੇ ਹੋਰਨਾਂ ਥਾਵਾਂ ਤੋਂ ਰਾਗੀ ਜਥਿਆਂ ਅਤੇ ਧਾਰਮਕ ਗਾਇਕਾਂ-ਗਾਇਕਾਵਾਂ ਨੂੰ ਬੁਲਾ ਬੁਲਾ ਕੇ ਸ਼ਬਦ ਕੀਰਤਨ ਅਤੇ ਧਾਰਮਕ ਗੀਤਾਂ ਦੀਆਂ ਬੇਸ਼ੁਮਾਰ ਮਿਆਰੀ ਕੈਸਟਾਂ ਸਰੋਤਿਆਂ ਦੀ ਝੋਲੀ ਪਾਈਆਂ ਅਤੇ ਰਾਗੀ ਜਥਿਆਂ ਦੀ ਵੱਧ ਤੋਂ ਵੱਧ ਮਾਇਕ ਸਹਾਇਤਾ ਵੀ ਕੀਤੀ। ਇਸ ਕੰਪਨੀ ਵੱਲੋਂ ਰਿਕਾਰਡ ਕੀਤਾ ਗਿਆ ਸ਼ਬਦ "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ, ਕੋਈ ਸੇਵੈ ਗੁਸਈਆ ਕੋਈ ਅਲਾਹਿ, ਕਾਰਣ ਕਰਣ ਕਰੀਮ, ਕਿਰਪਾ ਧਾਰਿ ਰਹੀਮ" ਅੱਜ ਤੱਕ ਸੰਗਤ ਬਹੁਤ ਚਾਅ ਨਾਲ ਸੁਣਦੀ ਹੈ। ਇਸ ਨੂੰ ਭਾਰਤ ਦੇ ਕੁੱਝ ਨਾਮਵਰ ਗੈਰ-ਪੇਸ਼ੇਵਾਰਾਨਾ ਕਲਾਕਾਰਾਂ ਨੇ ਬੜੀ ਹੀ ਮਧੁਰਤਾ ਨਾਲ ਗਾਇਆ ਹੈ।

**ਆਕਾਸ਼ਵਾਣੀ:** ਹੋਰਨਾਂ ਕਲਾਵਾਂ ਦੇ ਨਾਲ ਨਾਲ ਗੁਰਬਾਣੀ ਕੀਰਤਨ ਦੇ ਪ੍ਰਚਾਰ ਪ੍ਰਸਾਰ ਲਈ ਆਕਾਸ਼ਵਾਣੀ (ਪਹਿਲਾ ਨਾਂਅ 'ਆਲ ਇੰਡੀਆ ਰੇਡੀਓ') ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਵੰਡ ਤੋਂ ਪਹਿਲਾਂ ਲਾਹੌਰ ਰੇਡੀਓ ਤੋਂ ਕਦੇ ਕਦੇ ਸ਼ਬਦ ਕੀਰਤਨ ਨਸ਼ਰ ਹੁੰਦਾ ਸੀ, ਫਿਰ ਜਦੋਂ ਜਲੰਧਰ ਵਿੱਚ ਆਕਾਸ਼ਵਾਣੀ ਕੇਂਦਰ ਸਥਾਪਤ ਹੋਇਆ ਤਾਂ ਇੱਥੋਂ ਗੁਰਬਾਣੀ ਕੀਰਤਨ ਦਾ ਪ੍ਰਸਾਰਣ ਬਾਕਾਇਦਾ ਸ਼ੁਰੂ ਹੋ ਗਿਆ। ਇਸ ਦਾ ਸਿਹਰਾ ਉਸ ਸਮੇਂ ਦੇ ਸਿੱਖ ਡਾਇਰੈਕਟਰ ਅਤੇ ਮਹਾਨ ਸਾਹਿਤਕਾਰ ਕਰਤਾਰ ਸਿੰਘ ਦੁੱਗਲ ਅਤੇ ਜੋਧ ਸਿੰਘ ਨੂੰ ਜਾਂਦਾ ਹੈ। ਹਫਤੇ ਵਿੱਚ ਹਰ ਬੁੱਧਵਾਰ ਨੂੰ ਸਵੇਰੇ ਪੌਣੇ 8 ਤੋਂ 8 ਵਜੇ ਤੱਕ, ਦੁਪਹਿਰੇ ਸਵਾ ਬਾਰਾਂ ਤੋਂ ਸਾਢੇ ਬਾਰਾਂ ਤੱਕ ਲਾਈਵ ਅਤੇ ਰਾਤ ਨੂੰ ਫਿਰ ਪੌਣੇ 8 ਤੋਂ 8 ਵਜੇ ਤੱਕ ਰੇਡੀਓ ਤੋਂ ਪ੍ਰਵਾਨਿਤ ਰਾਗੀ ਜਥਿਆਂ ਦਾ ਕੀਰਤਨ ਸੰਗਤ ਨੂੰ ਸੁਣਾਇਆ ਜਾਂਦਾ। ਉਸ ਸਮੇਂ ਦੇ ਪ੍ਰਸਿੱਧ ਰਾਗੀ ਜਥਿਆਂ ਵਿੱਚ ਭਾਈ ਸਮੁੰਦ ਸਿੰਘ, ਭਾਈ ਅਮਰੀਕ ਸਿੰਘ ਬਿਲਗਾ, ਭਾਈ ਬਖਸ਼ੀਸ਼ ਸਿੰਘ, ਭਾਈ ਦੇਵਿੰਦਰ ਸਿੰਘ ਗੁਰਦਾਸਪੁਰ, ਪ੍ਰੋਫੈਸਰ ਹਰਚੰਦ ਸਿੰਘ ਲੁਧਿਆਣਾ, ਭਾਈ ਧਰਮ ਸਿੰਘ ਜ਼ਖਮੀ, ਸੰਤ ਬਹਾਦਰ ਸਿੰਘ ਜਲੰਧਰ, ਭਾਈ ਮੁਨਸ਼ਾ ਸਿੰਘ ਕਪੂਰਥਲਾ, ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਪ੍ਰਿੰਸੀਪਲ ਚੰਨਣ ਸਿੰਘ ਮਜਬੂਰ ਅਤੇ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦੇ ਨਾਂ ਪ੍ਰਮੁੱਖ ਹਨ। ਇਨ੍ਹਾਂ ਤੋਂ ਬਾਅਦ, ਸ਼੍ਰੋਮਣੀ ਰਾਗੀ ਭਾਈ ਨਿਰਮਲ ਸਿੰਘ ਖਾਲਸਾ, ਸ਼੍ਰੋਮਣੀ ਰਾਗੀ ਡਾਕਟਰ ਗੁਰਨਾਮ ਸਿੰਘ ਪਟਿਆਲਾ, ਭਾਈ ਇਕਬਾਲ ਸਿੰਘ ਸਾਬਰ, ਭਾਈ ਅਵਤਾਰ ਸਿੰਘ ਲੁਧਿਆਣਾ ਅਤੇ ਭਾਈ ਜਗੀਰ ਸਿੰਘ ਹੁਸ਼ਿਆਰਪੁਰ, ਰੇਡੀਓ ਤੋਂ ਪ੍ਰਵਾਨਿਤ ਰਾਗੀ ਹਨ। ਅਜੀਤ ਕੌਰ ਲੁਧਿਆਣਾ ਵੱਲੋਂ ਗਾਏ ਸ਼ਬਦਾਂ ਨੂੰ ਆਕਾਸ਼ਵਾਣੀ ਜਲੰਧਰ ਤੋਂ ਆਮ ਸੁਣਿਆ ਜਾ ਸਕਦਾ ਹੈ। ਆਕਾਸ਼ਵਾਣੀ ਜਲੰਧਰ ਤੋਂ ਹਫਤੇ ਵਿੱਚ ਇੱਕ ਵਾਰ ਨਿਰਧਾਰਿਤ ਰਾਗਾਂ ਵਿੱਚ ਗਾਏ ਸ਼ਬਦਾਂ ਦਾ ਪ੍ਰੋਗਰਾਮ 'ਸ਼ਬਦ ਗਾਇਨ' ਪ੍ਰਸਾਰਤ ਕੀਤਾ ਜਾਂਦਾ ਹੈ ਅਤੇ ਨਾਲ ਹੀ ਸਵੇਰੇ 4 ਤੋਂ 6 ਵਜੇ ਤੱਕ ਅਤੇ ਸ਼ਾਮ ਨੂੰ ਸਾਢੇ 4 ਤੋਂ ਸਾਢੇ ਪੰਜ ਵਜੇ ਤੱਕ ਆਸਾ ਕੀ ਵਾਰ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਵੀ ਕੀਤਾ ਜਾਂਦਾ ਹੈ। ਇਸੇ ਤਰਾਂ ਸ਼ਾਮ ਸਾਢੇ ਪੰਜ ਤੋਂ ਛੇ ਵਜੇ ਤੱਕ 'ਗੁਰਬਾਣੀ ਵਿਚਾਰ' ਪ੍ਰੋਗਰਾਮ ਨਸ਼ਰ ਹੁੰਦਾ ਆ ਰਿਹਾ ਹੈ। ਇਸ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ 'ਤੇ ਕੀਤੀ ਗਈ ਸੀ। ਰੇਡੀਓ 'ਤੇ ਟੈਸਟ ਲੈਣ ਸਮੇਂ ਤਾਨਪੁਰੇ ਨਾਲ ਹੀ ਪ੍ਰੀਖਿਆ ਲਈ ਜਾਂਦੀ ਹੈ ਜਿਸ ਕਾਰਨ ਸਹੀ ਚੋਣ ਯਕੀਨੀ ਬਣਦੀ ਹੈ।

ਦੂਰਦਰਸ਼ਨ: ਅਜੋਕੇ ਯੁੱਗ ਵਿੱਚ ਦੂਰਦਰਸ਼ਨ ਯਾਨੀ ਟੈਲੀਵੀਜ਼ਨ, ਮਨੋਰੰਜਨ ਦਾ ਸਭ ਤੋਂ ਪ੍ਰਬਲ ਅਤੇ ਮਹੱਤਵਪੂਰਨ ਹਰਮਨਪਿਆਰਾ ਸਾਧਨ ਹੈ। ਇਸ ਮਾਧਿਅਮ ਰਾਹੀਂ ਵੱਖ ਵੱਖ ਸਥਾਨਾਂ ਉੱਤੇ ਹੋਣ ਵਾਲੇ ਕੀਰਤਨ ਦਰਬਾਰਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ, ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ, ਤਖਤ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਕੇਸਗੜ ਸਾਹਿਬ, ਅਨੰਦਪੁਰ ਸਾਹਿਬ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਂਦਾ ਹੈ। ਟੀਵੀ ਉੱਤੋਂ ਅਕਸਰ ਰੇਡੀਓ ਵੱਲੋਂ ਪ੍ਰਵਾਨਿਤ ਰਾਗੀ ਜਥਿਆਂ ਨੂੰ ਹੀ ਮੌਕਾ ਦਿੱਤਾ ਜਾਂਦਾ ਹੈ।

**ਸਿੱਖਿਆ ਸੰਸਥਾਵਾਂ ਦਾ ਯੋਗਦਾਨ:** ਮੌਜੂਦਾ ਸਮੇਂ ਵਿੱਚ ਯੂਨੀਵਰਸਿਟੀਆਂ ਅਤੇ ਕਾਲਜਾਂ ਅੰਦਰ ਸੰਗੀਤ ਖਾਸਕਰ ਗੁਰਮਤਿ ਸੰਗੀਤ ਨੂੰ ਇੱਕ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੈ ਜਿਸ ਤਹਿਤ ਗੁਰਬਾਣੀ ਕੀਰਤਨ ਅਤੇ ਤੰਤੀ ਸਾਜ਼ਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਕਾਰਜ ਸਦਕਾ ਵਧੀਆ ਨੌਜਵਾਨ ਕੀਰਤਨਕਾਰ ਉੱਭਰ ਕੇ ਸਾਹਮਣੇ ਆ ਰਹੇ ਹਨ। ਇਥੇ ਧ੍ਰੁਪੱਦ ਅਤੇ ਲੋਕ ਧੁਨਾਂ ਦੇ ਗਾਇਨ ਦੀ ਤਰਬੀਅਤ ਵੀ ਦਿੱਤੀ ਜਾਂਦੀ ਹੈ। ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਰ੍ਹੀ ਕੈਨੇਡਾ ਦੀ ਸੰਗਤ ਦੇ ਸਹਿਯੋਗ ਨਾਲ ਆਨਲਾਈਨ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਅਤੇ ਸੰਤ ਸੁੱਚਾ ਸਿੰਘ ਜਵੱਦੀ ਦੀ ਯਾਦ ਵਿੱਚ ਆਰਕਾਈਵਜ਼ ਵੀ ਕਾਇਮ ਕੀਤਾ ਗਿਆ ਹੈ ਜਿੱਥੇ ਨਾਯਾਬ ਰਿਕਾਰਡਿੰਗ ਮੌਜੂਦ ਹਨ। ਗੁਰਮਤਿ ਸੰਗੀਤ ਚੇਅਰ ਵਲੋਂ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੀ ਵੀ ਸਥਾਪਤੀ ਕੀਤੀ ਗਈ ਹੈ।

# ਭਾਜਪਾ ਨੇ ਹਿੰਦੂਸਤਾਨ ਨੂੰ ਖਾਨਾਜੰਗੀ ਵਰਗੇ ਹਾਲਾਤ 'ਚ ਲਿਆ ਖੜ੍ਹਾਇਆ

## ਦੇਸ਼ ਦੀ ਹਰ ਸੰਵਿਧਾਨਕ ਸੰਸਥਾ ਨੂੰ ਭਗਵੇਂ ਰੰਗ 'ਚ ਰੰਗਿਆ



- 9 ਅਮੀਰ ਘਰਾਣਿਆਂ ਕੋਲ ਗਈ ਸਾਰੇ ਭਾਰਤ ਦੀ ਅੱਧੀ ਦੌਲਤ
- ਭਾਜਪਾ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਤੋਂ ਭੱਜੀ
- ਸਿੱਖਿਆ ਖੇਤਰ ਦਾ ਭਗਵਾਂਕਰਨ ਕੀਤਾ ਗਿਆ
- ਨਵੀਂ ਪੀੜ੍ਹੀ 'ਚ ਹਿੰਦੂਤਵ ਦੇ ਨਾਂ 'ਤੇ ਨਫਰਤ ਦਾ ਜ਼ਹਿਰ ਫੈਲਾਇਆ

**ਰਜਿੰਦਰ ਸਿੰਘ**

ਆਪਣੇ 5 ਸਾਲਾਂ ਦੇ ਰਾਜ ਦੌਰਾਨ ਨਰਿੰਦਰ ਮੋਦੀ ਦੀ ਸਰਕਾਰ ਅਧੀਨ ਭਾਜਪਾ ਨੇ ਦੇਸ਼ ਦੀ ਹਰ ਸੰਵਿਧਾਨਕ ਸੰਸਥਾ ਸਮੇਤ ਮੀਡੀਆ ਨੂੰ ਭਗਵੇਂ ਰੰਗ ਵਿੱਚ ਰੰਗਿਆ ਹੈ। ਕੇਂਦਰ ਵਿਚ ਨਵੀਂ ਸਰਕਾਰ ਬਣਾਉਣ ਲਈ ਲੋੜ ਤਾਂ ਇਹ ਸੀ ਕਿ ਰਾਜ ਭਾਗ ਵਾਲੀ ਪਾਰਟੀ ਦੀ ਪਿਛਲੇ 5 ਸਾਲਾਂ ਦੀ ਕਾਰਗੁਜ਼ਾਰੀ ਦੀ ਪੁਣਛਾਣ ਹੁੰਦੀ ਜਾਂ ਹਰ ਪਾਰਟੀ ਦੇ ਖਾਸੇ ਨੂੰ ਸਮਝ ਕੇ ਭਵਿੱਖ ਦੀਆਂ ਨੀਤੀਆਂ ਉੱਤੇ ਚਰਚਾ ਹੁੰਦੀ। ਦੇਸ਼ ਦਾ ਅੰਨਦਾਤਾ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਬੇਰੁਜ਼ਗਾਰੀ ਨੇ ਨਵੀਂ ਪੀੜ੍ਹੀ ਨੂੰ ਨਿਰਾਸ਼ ਏਨਾ ਕਰ ਦਿੱਤਾ ਹੈ ਕਿ ਉਹ ਦੇਸ਼ ਵਿਚੋਂ ਹਿਜਰਤ ਕਰ ਰਹੇ ਹਨ ਜਾਂ ਉਹ ਨਸ਼ਈ ਹੋ ਰਹੇ ਹਨ। ਭ੍ਰਿਸ਼ਟ ਸਰਕਾਰੀ ਤੰਤਰ ਵਿਕਾਸ ਅੱਗੇ ਰੁਕਾਵਟ ਹੈ ਪਰ ਚਰਚਾ ਵਿਚ ਰਾਸ਼ਟਰਵਾਦ, ਪੁਲਵਾਮਾ ਅਤੇ ਬਾਲਾਕੋਟ , ਅੰਦਰ ਘੁਸ ਕੇ ਮਾਰਾਂਗੇ, ਅਲੀ ਜਾਂ ਬਜਰੰਗ ਬਲੀ, ਹਿੰਦੂ ਮੁਸਲਿਮ, ਜਾਤੀਵਾਦ ਜਾਂ ਤਿੰਨ ਤਲਾਕ ਵਰਗੇ ਬੇਤੁਕੇ ਮੁੱਦੇ ਰਹੇ ਹਨ। ਭਾਰਤ ਦੀ ਆਰਥਿਕਤਾ ਦਾ ਧੁਰਾ ਖੇਤੀਬਾੜੀ ਬੁਰੀ ਤਰ੍ਹਾਂ ਉਜਾੜੇ ਵੱਲ ਹੈ। ਭਾਰਤ ਵਿਚ 1995 ਤੋਂ 2015 ਤੱਕ ਆਰਥਿਕ ਮੰਦਹਾਲੀ ਕਾਰਨ 3,18,528 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। 2014 ਦੀਆਂ ਚੋਣਾਂ ਸਮੇਂ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਨੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਅ ਮਿੱਥਣ ਦਾ ਵਾਅਦਾ ਕੀਤਾ ਸੀ ਪਰ ਇਸ ਤੋਂ ਮੋਦੀ ਸਰਕਾਰ ਭੱਜ ਗਈ। ਭਾਰਤ ਵਾਸੀਆਂ ਨੂੰ ਮੋਦੀ ਨੇ ਖੁਦ 'ਅੱਛੇ ਦਿਨ ਆਨੇ ਵਾਲੇ ਹੈ' ਦਾ ਨਾਅਰਾ ਦਿੱਤਾ। ਲੋਕਾਂ ਦੇ ਤਾਂ ਅੱਛੇ ਦਿਨ ਆਏ ਨਹੀਂ ਅਤੇ ਨਾ ਕਿਸੇ ਦੇ ਖਾਤੇ ਵਿਚ 15 ਲੱਖ, ਪਰ ਦੇਸ਼ ਦੇ 36 ਅਮੀਰਜ਼ਾਦੇ ਨੀਰਵ ਮੋਦੀ, ਵਿਜੈ ਮਾਲੀਆ ਆਦਿ ਦੇਸ਼ ਦਾ ਅਰਬਾਂ ਖਰਬਾਂ ਦਾ ਧਨ ਬੈਂਕਾਂ ਤੋਂ ਲੈ ਕੇ ਫਰਾਰ ਹੋ ਗਏ ਹਨ। ਮੋਦੀ ਜੀ ਦੀ ਕ੍ਰਿਪਾ ਕਰਕੇ ਭਾਰਤ ਦੇ 9 ਅਮੀਰ ਘਰਾਣਿਆਂ ਕੋਲ ਸਾਰੇ ਭਾਰਤ ਦੀ ਅੱਧੀ ਦੌਲਤ ਚਲੀ ਗਈ ਹੈ। ਇਹ ਦੌਲਤ ਕਿਵੇਂ ਪੈਦਾ ਹੋਈ, ਇਸ ਦੀ ਜਾਂਚ ਕੌਣ ਕਰੇਗਾ? ਭਾਰਤ ਵਿਚ ਕਾਲਾ ਧਨ ਵਾਪਸ ਕਿਉਂ ਨਹੀਂ ਆਇਆ?

ਮੋਦੀ ਦੀ ਸਰਕਾਰ ਨੇ ਸਭ ਲੋਕਤੰਤਰੀ ਸੰਸਥਾਵਾਂ ਨੂੰ ਅੰਗਹੀਣ ਕਰ ਦਿੱਤਾ। ਸਿੱਖਿਆ ਖੇਤਰ ਦਾ ਭਗਵਾਂਕਰਨ ਕੀਤਾ ਗਿਆ ਤੇ ਨਵੀਂ ਪੀੜ੍ਹੀ ਨੂੰ ਹਿੰਦੂਤਵੀ ਜ਼ਹਿਰ ਦੇ ਬੌਧਿਕ ਟੀਕੇ ਲਾਏ ਗਏ। ਇਤਿਹਾਸ ਦੀਆਂ ਕਿਤਾਬਾਂ ਵਿੱਚੋਂ ਉਹ ਹਿੱਸੇ ਖਾਰਜ ਕਰ ਦਿੱਤੇ ਗਏ, ਜਿਹੜੇ ਹਿੰਦੂ ਰਾਜਿਆਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਸਾਹਮਣੇ ਲਿਆਉਂਦੇ ਸਨ। ਇਤਿਹਾਸ ਬਦਲ ਗਏ, ਸਾਵਰਕਰ ਵਰਗੇ ਗਦਾਰ ਹਿੰਦੂਤਵੀ ਆਗੂਆਂ ਨੂੰ ਦੇਸ਼ ਭਗਤ ਸਾਬਤ ਕੀਤਾ ਗਿਆ। ਰਾਜਸਥਾਨ ਦੇ ਸਿੱਖਿਆ ਮੰਤਰੀ ਗੋਵਿੰਦ ਦੋਤਾਸਰਾ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਸਿੱਖਿਆ ਵਿਭਾਗ ਨੂੰ ਇੱਕ ਭਗਵੀਂ ਪ੍ਰਯੋਗਸ਼ਾਲਾ ਬਣਾ ਦਿੱਤਾ। ਆਰ ਐੱਸ ਐੱਸ ਦੇ ਸਿਆਸੀ ਹਿੱਤਾਂ ਲਈ ਪਾਠਕ੍ਰਮ ਵਿੱਚ ਤਬਦੀਲੀਆਂ ਕਰ ਦਿੱਤੀਆਂ ਗਈਆਂ। ਰਾਜਸਥਾਨ ਦੀ ਪਿਛਲੀ ਸਰਕਾਰ ਵੱਲੋਂ ਸਾਵਰਕਰ ਦੀ ਜਿਹੜੀ ਜੀਵਨੀ ਪਾਠਕ੍ਰਮ ਵਿੱਚ ਸ਼ਾਮਲ ਕੀਤੀ ਗਈ, ਉਹ ਤੱਥਾਂ ਅਨੁਸਾਰ ਨਹੀਂ ਸੀ। ਹੁਣ ਨਵੀਂ ਸਰਕਾਰ ਆਉਣ ਤੋਂ ਬਾਅਦ 10ਵੀਂ ਜਮਾਤ ਲਈ ਇਤਿਹਾਸ ਦੀ ਪੁਸਤਕ ਦੇ, "ਅੰਗਰੇਜ਼ੀ ਸਾਮਰਾਜ ਦਾ ਵਿਰੋਧ ਤੇ ਸੰਘਰਸ਼" ਅਧਿਆਏ ਨੂੰ ਕਮੇਟੀ ਦੇ ਸੁਝਾਵਾਂ ਮੁਤਾਬਕ ਦੁਬਾਰਾ ਲਿਖਿਆ ਗਿਆ ਹੈ। ਪਹਿਲਾਂ ਸਾਵਰਕਰ ਦੀ ਜੀਵਨੀ ਵਿੱਚ ਲਿਖਿਆ ਗਿਆ ਸੀ ਕਿ ਵੀਰ ਸਾਵਰਕਾਰ ਮਹਾਨ ਕ੍ਰਾਂਤੀਕਾਰੀ, ਮਹਾਨ ਦੇਸ਼ ਭਗਤ ਅਤੇ ਮਹਾਨ ਜਥੇਬੰਦਕ ਸਨ। ਹੁਣ ਸ਼ਾਮਲ ਕੀਤੀ ਗਈ ਸਾਵਰਕਰ ਦੀ ਜੀਵਨੀ ਵਿੱਚ ਦੱਸਿਆ ਹੈ ਕਿ ਜੇਲ੍ਹ ਦੇ ਕਸ਼ਟਾਂ ਤੋਂ ਤੰਗ ਆ ਕੇ ਸਾਵਰਕਰ ਨੇ ਅੰਗਰੇਜ਼ੀ ਸਰਕਾਰ ਨੂੰ ਚਾਰ ਵਾਰ ਖਿਮਾਂ ਦੀਆਂ ਅਪੀਲਾਂ ਭੇਜੀਆਂ ਤੇ ਸਰਕਾਰ ਦੇ ਹੁਕਮ ਅਨੁਸਾਰ ਕੰਮ ਕਰਨ ਦਾ ਵਾਅਦਾ ਕੀਤਾ ਸੀ। ਇਸੇ ਕਰਕੇ ਅੰਗਰੇਜ਼ੀ ਸਰਕਾਰ ਨੇ ਸਾਵਰਕਾਰ ਨੂੰ 1921 ਵਿੱਚ ਰਿਹਾਅ ਕਰ ਦਿੱਤਾ ਸੀ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਹਿੰਦੂ ਮਹਾਂ ਸਭਾ ਵਿੱਚ ਸ਼ਾਮਲ ਹੋ ਗਏ ਤੇ ਹਿੰਦੂ ਰਾਸ਼ਟਰ ਬਣਾਉਣ ਦਾ ਕਾਰਜ ਕਰਨ ਲੱਗੇ। ਦੂਜੇ ਵਿਸ਼ਵ ਯੁੱਧ ਵਿੱਚ ਸਾਵਰਕਰ ਨੇ ਗੋਰੀ ਸਰਕਾਰ ਦਾ ਸਾਥ ਦਿੱਤਾ ਅਤੇ 1942 ਦੇ ਭਾਰਤ ਛੱਡੋ ਅੰਦੋਲਨ ਦਾ ਵਿਰੋਧ ਕੀਤਾ। ਗਾਂਧੀ ਦੀ ਹੱਤਿਆ ਤੋਂ ਬਾਅਦ ਉਨ੍ਹਾਂ ਉੱਤੇ ਗੋਡਸੇ ਦੀ ਮਦਦ ਕਰਨ ਦਾ ਵੀ ਦੋਸ਼ ਲੱਗਿਆ ਸੀ। ਇਹ ਦੋਸ਼ ਕਿਸੇ ਹੋਰ ਨੇ ਨਹੀਂ, ਭਾਰਤ ਦੇ ਗ੍ਰਹਿ ਮੰਤਰੀ ਪਟੇਲ ਨੇ ਵੀ ਲਗਾਏ ਸਨ।

ਮੋਦੀ ਸਰਕਾਰ ਦੌਰਾਨ ਜਮਹੂਰੀਅਤ ਦੀ ਰਾਖੀ ਕਰਨ ਵਾਲੇ, ਸੱਚ ਪੇਸ਼ ਕਰਨ ਵਾਲੇ ਪੱਤਰਕਾਰਾਂ ਨੂੰ ਗੁੰਡਿਆਂ ਦੀ ਫ਼ੌਜ ਰਾਹੀਂ ਗਾਲ੍ਹਾਂ ਪ੍ਰੈਸ ਕੇ ਮਾਨਸਿਕ ਤਸੀਹੇ ਦਿੱਤੇ ਗਏ ਤੇ ਕਈ ਕਤਲ ਕੀਤੇ ਗਏ। ਬੁੱਧੀਜੀਵੀਆਂ ਦੇ ਨਾ ਅਰਬਨ ਨਕਸਲਵਾਦ ਨਾਲ ਜੋੜ ਕੇ ਉਹਨਾਂ ਨੂੰ ਦੇਸ਼ਧ੍ਰੋਹ ਦੇ ਨਾਮ 'ਤੇ ਜੇਲ੍ਹਾਂ ਵਿਚ ਧੱਕਿਆ ਗਿਆ। ਇਸ ਸਮੇਂ ਭਾਜਪਾ ਇਕ ਤਰ੍ਹਾਂ ਹਿੰਦੂ ਰਾਸ਼ਟਰਵਾਦ ਦੇ ਮੁੱਦੇ 'ਤੇ ਹੀ ਚੋਣਾਂ ਲੜ ਰਹੀ ਹੈ। ਭਾਰਤ ਦੀ ਅਰਥ-ਵਿਵਸਥਾ ਕੀ ਹੈ, ਲੋਕਾਂ ਦੇ ਮੁੱਦੇ ਕੀ ਹਨ, ਇਸ ਬਾਰੇ ਕੋਈ ਖਿਆਲ ਨਹੀਂ। ਹੁਣੇ ਜਿਹੇ ਟਾਈਮ ਮੈਗਜ਼ੀਨ ਨੇ ਮੋਦੀ ਦੀ ਡੂੰਘੀ ਆਲੋਚਨਾ ਕੀਤੀ ਹੈ ਤੇ ਭਾਰਤੀ ਜਮਹੂਰੀਅਤ 'ਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ। ਅਮਰੀਕਾ ਦੀ ਮਸ਼ਹੂਰ ਟਾਈਮ ਮੈਗ਼ਜ਼ੀਨ ਨੇ ਆਪਣੇ ਤਾਜ਼ਾ ਅੰਕ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਕਵਰ ਸਟੋਰੀ ਕੀਤੀ ਹੈ। ਮੈਗ਼ਜ਼ੀਨ ਦੇ ਕਵਰ ਉੱਤੇ ਨਰਿੰਦਰ ਮੋਦੀ ਦੀ ਇਲੈਸਟ੍ਰੇਟ ਤਸਵੀਰ ਦੇ ਨਾਲ ਲਿਖਿਆ ਗਿਆ ਹੈ ,'India's Divider in Chief' "ਟਾਈਮਜ਼ ਦਾ ਨਵਾਂ ਇੰਟਰਨੈਸ਼ਨਲ ਕਵਰ : ਕੀ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਮੋਦੀ ਸਰਕਾਰ ਨੂੰ ਆਉਣ ਵਾਲੇ 5 ਹੋਰ ਸਾਲ ਬਰਦਾਸ਼ਤ ਕਰ ਸਕਦਾ ਹੈ।" ਟਾਈਮ ਦੀ ਵੈਬਸਾਈਟ ਉੱਪਰ ਜੋ ਸਟੋਰੀ ਪ੍ਰਕਾਸ਼ਿਤ ਕੀਤੀ ਗਈ ਹੈ ਉਸ ਵਿੱਚ ਨਰਿੰਦਰ ਮੋਦੀ ਦੇ ਗੁਜਰਾਤ ਦੇ ਮੁੱਖ ਮੰਤਰੀ ਤੋਂ ਦੇਸ਼ ਦੇ

ਬਾਕੀ ਸਫ਼ਾ 29 'ਤੇ

# ਨਵੀਂ ਬਣਨ ਜਾ ਰਹੀ ਸਰਕਾਰ ਗੋਚਰੇ ਕੰਮ

**ਗੁਰਮੀਤ ਪਲਾਹੀ**

ਕੇਂਦਰ ਵਿੱਚ ਨਵੀਂ ਸਰਕਾਰ ਬਣਨ ਜਾ ਰਹੀ ਹੈ। ਸਰਕਾਰ ਜਿਸ ਕਿਸੇ ਦੀ ਵੀ ਆਵੇ, ਉਸ ਦੇ ਲਈ ਸ਼ੁਰੂ ਵਾਲੇ ਸੌ-ਡੇਢ ਸੌ ਦਿਨ ਬਿਲਕੁਲ ਵੀ ਸੌਖੇ ਨਹੀਂ ਹਨ, ਕਿਉਂਕਿ ਵਰਲਡ ਇਕਨੌਮਿਕ ਫੋਰਮ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਵਰ੍ਹੇ ਦੁਨੀਆ ਦੇ 70 ਫੀਸਦੀ ਦੇਸ਼ਾਂ ਵਿੱਚ ਮੰਦੀ ਦਾ ਦੌਰ ਹੋਣ ਦੇ ਆਸਾਰ ਹਨ ਤੇ ਭਾਰਤ ਉਹਨਾਂ ਵਿੱਚੋਂ ਇੱਕ ਹੈ। ਨਵੀਂ ਸਰਕਾਰ ਅੱਗੇ ਪਹਿਲੀ ਚੁਣੌਤੀ ਵਿਸ਼ਵ ਮੰਦੀ ਦੇ ਸਮਾਨਾਂਤਰ, ਵਿਕਾਸ ਦੀ ਬਹਾਲੀ ਕਰਨੀ ਹੋਵੇਗੀ। ਗਰੀਬੀ ਦੂਰ ਕਰਨ ਲਈ ਜ਼ਰੂਰੀ ਸੋਮਿਆਂ ਦੀ ਵਰਤੋਂ ਕਰਨੀ ਪਵੇਗੀ। ਬੇਰੁਜ਼ਗਾਰੀ ਤਾਂ ਮੁੱਖ ਮੁੱਦਾ ਹੈ ਹੀ, ਖੇਤੀ ਸੰਕਟ ਨੇ ਜਿਸ ਢੰਗ ਨਾਲ ਕਿਸਾਨਾਂ ਵਿੱਚ ਉਪਰਾਮਤਾ ਪੈਦਾ ਕੀਤੀ ਹੋਈ ਹੈ, ਉਹ ਬੇਰੁਜ਼ਗਾਰੀ ਨਾਲੋਂ ਵੀ ਵੱਡੀ ਹੈ ਅਤੇ ਆਉਣ ਵਾਲੀ ਸਰਕਾਰ ਲਈ ਖੇਤੀ ਸੰਕਟ ਮੁੱਖ ਚਣੌਤੀ ਬਣਕੇ ਉਭਰੇਗਾ।

ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਜੋ ਸਿਆਸੀ ਦੌਰ ਚੱਲਿਆ ਹੈ, ਉਸ ਵਿੱਚ ਘਪਲਿਆਂ, ਘੁਟਾਲਿਆਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਇਆ ਹੈ, ਨੈਤਿਕ ਮੁੱਲਾਂ ਦਾ ਘਾਣ ਹੋਇਆ ਹੈ। ਰਸੂਖਦਾਰ ਵੱਡੇ ਨੇਤਾਵਾਂ, ਮੰਤਰੀਆਂ ਅਤੇ ਅਫ਼ਸਰਸ਼ਾਹੀ ਦੀ ਮਿਲੀ ਭੁਗਤ ਨੇ ਭ੍ਰਿਸ਼ਟਾਚਾਰ ਅਤੇ ਕੰਮ ਚੋਰਾਂ ਵਾਲਾ ਦੇਸ਼ ਵਿੱਚ ਸਭਿਆਚਾਰ ਪੈਦਾ ਕਰ ਦਿੱਤਾ ਹੈ। ਆਪਣੀ ਸਵਾਰਥ ਸਿੱਧੀ ਲਈ ਨੇਤਾਵਾਂ ਵਲੋਂ ਦੇਸ਼ ਤੇ ਕੌਮ ਦੇ ਹਿੱਤ ਵੇਚੇ ਜਾ ਰਹੇ ਹਨ। ਧਰਮ, ਜਾਤ-ਪਾਤ ਦੇ ਨਾਮ ਉਤੇ ਰਾਜਨੀਤੀ ਕੀਤੀ ਜਾ ਰਹੀ ਹੈ। ਅਲੀ-ਬਲੀ ਦੀ ਰਾਜਨੀਤੀ ਜ਼ੋਰਾਂ ਉਤੇ ਹੈ। ਗੋਡਸੇ ਵਰਗੇ ਆਤੰਕਵਾਦੀ ਨੂੰ ਦੇਸ਼ ਭਗਤ ਗਰਦਾਨਿਆਂ ਜਾ ਰਿਹਾ ਹੈ। ਲੋਕਸ਼ਾਹੀ ਵਿੱਚ ਲੋਕਾਂ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਗਿਆ ਹੈ ਅਤੇ ਹੁਣ ਸਿਆਸਤ ਨੂੰ ਸਿਰਫ਼ ਪੈਸੇ ਵਾਲਿਆਂ ਲਈ ਰਿਜ਼ਰਵ ਕਰ ਦਿੱਤਾ ਗਿਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਮੋਦੀ ਰਾਜ ਵਿੱਚ ਅਰਥ ਵਿਵਸਥਾ ਪੂਰੀ ਤਰ੍ਹਾਂ ਚਰ-ਮਰਾ ਗਈ। ਨੋਟਬੰਦੀ, ਜੀ ਐਸ ਟੀ ਨੇ ਲੋਕਾਂ ਦਾ ਦਮ ਘੁੱਟ ਦਿੱਤਾ । ਪੇਂਡੂ ਖੇਤਰ ਲਈ ਬਣਾਈਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਮਹਿੰਗੀਆਂ ਅਤੇ ਲੋਕ ਹਿਤੂ ਸਮਾਜ ਯੋਜਨਾਵਾਂ ਥੈਲੇ ਵਿਚ ਪਾਕੇ ਕੰਧ ਉਤੇ ਟੰਗ ਦਿੱਤੀਆਂ ਗਈਆਂ। ਰੁਜ਼ਗਾਰ ਸਿਰਜਣ ਦਾ ਕੋਈ ਉਪਾਅ ਨਹੀਂ ਕੀਤਾ ਗਿਆ, ਉਤਪਾਦਨ ਖੇਤਰ ਵਿੱਚ ਕੁਝ ਵੀ ਕਰਨ ਦਾ ਸਿਹਰਾ ਵੀ ਮੋਦੀ ਸਰਕਾਰ ਸਿਰ ਰਿਹਾ। ਏਅਰ ਇੰਡੀਆ ਅਤੇ ਹੋਰ ਸਰਕਾਰੀ ਸੰਸਥਾਵਾਂ 1.80 ਲੱਖ ਕਰੋੜ ਘਾਟੇ ਵਿਚ ਚਲੇ ਗਈਆਂ। ਸਰਵਜਨਕ ਬੈਂਕਾਂ ਵਿਚ ਵੱਡੇ ਘਪਲੇ ਹੋਏ। ਅਰਬਾਂ ਰੁਪਏ ਇਹਨਾ ਬੈਂਕਾਂ ਦੇ ਘਾਟੇ ਪੂਰਨ ਅਤੇ ਇਹਨਾ ਨੂੰ ਜੀਉਂਦੇ ਰੱਖਣ ਲਈ ਦੇ ਦਿੱਤੇ ਗਏ, ਪਰ ਦੇਸ਼ ਦੇ ਅੰਨਦਾਤਾ ਕਿਸਾਨ ਦੀ ਸਥਿਤੀ ਬੇਹਤਰ ਕਰਨ ਲਈ ਕਰਜ਼ਾ-ਮੁਆਫ਼ੀ ਦੀ ਯੋਜਨਾ ਮੋਦੀ ਸਰਕਾਰ ਨੇ ਪ੍ਰਵਾਨ ਨਾ ਕੀਤੀ। ਇਸ ਬਾਰੇ ਭਾਜਪਾ ਦੀ ਹੀ ਨਹੀਂ, ਬਾਕੀ ਪਾਰਟੀਆਂ ਦੀ ਚੁੱਪੀ ਵੀ ਵੱਡਾ ਸਵਾਲ ਹੈ!



ਨਵੀਂ ਬਨਣ ਵਾਲੀ ਸਰਕਾਰ ਸਾਹਮਣੇ ਸਭ ਤੋਂ ਵੱਡੀ ਆਉਣ ਵਾਲੀ ਸਮੱਸਿਆ ਦੇਸ਼ ਦੇ 1.35 ਅਰਬ ਆਬਾਦੀ ਲਈ ਖਾਣ ਵਾਲੇ ਪਦਾਰਥ ਪੈਦਾ ਕਰਨਾ ਹੈ। ਨੈਸ਼ਨਲ ਸੈਂਪਲ ਸਰਵੇ ਆਫ਼ਿਸ ਦੇ ਅਨੁਸਾਰ 2011 ਦੇ ਖ਼ਪਤ ਖ਼ਰਚ ਸਰਵੇ ਤੋਂ ਪਤਾ ਚਲਿਆ ਹੈ ਕਿ ਇੱਕ ਔਸਤ ਭਾਰਤੀ ਆਪਣੇ ਮਾਸਿਕ ਖ਼ਰਚ ਦਾ ਲਗਭਗ 45 ਫੀਸਦੀ ਭੋਜਨ ਉਤੇ ਖ਼ਰਚ ਕਰਦਾ ਹੈ। ਇਸਦਾ ਮਤਲਬ ਹੈ ਕਿ ਭਾਰਤ ਵਿੱਚ ਖਾਣ ਵਾਲੇ ਪਦਾਰਥਾਂ ਦੀ ਮੰਗ ਆਉਣ ਵਾਲੇ ਦਿਨਾਂ ਵਿੱਚ ਵਧਣ ਵਾਲੀ ਹੈ। ਇਸ ਲਈ ਇੱਕ ਬੁਨਿਆਦੀ ਸਵਾਲ ਪੈਦਾ ਹੁੰਦਾ ਹੈ ਕਿ ਕੀ ਭਾਰਤ ਖੁਦ ਆਪਣੇ ਲਈ ਖਾਣ ਵਾਲੇ ਪਦਾਰਥ ਪੈਦਾ ਕਰ ਸਕਦਾ ਹੈ ਜਾਂ ਇਸ ਨੂੰ ਦੇਸ਼ ਤੋਂ ਬਾਹਰੋਂ ਖਾਣ ਵਾਲੇ ਪਦਾਰਥ ਮੰਗਵਾਉਣੇ ਪੈਣਗੇ। ਦੇਸ਼ ਵਿਚ ਧਰਤੀ ਹੇਠਲੇ ਪਾਣੀ ਦਾ ਸਤਰ ਘੱਟ ਰਿਹਾ ਹੈ। ਸੋਕਾ ਵਧ ਰਿਹਾ ਹੈ। ਮੋਦੀ ਸਰਕਾਰ ਨੇ ਖੇਤੀ ਸੰਕਟ ਦੂਰ ਕਰਨ ਦੀ ਗੱਲ ਕੀਤੀ। ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਨਾਹਰਾ ਵੀ ਦਿੱਤਾ। ਪਰ ਜ਼ਮੀਨੀ ਪੱਧਰ ਤੇ ਕੁਝ ਨਹੀਂ ਹੋਇਆ। ਨਵੀਂ ਸਰਕਾਰ ਸਾਹਮਣੇ ਇਹ ਵੱਡਾ ਮਸਲਾ ਹੋਏਗਾ ਕਿ ਘੱਟੋ-ਘੱਟ ਨੀਅਤ ਕੀਤੀ ਫਸਲਾਂ ਦੀ ਕੀਮਤ ਕਿਸਾਨ ਨੂੰ ਜ਼ਰੂਰ ਮਿਲੇ ਤਾਂ ਕਿ ਇਹਦਾ ਲਾਭ ਸਿੱਧਾ ਕਿਸਾਨਾਂ ਨੂੰ ਮਿਲੇ, ਦਲਾਲ ਹੀ ਸਭ ਕੁਝ ਲੁੱਟ ਕੇ ਨਾ ਲੈ ਜਾ ਸਕਣ, ਜਿਵੇਂ ਕਿ ਪਿੱਛੇ ਵਾਪਰਿਆ ਹੈ। ਦੇਸ਼ ਦੇ ਹਰ ਨਾਗਰਿਕ ਨੂੰ ਸਿੱਖਿਆ , ਸਿਹਤ ਸਹੂਲਤਾਂ ਮਿਲਣ। ਗਰੀਬ ਪਰਿਵਾਰਾਂ ਦੀ ਘੱਟੋ-ਘੱਟ ਮਾਸਿਕ ਆਮਦਨ ਨਿਸ਼ਚਤ ਹੋਵੇ। ਅੱਜ ਲੱਖਾਂ ਟਨ ਅਨਾਜ ਗੁਦਾਮਾਂ ਵਿੱਚ ਸੜ ਜਾਂਦਾ ਹੈ, ਪਰ ਗਰੀਬ ਦੇ ਮੂੰਹ ਵਿਚ ਨਹੀਂ ਪੈਂਦਾ। ਨੌਜਵਾਨ ਦੇਸ਼ ਵਿਚਲੀ ਭੈੜੀ ਸਿੱਖਿਆ ਤੋਂ ਆਤੁਰ ਹੋਕੇ ਵਿਦੇਸ਼ਾਂ ਵਿਚ ਮਹਿੰਗੀ ਸਿਖਿਆ ਲੈਣ ਲਈ ਮਜ਼ਬੂਰ ਹੋ ਰਹੇ ਹਨ।

ਸਸਤੇ ਪਾਣੀ ਦੀ ਸੋਧ ਦੀ ਘਾਟ ਕਾਰਨ ਕਰੋੜਾਂ ਲਿਟਰ ਪਾਣੀ ਵਿਅਰਥ ਗੁਆਇਆ ਜਾ ਰਿਹਾ ਹੈ। ਹਵਾ, ਪਾਣੀ, ਪ੍ਰਦੂਸ਼ਣ ਦੇਸ਼ ਵਿੱਚ ਵਧਦਾ ਹੀ ਜਾ ਰਿਹਾ ਹੈ। ਸਿੱਖਿਆ ਸੰਸਥਾਵਾਂ ਤੇ ਸਿਹਤ ਸੇਵਾਵਾਂ ਨਿੱਜੀ ਹੱਥਾਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਨਵੀਂ ਸਰਕਾਰ ਜ਼ੁੰਮੇ ਇਹ ਬਹੁਤ ਵੱਡੀਆਂ ਚਣੌਤੀਆਂ ਹਨ। ਵੱਧ ਰਹੀ ਆਬਾਦੀ ਨਿਸ਼ਚਿਤ ਰੂਪ ਵਿੱਚ ਵੱਡੀ ਚਣੌਤੀ ਹੈ, ਪਰ ਕਿਉਂਕਿ ਕੁਲ ਆਬਾਦੀ ਦਾ ਦੋ ਤਿਹਾਈ ਭਾਰਤੀ 35 ਵਰ੍ਹਿਆਂ ਤੋਂ ਘੱਟ ਉਮਰ ਦੇ ਹਨ, ਜੇਕਰ ਇਸ ਜਵਾਨ ਭਾਰਤ ਨੂੰ ਵੋਕੇਸ਼ਨਲ ਸਿੱਖਿਆ ਦੇ ਕੇ, ਹੱਥੀਂ ਕੰਮ ਕਰਨ ਲਈ ਸਾਧਨ ਪੈਦਾ ਕੀਤੇ ਜਾਣ ਤਾਂ ਕੋਈ ਕਾਰਨ ਨਹੀਂ ਕਿ ਭਾਰਤ ਦੇਸ਼, ਦੁਨੀਆਂ ਦੀ ਵੱਡੀ ਅਰਥ ਵਿਵਸਥਾ ਬਣ ਜਾਏਗਾ। ਭਾਰਤ ਇਸ ਵੇਲੇ 2.5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਹੈ। ਸਾਲ 2030 ਤੱਕ ਭਾਰਤ ਸਤ ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਬਣ ਜਾਏਗਾ। ਸ਼ਹਿਰੀਕਰਨ,ਵਿਕਾਸ ਅਤੇ ਨੌਕਰੀਆਂ ਅਰਥ ਵਿਵਸਥਾ ਨੂੰ ਵਿਸਥਾਰ ਦੇਣ ਦੀ ਕੁੰਜੀ ਬਣ ਸਕਦੀ ਹੈ। ਰੁਜ਼ਗਾਰ ਮਾਨਵ ਪੂੰਜੀ ਹੈ ਅਤੇ ਜਿੰਨਾ ਰੁਜ਼ਗਾਰ ਸਿਰਜਨ ਹੋਏਗਾ, ਉਤਨਾ ਹੀ ਦੇਸ਼ ਦੀ ਸਥਿਤੀ ਸੁਧਰੇਗੀ, ਭੁੱਖਮਰੀ, ਗਰੀਬੀ ਘਟੇਗੀ।


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।

**ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।**



### ਬੇਨਤੀ ਕਰਤਾ:

ਗੁਰਦੁਆਰਾ ਸਾਹਿਬ ਫਰੀਮਾਂਟ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ ਐਲ ਸਬਰਾਂਟੇ
ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
ਸਿੱਖ ਟੈਂਪਲ ਮੋਡੈਸਟੋ
ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ

ਗੁਰਦੁਆਰਾ ਸਾਹਿਬ ਸੈਲਮਾ
ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
ਸਿੱਖ ਟੈਂਪਲ ਲੋਡਾਈ
ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
ਗੁਰਦੁਆਰਾ ਸਾਹਿਬ ਟਰਲਕ
ਗੁਰਦੁਆਰਾ ਸਾਹਿਬ ਮਡੇਰਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# ਨਵੀਂ ਕਿਤਾਬ




ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

## ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info

ੴ ਸਤਿਗੁਰ ਪ੍ਰਸਾਦਿ।
ਜਨਮ ਮਰਨ ਦੁਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ।।

# ਹਾਲੀਵੁੱਡ ਸਿੱਖ ਗੁਰਦੁਆਰਾ, ਲਾਸ ਏਂਜਲਸ

1966 N Vermont Ave. Los Angles CA-90027 Phone 323-665-7707

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ



ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ ਅਤੇ ਹਾਲੀਵੁੱਡ ਸਿੱਖ ਗੁਰਦੁਆਰਾ ਸਾਹਿਬ ਦੀ ਸਾਰੀ ਕਮੇਟੀ ਦੇ ਸਹਿਯੋਗ ਨਾਲ

**ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ**

**ਐਤਵਾਰ, ਜੂਨ 16, 2019**

**ਨੂੰ ਮਨਾਈ ਜਾ ਰਹੀ ਹੈ**

ਆਪ ਸਾਰੀਆਂ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜੀ ਦੀ ਬਰਸੀ ਉਤੇ ਹੁੰਮ ਹੁਮਾ ਕੇ ਪੁੱਜੋ ਅਤੇ ਜੀਵਨ ਸਫ਼ਲ ਕਰੋ ਜੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਸਿੱਖ ਪੰਥ ਵਿੱਚ ਇੱਕ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਅੱਜ ਸਾਰਾ ਪੰਜਾਬ ਉਹਨਾਂ ਦੀ ਬਖ਼ਸ਼ਿਸ਼ ਸਦਕਾ ਹੀ ਸਾਰੇ ਸੰਸਾਰ ਵਿਚ ਉਜਵਲ ਇਤਿਹਾਸ ਸਿਰਜ ਰਿਹਾ ਹੈ।

### ਉਚੇਚੇ ਤੌਰ 'ਤੇ ਪਹੁੰਚ ਰਹੇ ਕੀਰਤਨੀ ਜਥੇ

ਭਾਈ ਰਵਿੰਦਰ ਸਿੰਘ ਰਸੀਆ ਅਤੇ ਜਥਾ
ਹਜ਼ੂਰੀ ਰਾਗੀ ਜਥਾ ਭਾਈ ਮਨਜੀਤ ਸਿੰਘ
ਭਾਈ ਅਜੀਤ ਸਿੰਘ ਅਤੇ ਜਥੇ ਤੋਂ ਇਲਾਵਾ
ਹੋਰ ਵੀ ਮਹਾਨ ਕੀਰਤਨੀ ਜਥੇ ਪਹੁੰਚ ਰਹੇ ਹਨ।

### ਪ੍ਰੋਗਰਾਮ ਦਾ ਵੇਰਵਾ :

**ਸ਼ੁੱਕਰਵਾਰ ਜੂਨ 14, 2019**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ

**ਐਤਵਾਰ ਜੂਨ 16, 2019**
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10:00 ਵਜੇ ਸਵੇਰੇ
ਉਪਰੰਤ ਆਸਾ ਦੀ ਵਾਰ ਜੀ ਦੇ ਕੀਰਤਨ ਅਤੇ
ਕੀਰਤਨ ਦਰਬਾਰ ਸਜਾਏ ਜਾਣਗੇ।
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਹੋਰ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫ਼ੋਨ ਨੰਬਰ : 323-665-7707, ਅਮਰੀਕ ਸਿੰਘ 818-331-1459, ਸ. ਹਰਭਜਨ ਸਿੰਘ 818-486-6579

### ਸੇਵਾਦਾਰ ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ

ਪਾਲ ਸਿੰਘ ਲੁਬਾਣਾ ਬ੍ਰਦਰ, ਸੁਰਜੀਤ ਸਿੰਘ ਬਾਵਾ ਅਤੇ ਬ੍ਰਦਰ, ਸਤਪਾਲ ਗੋਤਰਾ ਅਤੇ ਬ੍ਰਦਰ ਜਗਦੀਪ ਸਿੰਘ, ਸੰਤ ਸਿੰਘ ਅਤੇ ਬ੍ਰਦਰ, ਬਲੀ ਗੋਤਰਾ, ਸੰਤੋਖ ਸਿੰਘ, ਗੁਰਬਚਨ ਸਿੰਘ ਮੁਲਤਾਨੀ, ਬਲਦੇਵ ਸਿੰਘ ਮੁਲਤਾਨੀ, ਨਿਰੰਜਨ ਸਿੰਘ, ਨਿਰਮਲ ਸਿੰਘ, ਫੌਜੀ ਕੁਲਵਿੰਦਰ ਸਿੰਘ ਮੁਲਤਾਨੀ, ਜਸਵਿੰਦਰ ਸਿੰਘ ਮੁਲਤਾਨੀ ਬ੍ਰਦਰ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਸੁੱਚਾ ਸਿੰਘ, ਮਸਤਾਨ ਸਿੰਘ, ਤਜਿੰਦਰ ਸਿੰਘ ਖਲੀਲ ਐਂਡ ਬ੍ਰਦਰ, ਨਿਧਾਨ ਸਿੰਘ, ਅਮਰਦੀਪ ਸਿੰਘ ਜੌਨੀ, ਜੋਗਿੰਦਰ ਸਿੰਘ ਬਿੱਲਾ, ਅਜਮੇਰ ਸਿੰਘ, ਲਖਵੀਰ ਸਿੰਘ ਬ੍ਰਦਰ, ਜਗਜੀਤ ਸਿੰਘ ਗੋਤਰਾ, ਜਸਵਿੰਦਰ ਸਿੰਘ ਘੋਤੜਾ,ਬਲਕਾਰ ਸਿੰਘ, ਚਰਨਜੀਤ ਸਿੰਘ ਮੁਲਤਾਨੀ, ਪਰਮਜੀਤ ਸਿੰਘ ਮੁਲਤਾਨੀ ਬ੍ਰਦਰ, ਨਿਰਮਲ ਸਿੰਘ ਪਰਿਵਾਰ, ਰਨਜੀਤ ਸਿੰਘ ਬ੍ਰਦਰ, ਸੁਰਿੰਦਰ ਸਿੰਘ, ਪ੍ਰਕਾਸ਼ ਸਿੰਘ, ਮੇਹਰ ਸਿੰਘ, ਸੇਠੀ, ਅਮਰੀਕ ਸਿੰਘ, ਸੁਰਿੰਦਰ ਕੌਰ, ਜਸਵਿੰਦਰ ਸਿੰਘ, ਰੁਪਿੰਦਰ ਸਿੰਘ, ਅਮਰੀਕ ਸਿੰਘ ਰਸੀਆ, ਬਲਜਿੰਦਰ ਸਿੰਘ ਮੁਲਤਾਨੀ, ਮਨਜੀਤ ਸਿੰਘ ਖਲੀਲ, ਸੁਖਦੇਵ ਸਿੰਘ ਮੁਲਤਾਨੀ, ਗੁਰਮੀਤ ਸਿੰਘ ਮੁਲਤਾਨੀ, ਹਰਭਜਨ ਸਿੰਘ ਮੁਲਤਾਨੀ, ਕੁਲਵਿੰਦਰ ਸਿੰਘ, ਰਵੀ ਸੇਠੀ, ਕਰਪਾਲ ਸਿੰਘ, ਜੰਗਸ਼ੇਰ ਸਿੰਘ, ਕਮਲਜੀਤ ਸਿੰਘ, ਸਤਨਾਮ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ ਬ੍ਰਦਰ, ਗੁਰਦੇਵ ਸਿੰਘ ਅਤੇ ਜਸਵਿੰਦਰ ਸਿੰਘ ਬਿੱਲਾ।

**Hollywood Sikh Temple, 1966 N, Vermont Ave, Los Angeles, CA 90027 (323-665-7707)**
www.hollywoodsikhtemple.com • Follow us on : Facebook



Sandhu Herbals™
ਸੰਧੂ ਹਰਬਲਜ਼
ਤੰਦਰੁਸਤ ਸਿਹਤ
VEGETARIAN
SanGluco®
ਸ਼ੂਗਰ ਲਈ
ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
1 ਮਹੀਨੇ ਦੀ ਖ਼ੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
Supports blood sugar levels already within optimal range*
Promotes healthy weight management*
Bitter Melon also known as karela, it helps regulate normal glucose tolerance*
Price : $ 30
Bitter Melon (Karela)
Buy Sugar Destroyer Tea Get Karela Capsules Free
SanPhala®
ਕਬਜ਼ ਅਤੇ ਪੇਟ ਸਾਫ਼ ਲਈ
ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
Helps relieve occasional constipation*
Provides a gentle colon cleanse and detox action. *
Supports colon health, regulates intestines to remove stagnant waste.
Buy now : $ 14.99
FREE SHIPPING
SanLipid®
ਕਲੈਸਟਰੋਲ ਲਈ
ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
Helps maintain cholesterol levels already within normal range*
Supports heart health.*
Buy now : $ 19.99
SanAshwa®
MINDFUL LIFE SCIENCE
ਤਣਾਅ, ਚਿੰਤਾ ਅਤੇ ਤਾਕਤ ਲਈ
ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖ਼ੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖ਼ੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
SanAshwa® is a cutting-edge scientific formula rooted in the ancient wisdom of herbs to help you live a happier, healthier life*.
Designed by pharmacists and herbal experts, SanAshwa® has undergone rigorous scientific testing to ensure it is safe and effective.*
Price : $ 49.99
SANDHU HERBALS
Livermore, CA 94551 U.S.A.
ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849
www.sandhuherbals.com | Toll Free : 1 800 570 8849 | MON-SAT 9 AM TO 6 PM

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ, 3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**






**Asking price $2,150,000**

Address 2101 E Charter way Stockton available.

Please Contact Ranjit Singh at 408-355-5700



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਸਿੰਘ ਸਭਾ ਲਹਿਰ ਨੂੰ ਗੋਰਿਆਂ ਦਾ ਪਿਛਲੱਗ ਕਹਿਣ 'ਤੇ ਛਿੜੀ ਬਹਿਸ

**ਪੇਸ਼ਕਸ਼ : ਪ੍ਰੋ. ਬਲਵਿੰਦਰਪਾਲ ਸਿੰਘ**

ਕਾਮਰੇਡ ਸ਼ਬਦੀਸ਼ ਪੰਜਾਬੀ ਕਾਮਰੇਡਾਂ ਦੇ ਵੱਡੇ ਫਿਲਾਸਫਰ ਮੰਨੇ ਜਾਂਦੇ ਹਨ। ਉਹਨਾਂ ਨਾਲ (ਮੇਰੀ) ਪ੍ਰੋ. ਬਲਵਿੰਦਰਪਾਲ ਸਿੰਘ ਦੀ ਇਕ ਬਹਿਸ ਸੋਸ਼ਲ ਮੀਡੀਆ ਪਲੇਟਫਾਰਮ ਉਤੇ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਗਰੁੱਪ ਵਿਚ ਚੱਲੀ। ਸ਼ਬਦੀਸ਼ ਜੀ ਆਖਦੇ ਹਨ ਕਿ ਸਿੰਘ ਸਭਾ ਲਹਿਰ ਬਰਤਾਨੀਆ ਸਾਮਰਾਜ ਪੱਖੀ ਦੇਸ਼ ਭਗਤੀ ਵਿਰੁੱਧ ਸੀ।

ਪ੍ਰੋ. ਬਲਵਿੰਦਰਪਾਲ ਸਿੰਘ ਦਾ ਜੁਆਬ ਹੈ ਕਿ "ਸ਼ਬਦੀਸ਼ ਕੁਮਾਰ ਜੀ ਤੁਸੀਂ ਮਾਰਕਸਵਾਦੀ ਹੋ ਤੇ ਜੁਆਬ ਦੇਵੋ ਕਿ ਮਾਰਕਸ ਤੇ ਲੈਨਿਨ ਦੀ ਫਿਲਾਸਫੀ ਰਾਸ਼ਟਰਵਾਦ ਬਾਰੇ ਕੀ ਕਹਿੰਦੀ ਹੈ? ਦੂਜੀ ਗੱਲ ਸਿੰਘ ਸਭਾ ਲਹਿਰ ਦਾ ਨਿਸ਼ਾਨਾ ਦੇਸ ਭਗਤੀ ਨਹੀਂ, ਸਿੱਖ ਧਰਮ ਦਾ ਵਿਕਾਸ ਸੀ। ਤੁਸੀਂ ਕਾਨਪਰੇਸੀ ਤਹਿਤ ਸਿੱਖਾਂ ਦੀ ਇਤਿਹਾਸਕ ਦੇਣ ਦੀ ਆਲੋਚਨਾ ਕਰ ਰਹੇ ਹੋ ਕਿ ਉਹ ਦੇਸ ਭਗਤ ਕਿਉਂ ਨਹੀਂ ਸਨ? ਮੈਂ ਤੁਹਾਡੇ ਕੋਲੋਂ ਸੁਆਲ ਕਰਾਂ ਮਾਰਕਸ ਜਿਸ ਦੇਸ ਵਿਚ ਰਿਹਾ ਉਸ ਦੇਸ ਦਾ ਭਗਤ ਕਿਉਂ ਨਾ ਬਣਿਆ? ਕੀ ਇਹ ਕਹਿਣਾ ਵਾਜਿਬ ਹੈ ਕਿ ਉਸ ਨੇ ਤਾਂ ਗਦਾਰੀ ਕੀਤੀ। ਵਾਜਿਬ ਇਹ ਗੱਲ ਹੈ ਕਿ ਮਾਰਕਸ ਦੀ ਆਪਣੇ ਸਮਾਜ ਨੂੰ ਕੀ ਦੇਣ ਸੀ? ਮਹਾਰਾਜਾ ਦਲੀਪ ਸਿੰਘ (ਸੰਨ 1853) ਤੇ ਕੰਵਰ ਹਰਨਾਮ ਸਿੰਘ (ਕਪੂਰਥਲਾ) ਵੱਲੋਂ ਈਸਾਈ ਧਰਮ ਕਬੂਲ ਕਰ ਲੈਣ ਤੇ ਸੰਨ 1873 ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਦੁਆਰਾ ਈਸਾਈ ਮੱਤ ਗ੍ਰਹਿਣ ਕਰਨ ਦੀ ਇੱਛਾ ਪ੍ਰਗਟਾਉਣ ਦੇ ਘਟਨਾਕਰਮ ਨੇ ਸਿੰਘ ਸਭਾ ਲਹਿਰ ਅੰਮ੍ਰਿਤਸਰ ਨੂੰ ਜਨਮ ਦਿੱਤਾ। ਇਸ ਨੂੰ ਸ਼ੁਰੂ ਕਰਨ ਵਿਚ ਕੰਵਰ ਬਿਕਰਮ ਸਿੰਘ (ਕਪੂਰਥਲਾ), ਬਾਬਾ ਖੇਮ ਸਿੰਘ ਬੇਦੀ (ਕੋਲਾਰ, ਰਾਵਲਪਿੰਡੀ) ਤੇ ਠਾਕੁਰ ਸਿੰਘ ਸੰਧਾਵਾਲੀਆ ਸਨ। ਸਿੰਘ ਸਭਾ ਲਹਿਰ ਦਾ ਉਦੇਸ਼ ਸਿੱਖ ਭਾਈਚਾਰੇ ਅੰਦਰ ਆਪਣੇ ਧਰਮ ਪ੍ਰਤੀ ਚੇਤਨਾ ਤੇ ਜਾਗ੍ਰਿਤੀ ਦੀਆਂ ਭਾਵਨਾਵਾਂ ਪ੍ਰਫੁੱਲਤ ਕਰਨਾ, ਗੁਰਬਾਣੀ ਦਾ ਪ੍ਰਚਾਰ-ਪਸਾਰ ਕਰਨਾ, ਪੰਜਾਬੀ ਬੋਲੀ ਤੇ ਵਿਦਿਆ ਨੂੰ ਉਤਸ਼ਾਹਿਤ ਕਰਨਾ ਸੀ। ਰਾਸ਼ਟਰਵਾਦ, ਦੇਸ਼-ਭਗਤੀ ਜੋ ਹਿੰਦੂਤਵ ਤੇ ਪੰਜਾਬੀ ਕਾਮਰੇਡਾਂ ਦੇ ਅਹਿਮ ਮੁੱਦੇ ਹਨ ਇਹਨਾਂ ਮੁੱਦਿਆਂ ਨਾਲ ਸਿੰਘ ਸਭਾ ਲਹਿਰ ਤੇ ਸਿੱਖੀ ਦਾ ਕੋਈ ਸਬੰਧ ਨਹੀਂ ਸੀ। ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਉਸ ਸਮੇਂ ਸਿੱਖ ਪੰਥ ਦਾ ਕਿਸੇ ਨਾਲ ਵਿਰੋਧ ਨਹੀਂ ਸੀ ਪਰ ਸਿੱਖ ਵਿਰੋਧੀਆਂ, ਮਨੁੱਖਤਾ ਦੇ ਦੁਸ਼ਮਣਾਂ ਦਾ ਜੁਆਬ ਦੇਣਾ ਉਹ ਜਾਣਦੇ ਸਨ। ਸਵਾਮੀ ਦਇਆਨੰਦ ਦਾ ਗੁਰੂ ਨਾਨਕ ਸਾਹਿਬ ਦੇ ਵਿਰੁੱਧ ਊਲ ਜਲੂਲ ਬੋਲਣਾ ਤੇ ਘਟੀਆ ਟਿੱਪਣੀਆਂ ਕਰਨੀਆਂ ਤੇ ਉਸ ਦਾ ਜੁਆਬ ਗਿਆਨੀ ਦਿੱਤ ਸਿੰਘ ਵੱਲੋਂ ਦੇਣਾ ਤੇ ਤਿੰਨ ਗੋਸ਼ਠੀਆਂ ਦੌਰਾਨ ਸਵਾਮੀ ਦਿਆਨੰਦ ਨੂੰ ਹਰਾ ਕੇ ਪੰਜਾਬ ਛੱਡਣ ਲਈ ਮਜ਼ਬੂਰ ਕਰਨਾ, ਸਾਡੇ ਇਸ ਵਿਦਵਾਨ ਦੀ ਵੱਡੀ ਪ੍ਰਾਪਤੀ ਰਹੀ ਹੈ।

ਵੈਸੇ ਦਇਆਨੰਦ ਅੰਗਰੇਜ਼ ਹਕੂਮਤ ਦੀ ਪੈਦਾਇਸ਼ ਸੀ, ਉਹ ਸਿੱਖ ਧਰਮ ਨਾਲ ਈਰਖਾ ਕਰਦਾ ਸੀ। ਭਗਤ ਸਿੰਘ ਦਾ ਪਰਿਵਾਰ ਇਸ ਦਾ ਪ੍ਰੇਮੀ ਹੋ ਕੇ ਆਰੀਆ ਸਮਾਜੀ ਬਣ ਗਿਆ। ਇਸ ਲਈ ਪੰਜਾਬ ਦੇ ਕਾਮਰੇਡ ਮਾਰਕਸ ਨੂੰ ਅਪਨਾਉਣ ਦੀ ਥਾਂ ਆਰੀਆ ਸਮਾਜੀ ਨੀਤੀਆਂ ਨੂੰ ਅਪਨਾ ਰਹੇ ਹਨ। ਸਾਨੂੰ ਕੋਈ ਗਿਲਾ ਨਹੀਂ ਪਰ ਅਸੀਂ ਤੁਹਾਡੀਆਂ ਇਤਿਹਾਸਕ ਗਲਤੀਆਂ ਦਾ ਤੁਹਾਨੂੰ ਅਹਿਸਾਸ ਕਰਵਾ ਰਹੇ ਹਾਂ। ਜ਼ਰਾ ਇਤਿਹਾਸਕ ਕਾਨਪਰੇਸੀ ਰਚਣ ਤੋਂ ਪਹਿਲਾਂ ਦਇਆਨੰਦ ਦਾ ਇਤਿਹਾਸ ਪੜ੍ਹ ਲਵੋ ਕਿ ਉਸ ਦਾ ਪ੍ਰਭੂ ਕੌਣ ਸੀ? ਕਿਸ ਨੇ ਪੈਦਾ ਕੀਤਾ? ਅੰਗਰੇਜ਼ਾਂ ਨਾਲ ਉਸ ਦੀ ਕੀ ਨੇੜਤਾ ਸੀ? ਕੀ ਤੁਸੀਂ ਪੰਜਾਬੀ ਕਾਮਰੇਡਾਂ ਨੇ ਇਸ ਬਾਰੇ ਸੁਆਲ ਉਠਾਏ ਹਨ? ਪਰ ਸਿੰਘ ਸਭਾ ਲਹਿਰ ਬਾਰੇ ਇਹ ਚਰਚਾ ਤੁਸੀਂ ਕਿਉਂ ਛੇੜ ਰਹੇ ਹੋ? ਜਦ ਕਿ ਆਰੀਆ ਸਮਾਜੀ ਤੇ ਸਿੰਘ ਸਭਾ ਲਹਿਰ ਦੀ ਫਿਲਾਸਫੀ ਨੂੰ ਬਰਾਬਰ ਨਹੀਂ ਰੱਖਿਆ ਜਾ ਸਕਦਾ। ਸਿੰਘ ਸਭਾ ਲਹਿਰ ਕਿਸੇ ਵੀ ਤਰ੍ਹਾਂ ਬਰਤਾਨੀਆ ਹਕੂਮਤ ਪੱਖੀ ਨਹੀਂ ਸੀ।"

**ਸ਼ਬਦੀਸ਼ ਦੀ ਟਿੱਪਣੀ** - ਸ਼ਬਦੀਸ਼ ਜੀ ਨੇ ਮੇਰੇ ਇਸ ਪਾਠ 'ਤੇ ਸੁਆਲ ਉਠਾਉਂਦਿਆਂ ਕਿਹਾ ਕਿ ਚੀਫ਼ ਖਾਲਸਾ ਦੀਵਾਨ ਦੀ ਅਗਵਾਈ ਹੇਠ ਚਲਦੀਆਂ ਸਿੰਘ ਸਭਾਵਾਂ ਦੀ ਭੂਮਿਕਾ ਵੀ ਅੰਗਰੇਜ਼ ਸਾਮਰਾਜ ਨੂੰ ਮਾਈ ਬਾਪ ਸਵੀਕਾਰ ਕਰਨ ਵਾਲ਼ੀ ਹੀ ਸੀ। ਜਨਰਲ ਡਾਇਰ ਨੂੰ ਸਿਰੋਪਾ ਤੱਕ ਦਿੱਤਾ ਗਿਆ ਤੇ ਸਰ ਮਾਈਕਲ ਉਡਵਾਇਰ ਦੀ ਵਿਦਾਈ ਵੇਲ਼ੇ ਸੁੰਦਰ ਸਿੰਘ ਮਜੀਠੀਆ ਤੇ ਹਿੰਦੂ ਮੁਸਲਿਮ ਭਾਈਚਾਰੇ ਦੇ ਨੇਤਾਵਾਂ ਨੇ ਵੀ ਮਿਲ਼ ਕੇ ਸੋਹਲੇ ਗਾਏ ਹਨ। ਧਰਮ ਤੇ ਰਾਜਨੀਤੀ ਦਾ ਗੱਠਜੋੜ ਕਰਨ ਵਾਲੇ ਅਕਸਰ ਬ੍ਰਿਟਿਸ਼ ਸਾਮਰਾਜ ਦੇ ਝੋਲੀ ਚੁੱਕ ਰਹੇ ਸਨ। ਅਕਾਲੀ ਦਲ ਅਪਵਾਦ ਸੀ, ਜੋ ਆਪਣੇ ਇਤਿਹਾਸ ਤੇ ਕਾਲਖ ਥੱਪ ਰਿਹਾ ਹੈ।



**ਪ੍ਰੋ. ਬਲਵਿੰਦਰਪਾਲ ਸਿੰਘ ਦੀ ਟਿੱਪਣੀ** - ਮੈਨੂੰ ਨਹੀਂ ਜਾਪਦਾ ਕਿ ਤੁਸੀਂ ਸਿੰਘ ਸਭਾ ਲਹਿਰ ਦਾ ਇਤਿਹਾਸ ਪੜ੍ਹਿਆ ਹੋਵੇ। ਸਿੰਘ ਸਭਾ ਲਾਹੌਰ ਦਾ ਜ਼ਰਾ ਇਤਿਹਾਸ ਪੜ੍ਹ ਲਵੋ, ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਕੌਣ ਸਨ। ਅਕਾਲ ਤਖਤ ਤੋਂ ਸਿਰੋਪੇ ਦੇਣ ਦੀ ਜੋ ਗੱਲ ਕਰ ਰਹੇ ਹੋ, ਇਹ ਬਰਤਾਨੀਆ ਦੇ ਕਬਜ਼ੇ ਵਿਚ ਸੀ। ਇਹ ਸਿੰਘ ਸਭਾ ਲਹਿਰ ਤੇ ਸਿੱਖ ਕੌਮ ਅਧੀਨ ਨਹੀਂ ਸੀ। ਸ਼ਬਦੀਸ਼ ਜੀ ਤੁਸੀਂ ਸੁਆਲ ਕਰਨ ਤੋਂ ਪਹਿਲਾਂ ਰਾਸ਼ਟਰਵਾਦ ਦੀ ਪਰਿਭਾਸ਼ਾ ਜ਼ਰੂਰ ਦੱਸੋ ਜੋ ਮਾਰਕਸ ਤੇ ਲੈਨਿਨ ਨੇ ਦੱਸੀ ਹੈ। ਮੈਂ ਅਜਿਹਾ ਇਸ ਲਈ ਕਹਿ ਰਿਹਾ ਹਾਂ ਕਿ ਤੁਸੀਂ ਰਾਸ਼ਟਰਵਾਦ ਦੇ ਤਹਿਤ ਹੀ ਇਹ ਸੁਆਲ ਪੁੱਛ ਰਹੇ ਹੋ? ਤੁਸੀਂ ਸੁਆਲ ਇੰਝ ਉਠਾ ਰਹੇ ਹੋ ਜਿਵੇਂ ਕਿ ਸਨਾਤਨਵਾਦ ਤੇ ਮਾਰਕਸਵਾਦ ਰਲ ਗੱਡ ਹੋਣ। ਤੁਹਾਨੂੰ ਇਹਨਾ ਗੱਲਾਂ ਤੋਂ ਬਾਹਰ ਆ ਕੇ ਗੁਰਮਤਿ ਫਿਲਾਸਫੀ ਤੇ ਅੰਬੇਡਕਰ ਫਿਲਾਸਫੀ ਦਾ ਅਧਿਐਨ ਕਰਨਾ ਚਾਹੀਦਾ ਹੈ। ਪੰਜਾਬ ਵਿਚ ਤੁਸੀਂ ਕਾਮਰੇਡ ਚਿੰਤਕ ਜਿੱਥੇ ਸਿੱਖ ਧਰਮ ਬਾਰੇ ਤੇ ਅੰਬੇਡਕਰ ਬਾਰੇ ਗਲਤ ਸੁਆਲ ਉਠਾ ਰਹੇ ਹੋ, ਉਹ ਅਸਲ ਵਿਚ ਮਾਰਕਸਵਾਦੀ ਚਿੰਤਨ ਨਹੀਂ ਹੈ। ਇਹ ਰਾਸ਼ਟਰਵਾਦ ਦਾ ਚਿੰਤਨ ਹੈ, ਜਿਸ ਨੂੰ ਹਿਟਲਰ, ਗਾਂਧੀ ਅਤੇ ਗੁਰੂ ਗੋਲਵਲਕਰ ਨੇ ਵੱਖ ਵੱਖ ਸਮੇਂ ਖੜਾ ਕੀਤਾ। ਇਸ ਸਮੇਂ ਦੇਸ ਭਗਤ ਯਾਦਗਾਰ ਹਾਲ ਖੱਬੇਪੱਖੀ ਸੈਮੀਨਾਰਾਂ ਵਿਚ ਅੰਬੇਦਕਰ ਦਾ ਵਿਰੋਧ ਕੀਤਾ ਜਾ ਰਿਹਾ ਹੈ ਤੇ ਸਿੱਖ ਵਿਚਾਰਧਾਰਾ ਦਾ ਵਿਰੋਧ ਲਗਾਤਾਰ ਜਾਰੀ ਹੈ। ਅੰਬੇਡਕਰ ਦਾ ਵਿਰੋਧ ਵੀ ਤੁਸੀਂ ਸਨਾਤਨਵਾਦ ਦੀ ਜ਼ਮੀਨ 'ਤੇ ਖੜੇ ਹੋ ਕੇ ਕਰ ਰਹੇ ਹੋ। ਤੁਹਾਨੂੰ ਯਾਦ ਕਰਵਾ ਦੇਈਏ ਕਿ ਆਰ ਐਸ ਐਸ ਦਾ ਚਿੰਤਕ ਬੁੱਧੀਜੀਵੀ ਅਰੁਨ ਸ਼ੋਰੀ ਅੰਬੇਡਕਰ ਵਿਰੁਧ ਤੁਹਾਡੇ ਵਰਗਾ ਸੁਆਲ ਉਠਾਉਂਦਾ ਰਿਹਾ ਤੇ ਬਾਬਾ ਸਾਹਿਬ ਨੂੰ ਗੱਦਾਰ ਕਹਿੰਦਾ ਰਿਹਾ।

**ਸ਼ਬਦੀਸ਼ ਕੁਮਾਰ ਦਾ ਪ੍ਰਤੀਕਰਮ** - ਸ਼ਬਦੀਸ਼ ਆਖਦੇ ਹਨ ਕਿ ਨਕਸਲੀ ਤੋਂ ਪੰਜਾਬੀ ਕੌਮੀਅਤ ਦੀ ਮੁਕਤੀ ਦਾ ਦਮ ਭਰਦੇ ਭਰਦੇ ਸਿੱਖ ਸੰਘਰਸ਼ ਤੱਕ ਗਏ ਅਜਮੇਰ ਸਿੰਘ ਦੀ ਪੈਰਵਾਈ ਕਰਨ ਵਾਲੇ ਤਮਾਮ ਸਿੱਖ ਚਿੰਤਕ ਅਸਲ ਨੁਕਤੇ ਤੋਂ ਕਿਨਾਰਾ ਕਰਦਿਆਂ ਹਰ ਵਿਰੋਧੀ ਉੱਤੇ ਰਾਸ਼ਟਰਵਾਦੀ ਹੋਣ ਦਾ ਲੇਬਲ ਲਗਾ ਕੇ ਸਵੈ ਸਿੱਧ ਜੇਤੂ ਹੋਣ ਦਾ ਮਾਣ ਹਾਸਲ ਕਰ ਲੈਂਦੇ ਹਨ। ਮੈਂ ਮਾਰਕਸਵਾਦੀ ਹਾਂ ਤੇ ਮੇਰਾ ਹਰ ਜਾਣਕਾਰ ਜਾਣਦਾ ਹੈ ਕਿ ਮੈਂ ਦੇਸ਼ ਦੀ ਏਕਤਾ ਅਖੰਡਤਾ ਦੇ ਬੇਸੁਰੇ ਰਾਗ ਖਿਲਾਫ਼ ਹੀ ਕਮਿਊਨਿਸਟ ਲਹਿਰ ਵਿੱਚ ਸਰਗਰਮ ਭੂਮਿਕਾ ਤੋਂ ਮੁਕਤ ਹੋ ਗਿਆ ਸਾਂ। ਇਹ ਪੰਜਾਬ ਵਿੱਚ ਚੱਲ ਰਹੇ ਸਰਕਾਰੀ ਜ਼ੁਲਮ ਤੇ ਧਰਮ ਦੇ ਪਰਦੇ ਹੇਠ ਭਿੜਦੀ ਫਾਸੀਵਾਦੀ ਦਹਿਸ਼ਤਗਰਦੀ ਦੇ ਦਿਨਾਂ ਦੀ ਗੱਲ ਹੈ। ਮੇਰਾ ਮਾਰਕਸਵਾਦੀ ਨਜ਼ਰੀਆ ਪੂੰਜੀਵਾਦੀ ਤੇ ਮਜ਼ਬੀ ਰਾਸ਼ਟਰਵਾਦ, ਦੋਵਾਂ ਨੂੰ ਰੱਦ ਕਰਦਾ ਹੈ। ਮੈਂ ਲਾਹੌਰ ਤੇ ਅੰਮ੍ਰਿਤਸਰ, ਦੋਵਾਂ ਦੇ ਸੰਦਰਭ ਵਿੱਚ ਹੀ ਸਵਾਲ ਕੀਤਾ ਸੀ ਕਿ ਉਨ੍ਹਾਂ ਦਾ ਬਰਤਾਨਵੀ ਸਾਮਰਾਜ ਪ੍ਰਤੀ ਕੀ ਰੁਖ ਸੀ..? ਇੱਕ ਦੀ ਭੂਮਿਕਾ ਜੱਗ ਜ਼ਾਹਿਰ ਹੈ ਅਤੇ ਦੂਜੀ ਵੀ ਬਹੁਤੀ ਵੱਖਰੀ ਥਾਂ 'ਤੇ ਨਹੀਂ ਸੀ। ਕੀ ਗਿਅਨੀ ਦਿੱਤ ਸਿੰਘ ਜਾਂ ਪ੍ਰੋ ਗੁਰਮੁਖ ਸਿੰਘ ਜ਼ਾਲਮ ਹਕੂਮਤ ਦੇ ਖ਼ਿਲਾਫ਼ ਸਨ, ਗਦਰੀ ਬਾਬਿਆਂ ਦੇ ਅੰਗ-ਸੰਗ ਖਲੋ ਰਹੇ ਸਨ..?

**ਪ੍ਰੋ. ਬਲਵਿੰਦਰਪਾਲ ਸਿੰਘ ਦਾ ਪ੍ਰਤੀਕਰਮ** - ਸ਼ਬਦੀਸ਼ ਜੀ ਪਹਿਲਾਂ ਮਾਰਕਸ ਤੇ ਲੈਨਿਨ ਦੇ ਅਨੁਸਾਰ ਰਾਸ਼ਟਰਵਾਦ ਦੀ ਪਰਿਭਾਸ਼ਾ ਤਹਿ ਕਰੀਏ ਫਿਰ ਅਗੋਂ ਚਲਦੇ ਹਾਂ। ਇਸ ਕਾਂਡ ਦੀ ਸਮਝ ਤਾਂ ਪਵੇਗੀ। ਗੁਰੂ ਗੋਲਵਰਕਰ ਵਾਲਾ ਸਟੈਂਡ ਲਵੋਗੇ ਖਾਨੇ ਨਹੀ ਪਵੇਗਾ। ਰਾਸ਼ਟਰਵਾਦ ਦੀਆਂ



ਬੇਸੁਰੀਆਂ ਸੁਰਾਂ ਨਾਲ ਇਤਿਹਾਸ ਦੇ ਅਧਿਐਨ ਨਹੀਂ ਹੁੰਦੇ।

**ਸ਼ਬਦੀਸ਼ ਦਾ ਪ੍ਰਤੀਕਰਮ** - ਅਸੀਂ ਮਾਰਕਸਵਾਦ ਮੁਤਾਬਕ ਰਾਸ਼ਟਰਵਾਦ ਤੈਅ ਨਹੀਂ ਕਰਨਾ, ਇਹ ਜਮਾਤੀ ਪੁਜੀਸ਼ਨ ਤਹਿਤ ਪਹਿਲਾਂ ਹੀ ਤੈਅ ਹੈ ਅਤੇ ਮਨਮਾਨੀ ਪਰਿਭਾਸ਼ਾ ਬੇਤੁਕੀ ਤਹਿ ਲਾਉਣ ਦੀ ਖੇਡ ਹੀ ਹੋ ਸਕਦੀ ਹੈ। ਜਿਸ ਬੰਦੇ ਨੇ ਖੱਬੇ ਪੱਖੀ ਸਿਆਸਤ ਨੂੰ ਤਿਲਾਂਜਲੀ ਦੇ ਦਿੱਤੀ ਹੈ, ਉਸ ਨੂੰ ਬਿਨਾ ਜਾਣੇ ਬੁੱਝੇ ਗੁਰੂ ਗੋਲਵਾਲਕਰ ਦਾ ਰਾਹੀਂ ਦੱਸ ਦੇਣ ਵਾਲੇ ਨਾਲ਼ ਤਾਂ ਰੱਬ ਵੀ ਬਹਿਸ ਨਹੀਂ ਕਰ ਸਕਦਾ। ਤੁਸੀਂ ਸਿੰਘ ਸਭਾਵਾਂ ਦੀ ਭੂਮਿਕਾ ਤੋਂ ਟਾਲ਼ਾ ਵੱਟ ਰਹੇ ਹੋ। ਉਹ ਬ੍ਰਿਟਿਸ਼ ਸਾਮਰਾਜ ਦੇ ਖਿਲਾਫ਼ ਨਹੀਂ ਸਨ। ਇਹ ਵਾਜਿਬ ਕਿਵੇਂ ਹੈ ਜਾਂ ਗੈਰ-ਵਾਜਿਬ ਕਿਉਂ ਹੈ..?

ਇਹ ਜਵਾਬ ਦਿਉਗੇ ਤਾਂ ਇਹ ਵੀ ਦੱਸ ਦੇਣਾ ਕਿ ਗਦਰੀ ਬਾਬਿਆਂ ਤੇ ਸਿੰਘ ਸਭਾਵਾਂ ਵਿਚੋਂ ਠੀਕ ਕੌਣ ਸਨ..? ਦੋਵਾਂ ਦੀ ਵਿਰਾਸਤ ਤੇ ਇੱਕੋ ਵੇਲੇ ਕਬਜ਼ੇ ਦੀ ਭਾਵਨਾ ਕਿਵੇਂ ਸਹੀ ਹੈ, ਇਹ ਵੀ ਅਹਿਮ ਸਵਾਲ ਹੈ, ਤਾਂ ਕਿ ਸਿੱਖ ਰਾਸ਼ਟਰਵਾਦ ਦੇ ਅਰਥ ਵੀ ਸਮਝ ਆ ਸਕਣ।

**ਪ੍ਰੋ. ਬਲਵਿੰਦਰਪਾਲ ਸਿੰਘ ਦਾ ਪ੍ਰਤੀਕਰਮ** - ਤੁਸੀਂ ਰਾਸ਼ਟਰਵਾਦ ਦਾ ਸੰਕਲਪ ਫਿਰ ਮਾਰਕਸ ਲੈਨਿਨ ਦੀ ਥਿਊਰੀ ਵਿਚੋਂ ਪਰਗਟ ਕਰੋ ਕਿ ਉਹ ਕੀ ਲਿਖਦੇ ਹਨ। ਸਿੰਘ ਸਭਾ ਲਹਿਰ ਦੀ ਗਦਰ ਲਹਿਰ ਨਾਲ ਤੁਲਨਾ ਕਰਨੀ ਟੀਰ ਨਜ਼ਰੀਆ ਤੇ ਭਗਵੇਂ ਰਾਸ਼ਟਰਵਾਦ ਦਾ ਕੇਂਦਰ ਬਿੰਦੂ ਹੈ ਕਿ ਅਸੀਂ ਸਿੱਖ ਕੌਮ ਦੇ ਇਤਿਹਾਸ ਨੂੰ ਰੱਦ ਕਿਵੇਂ ਕਰ ਸਕਦੇ ਹਨ? ਪਰ ਮੈਂ ਤੁਹਾਡੇ ਕੋਲੋਂ ਸੁਆਲ ਪੁੱਛਦਾ ਹਾਂ ਕਿ ਸਿੰਘ ਸਭਾ ਲਹਿਰ ਤੋਂ ਪਹਿਲਾਂ ਰਾਸ਼ਟਰ ਕਿਹੜਾ ਸੀ? ਜੇ ਰਾਸ਼ਟਰ ਹੋਵੇਗਾ ਤਾਂ ਹੀ ਰਾਸਟਰਵਾਦੀ ਲਹਿਰ ਉਸ ਮੁਤਾਬਕ ਚੱਲੇਗੀ। ਰਾਸ਼ਟਰ ਬਿਆਨ ਕਰੋ। ਮੈਂ ਸਿੰਘ ਸਭਾ ਲਹਿਰ ਬਾਰੇ ਜੁਆਬ ਦੇਣ ਤੋਂ ਟਾਲਾ ਨਹੀਂ ਵੱਟ ਰਿਹਾ, ਦੱਸ ਰਿਹਾਂ ਕਿ ਤੁਸੀਂ ਮਾਰਕਸਵਾਦੀ ਨਹੀਂ ਹੋ। ਰਾਸ਼ਟਰਵਾਦ ਤੁਹਾਡਾ ਆਧਾਰ ਹੈ। ਇਹ ਹਿੰਦੂ ਰਾਸ਼ਟਰਵਾਦ ਹੈ। ਤੁਸੀਂ ਰਾਸਟਰਵਾਦੀ ਸੋਚ ਗਾਂਧੀ ਨਜ਼ਰੀਏ ਤੋਂ ਤਿਆਰ ਕੀਤੀ ਹੈ ਜਾਂ ਗੋਲਵਰਕਰ ਤੋਂ, ਇਹ ਤੁਹਾਡਾ ਫੈਸਲਾ ਹੈ। ਸਿੰਘ ਸਭਾ ਲਹਿਰ ਰਾਸ਼ਟਰਵਾਦੀ ਲਹਿਰ ਨਹੀਂ ਸੀ। ਅੰਬੇਡਕਰ ਰਾਸ਼ਟਰਵਾਦ ਬਾਰੇ ਕਲੀਅਰ ਹਨ। ਉਹਨਾਂ ਦਾ ਕਹਿਣਾ ਸੀ ਕਿ ਜਾਤਾਂ ਵਿਚ ਵੰਡਿਆ ਸਮਾਜ ਇਕ ਰਾਸ਼ਟਰ ਕਿਵੇਂ ਹੈ। ਇਸ ਨੁਕਤੇ ਦੇ ਆਧਾਰ 'ਤੇ ਸਿੰਘ ਸਭਾ ਲਾਹੌਰ ਨੂੰ ਪਰਖੋ। ਸਿੰਘ ਸਭਾ ਅੰਮ੍ਰਿਤਸਰ ਤੇ ਲਾਹੌਰ ਵੱਖ ਵੱਖ ਬਿਰਤਾਂਤ ਹਨ। ਇਹਨਾਂ ਦਾ ਆਪਸ ਵਿਚ ਫਰਕ ਕੀਤਾ ਜਾ ਸਕਦਾ ਹੈ ਪਰ ਤੁਹਾਡੇ ਟੀਰੇ ਰਾਸ਼ਟਰਵਾਦੀ ਨਜਰੀਏ ਤੋਂ ਇਹ ਲਹਿਰਾਂ ਨਹੀਂ ਪਰਖੀਆ ਜਾ ਸਕਦੀਆਂ। ਤੁਹਾਡਾ ਤਰਕ ਗਦਰ ਲਹਿਰ ਬਾਰੇ ਤੇ ਸਿੰਘ ਸਭਾ ਲਹਿਰ ਬਾਰੇ ਇੰਜ ਦਾ ਹੈ। ਰਾਮ ਰਾਸਟਰਵਾਦੀ ਸੀ ਜਾਂ ਭਗਵਾਨ ਬਾਲਮੀਕ ਜੀ। ਰਾਮ ਆਰੀਅਨ ਸਨ ਤੇ ਲਵ ਕੁਸ਼ ਜਿਹਨਾਂ ਨੂੰ ਮੂਲ ਨਿਵਾਸੀ ਭਗਵਾਨ ਬਾਲਮੀਕ ਜੀ ਦੀ ਅਸ਼ੀਰਵਾਦ ਤੇ ਸਹਿਯੋਗ ਹਾਸਲ ਸੀ। ਲਵ ਕੁਸ਼ ਨੇ ਰਾਮ ਹਰਾ ਦਿਤੇ। ਰਾਸ਼ਟਰਵਾਦੀ ਕੌਣ ਹੋਇਆ। ਕੀ ਇਹ ਨਿਰਣਾ ਕਰ ਸਕੋਗੇ? ਅਸਲ ਵਿਚ ਇਹ ਸੁਆਲ ਗਿਆਨ ਹੀਣਤਾ ਵਾਲਾ ਹੈ। ਇਤਿਹਾਸ ਦਾ ਵਿਦਿਆਰਥੀ ਇਹ ਕੁਹਜ ਵਰਤਾਰੇ ਨਾਲ ਇਤਿਹਾਸ ਦਾ ਨਿਰਨਾ ਨਹੀਂ ਕਰਦਾ। ਗਦਰ ਲਹਿਰ ਤੇ ਸਿੰਘ ਸਭਾ ਲਹਿਰ ਵੱਖ ਵੱਖ ਲਹਿਰਾਂ ਹਨ ਜਿਹਨਾਂ ਦੀ ਆਪਣੀ ਦੇਣ ਹੈ। ਇਸ ਲਈ ਨਿਰਨਾ ਕਰੋ ਕਿਹੜੇ ਪੈਂਤੜੇ ਤੋਂ ਬਹਿਸ ਕਰਨੀ ਹੈ। ਦੋਹਾਂ ਦਾ ਰਾਸ਼ਟਰ ਕਿਹੜਾ ਹੈ। ਮੈਂ ਉਥੇ ਲਿਜਾਣਾ ਚਾਹੁੰਦਾ ਜਿਥੋਂ ਤੁਸੀਂ ਫਰਾਰ ਨਾ ਹੋ ਸਕੋ। ਅਖੀਰਲੀ ਗੱਲ ਸਿੱਖ ਰਾਸਟਰਵਾਦ ਸਰਕਾਰੀ ਸੋਚ ਦੀ ਪਰਿਭਾਸ਼ਾ ਹੈ। ਗੁਰੂ ਗਰੰਥ ਸਾਹਿਬ ਦਾ ਸਿਆਸੀ ਵਿਧਾਨ ਬੇਗਮਪੁਰਾ ਤੇ ਹਲੇਮੀ ਰਾਜ 'ਤੇ ਆਧਾਰਿਤ ਹੈ ਤੇ ਅਮਲੀ ਮਾਡਲ ਬਾਬਾ ਬੰਦਾ ਸਿੰਘ ਬਹਾਦਰ। ਮੈਂ ਇਹ ਇਤਿਹਾਸ ਤੁਹਾਨੂੰ ਤਾਂ ਦੱਸ ਰਿਹਾ ਹਾਂ ਕਿ ਤੁਸੀਂ ਸਿੱਖ ਕੌਮ ਦੀ ਫਿਲਾਸਫੀ ਤੇ ਇਤਿਹਾਸ ਬਾਰੇ ਕਲੀਅਰ ਹੁੰਦੇ ਜਾਵੋ।

**ਸ਼ਬਦੀਸ਼ ਦਾ ਪ੍ਰਤੀਕਰਮ** - ਬਲਵਿੰਦਰਪਾਲ ਸਿੰਘ ਜੀ ਵੰਨ ਸੁਵੰਨਤਾ ਵਾਲ਼ੇ ਮੁਲਕ ਦਾ ਸੱਚ ਭਗਵਾਂਕਰਨ ਨਹੀਂ ਹੋ ਸਕਦਾ। ਕੋਈ ਇਸ ਮੁਲਕ ਦਾ ਹਿੱਸਾ ਬਣਨ ਤੋਂ ਇਨਕਾਰ ਵੀ ਕਰ ਸਕਦਾ ਹੈ ਪਰ ਸਾਮਰਾਜ ਦਾ ਪਾਣੀ ਭਰਨ ਵਾਲੇ ਮੇਰੇ ਪ੍ਰੇਰਣਾ ਸਰੋਤ ਨਹੀਂ ਹੋ ਸਕਦੇ। ਉਹ ਲਾਹੌਰ ਵਾਲ਼ੇ ਹੋਣ ਜਾਂ ਅੰਮ੍ਰਿਤਸਰ ਵਾਲ਼ੇ। ਮੈਂ ਗ਼ਦਰ ਲਹਿਰ ਦੇ ਸਿੱਖ ਪਿਛੋਕੜ ਤੋਂ ਪ੍ਰਭਾਵਿਤ ਅਤੇ ਫਿਰ ਸਮਾਜਵਾਦੀ ਧਾਰਾ ਵਿੱਚ ਸ਼ਾਮਲ ਹੋਣ ਵਾਲ਼ੇ, ਦੋਵਾਂ ਗਦਰੀਆਂ ਨੂੰ ਨਕਾਰਨ ਦਾ ਹਾਮੀ ਨਹੀਂ ਹਾਂ। ਭਾਈ ਰਣਧੀਰ ਸਿੰਘ ਦੀ ਭੂਮਿਕਾ ਵੀ ਸ਼ਲਾਘਾਯੋਗ ਹੈ। ਹਾਂ, ਉਸ ਨੂੰ ਬਾਕੀਆਂ ਤੋਂ ਨਿਖੇੜ ਕੇ ਵੇਖ ਸਕਦੇ ਹਾਂ। ਤੁਸੀਂ ਟਾਲਾ ਵੱਟਣ ਨੂੰ ਬਹਿਸ ਦਾ ਆਗਾਜ਼ ਮੰਨ ਰਹੇ ਹੋ। ਇਹ ਬਹਿਸ ਦੀ ਮਰਿਯਾਦਾ ਨਹੀਂ ਹੈ। ਸਾਮਰਾਜ ਦੀ ਸੇਵਾਦਾਰੀ ਤੇ ਪਰਦਾਪੋਸ਼ੀ ਹੀ ਤੁਹਾਡਾ ਏਜੰਡਾ ਹੈ ਜਾਂ ਉਹੀ ਪੁੰਨ ਦਾ ਕਰਮ ਸੀ..?

**ਪ੍ਰੋ. ਬਲਵਿੰਦਰਪਾਲ ਸਿੰਘ ਦਾ ਪ੍ਰਤੀਕਰਮ** - ਭਾਈ ਰਣਧੀਰ ਸਿੰਘ ਕਹਿੰਦੇ ਸਨ ਕਿ ਜਿਸ ਦੇਸ ਵਿਚ ਸਾਡਾ ਧਰਮ ਸੁਰੱਖਿਅਤ ਉਹ ਸਾਡਾ ਦੇਸ। ਇਹ ਉਹ ਸਿੱਖ ਵਿਵੇਕ ਕੇਂਦਰ ਬਿੰਦੂ ਹੈ ਜਿਥੇ ਸਾਡੀ ਵਿਲੱਖਣਤਾ ਸਾਡੀ ਹੋਂਦ ਪਹਿਲਾਂ ਹੈ। ਇਸ ਗਿਆਨ ਤੋਂ ਤੁਸੀਂ ਵਾਂਝੇ ਹੋ ਤਾਂ ਹੀ ਸਿੰਘ ਸਭਾ ਲਹਿਰ ਦੇ ਇਤਿਹਾਸ ਬਾਰੇ ਗਲਤ ਬਿਆਨੀਆਂ ਕਰ ਰਹੇ ਹੋ। ਭਾਈ ਵੀਰ ਸਿੰਘ ਨੇ ਸਿੱਖ ਸਾਹਿਤ ਇਤਿਹਾਸ ਦੀ ਸੇਵਾ ਕੀਤੀ ਹੈ। ਇਹ ਸਿੱਖੀ ਵਿਚ ਨਾਇਕ ਰਹਿਣਗੇ। ਤੁਹਾਡੇ ਰਾਸ਼ਟਰਵਾਦੀ ਨਜ਼ਰੀਏ ਨਾਲ ਅਸੀਂ ਕਿਵੇਂ ਆਪਣਾ ਇਤਿਹਾਸ ਤੱਕੀਏ। ਇਹ ਕਾਨਪਰੇਸੀ ਵਿਧੀ ਹੈ ਇਤਿਹਾਸ ਨੂੰ ਪੜ੍ਹਨ ਦੀ ਜੋ ਤੁਸੀਂ ਪੈਂਤੜਾ ਮਿਥੀ ਬੈਠੇ ਹੋ। ਇਸ ਵਿਧੀ ਤਹਿਤ ਤੁਹਾਨੂੰ ਸਾਡਾ ਇਹ ਨਜ਼ਰੀਆ ਜ਼ਰੂਰ ਫਿਰਕੂ ਲੱਗੇਗਾ। ਪਰ ਸਾਡਾ ਜੁਆਬ ਇਹੀ ਹੈ ਕਿ ਹਿੰਦੂਤਵੀਆਂ, ਗਾਂਧੀਵਾਦੀਆਂ ਨਾਲ ਤੁਹਾਡੇ ਲੱਛਣ ਮਿਲਦੇ ਹਨ ਜੋ ਸਿੱਖ ਵਿਚਾਰ ਤੇ ਵਿਲੱਖਣਤਾ ਵਿਰੁੱਧ ਭੁਗਤਦੇ ਹਨ। ਕੌਰੇਗਾਂਵ ਦਾ ਇਤਿਹਾਸ ਵੀ ਕਾਮਰੇਡਾਂ ਨੂੰ ਗਦਾਰਾਂ ਦਾ ਇਤਿਹਾਸ ਲਗਦਾ ਹੈਂ। ਪਰ ਇਹ ਜਾਤੀਵਾਦ ਵਿਰੁੱਧ ਬਗਾਵਤ ਸੀ।

ਪੇਸ਼ਵਾ ਰਾਜ ਦੀਆਂ ਨੀਤੀਆਂ ਵਿੱਚ ਜ਼ਿਆਦਾਤਰ ਬ੍ਰਾਹਮਣਵਾਦ ਸੀ। ਸ਼ੂਦਰਾਂ ਨੂੰ ਗਲੇ ਵਿੱਚ ਇੱਕ ਘੜਾ ਬੰਨ੍ਹਣਾ ਪੈਂਦਾ ਸੀ ਤਾਂ ਕਿ ਹਵਾ ਗੰਦੀ ਨਾ ਹੋਵੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਲੱਕ ਉੱਤੇ ਝਾੜੂ ਵੀ ਬੰਨ੍ਹਣਾ ਪੈਂਦਾ ਸੀ ਤਾਂ ਕਿ ਜਿੱਥੇ-ਜਿੱਥੇ ਉਹ ਤੁਰਦੇ ਹਨ ਉਸ ਥਾਂ ਨੂੰ ਸਾਫ਼ ਕਰਦੇ ਜਾਣ। ਕੋਰੇਗਾਂਵ ਦੀ ਲੜਾਈ 1 ਜਨਵਰੀ 1818 ਨੂੰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਮਰਾਠਾ ਮਹਾਸੰਘ ਦੇ ਪੇਸ਼ਵਾ ਗੁੱਟ ਦੇ ਵਿੱਚ ਕੋਰੇਗਾਂਵ ਭੀਮਾ ਵਿੱਚ ਲੜੀ ਗਈ ਸੀ। ਬਾਜੀਰਾਓ ਦੂਸਰੇ ਦੀ ਅਗਵਾਈ ਵਿੱਚ 28 ਹਜਾਰ ਮਰਾਠਾ ਸੈਨਾ ਨੇ ਪੁਣੇ ਉੱਤੇ ਹਮਲਾ ਕਰਨਾ ਸੀ। ਰਸਤੇ ਵਿੱਚ ਉਹਨਾਂ ਦਾ ਸਾਹਮਣਾ ਕੰਪਨੀ ਦੀ ਫੌਜੀ ਸ਼ਕਤੀ ਨੂੰ ਮਜਬੂਤ ਕਰਨ ਪੁਣੇ ਜਾ ਰਹੀ ਇੱਕ 800 ਸੈਨਿਕਾਂ ਦੀ ਟੁਕੜੀ ਨਾਲ ਹੋ ਗਿਆ। ਪੇਸ਼ਵਾ ਨੇ ਕੋਰੇਗਾਂਵ ਵਿੱਚ ਤੈਨਾਤ ਇਸ ਕੰਪਨੀ ਸੈਨਾ ਉੱਤੇ ਹਮਲਾ ਕਰਨ ਲਈ 2 ਹਜ਼ਾਰ ਫ਼ੌਜੀ ਭੇਜੇ। ਕਪਤਾਨ ਫਰਾਂਸਿਸ ਸਟੌਂਟਨ ਦੀ ਅਗਵਾਈ ਵਿੱਚ ਕੰਪਨੀ ਦੇ ਫੌਜੀ ਲੱਗਪਗ 12 ਘੰਟੇ ਤੱਕ ਡਟੇ ਰਹੇ। ਅਖੀਰ ਜਨਰਲ ਜੋਸੇਫ ਸਮਿਥ ਦੀ ਅਗਵਾਈ ਵਿੱਚ ਇੱਕ ਵੱਡੀ ਬ੍ਰਿਟਿਸ਼ ਫੌਜ ਦੇ ਆਗਮਨ ਦੀ ਸੰਭਾਵਨਾ ਦੇ ਕਾਰਨ ਪੇਸ਼ਵਾ ਦੀ ਸੈਨਾ ਪਿਛੇ ਹਟ ਗਈ।

ਕੰਪਨੀ ਦੀਆਂ ਭਾਰਤੀ ਮੂਲ ਦੀਆਂ ਫ਼ੌਜਾਂ ਵਿਚ ਬੰਬਈ ਨੇਟਿਵ ਇਨਫੈਂਟਰੀ ਨਾਲ ਸਬੰਧਿਤ ਮਹਾਰ ਦਲਿਤ ਸਿਪਾਹੀ ਸ਼ਾਮਲ ਸਨ ਅਤੇ ਇਸ ਲਈ ਦਲਿਤ ਕਾਰਕੁਨ ਇਸ ਲੜਾਈ ਨੂੰ ਦਲਿਤ ਇਤਿਹਾਸ ਵਿਚ ਇੱਕ ਬਹਾਦਰੀ ਦੀ ਘਟਨਾ ਦੇ ਰੂਪ ਵਿਚ ਮੰਨਦੇ ਹਨ। ਪਰ ਤੁਹਾਡੇ ਦ੍ਰਿਸ਼ਟੀਕੋਣ ਤੋਂ ਦਲਿਤਾਂ ਦਾ ਇਹ ਖਾੜਕੂ ਇਤਿਹਾਸ ਵੀ ਤੁਹਾਨੂੰ ਗੱਦਾਰੀ ਦਾ ਇਤਿਹਾਸ ਜਾਪੇਗਾ।

ਸਿੰਘ ਸਭਾ ਲਹਿਰ ਈਸਾਈ ਮਿਸ਼ਨਰੀਆਂ ਤੇ ਆਰੀਆ ਸਮਾਜੀਆਂ ਦੇ ਸਿੱਖ ਵਿਰੋਧੀ ਵਰਤਾਰੇ ਦੇ ਪ੍ਰਤੀਕਰਮ ਵਿਚੋਂ ਜਨਮੀ ਲਹਿਰ ਸੀ। ਅੰਮ੍ਰਿਤਸਰ ਸਿੰਘ ਸਭਾ ਲਹਿਰ ਅੰਗਰੇਜ ਸਰਕਾਰ ਨਾਲ ਮਿਲ ਕੇ ਸਿੱਖ ਵਿਦਿਅਕ ਵਿਕਾਸ ਕਰਨਾ ਚਾਹੁੰਦੀ ਸੀ ਤੇ ਲਾਹੌਰ ਸਿੰਘ ਸਭਾ ਲਹਿਰ ਖਾਲਸਾ ਰਾਜ ਦੀ ਉਪਾਸ਼ਕ ਸੀ। ਉਹ ਸਿੱਖ ਭਾਈਚਾਰੇ ਦੀ ਮਦਦ ਨਾਲ ਸਿੱਖੀ ਦਾ ਵਿਕਾਸ ਚਾਹੁੰਦੀ ਸੀ। ਖਾਲਸਾ ਕਾਲਜ

ਵਿਦਿਅਕ ਸੰਸਥਾਵਾਂ ਇਸੇ ਲਹਿਰ ਦਾ ਨਤੀਜਾ ਸਨ। ਇਹ ਠੀਕ ਹੈ ਕਿ ਖੇਮ ਸਿੰਘ ਬੇਦੀ ਨੇ ਟਪਲੇ ਖਾਧੇ ਉਸ ਦਾ ਵਿਰੋਧ ਹੋਇਆ। ਤੁਸੀਂ ਇਹ ਆਸ ਕਿਉ ਕਰਦੇ ਹੋ ਕਿ ਸਿੰਘ ਸਭਾ ਲਹਿਰ ਦੇ ਨਾਇਕ ਭਗਤ ਸਿੰਘ ਵਾਂਗ ਆਰੀਆ ਸਮਾਜੀ ਬਣਨ, ਫਿਰ ਲਾਲੇ ਲਾਜਪਤ ਰਾਇ ਨੂੰ ਸਹੀਦ ਮੰਨਣ। ਇਹ ਨਿਸ਼ਾਨਾ ਹੀ ਨਹੀਂ ਸੀ ਸਿੰਘ ਸਭਾ ਲਹਿਰ ਦਾ। ਅਸਲੀਅਤ ਮੈਂ ਇਹ ਦੇਖ ਰਿਹਾ ਹਾਂ ਕਿ ਪੰਜਾਬ ਦੇ ਕਈ ਕਾਮਰੇਡਾਂ ਦਾ ਸਿੱਧਾ ਵਿਰੋਧ ਸਿੱਖ ਕੌਮ ਨਾਲ ਰਿਹਾ ਹੈ ਤੇ ਆਰੀਆ ਸਮਾਜੀਆਂ ਤੇ ਹਿੰਦੂਤਵੀਆਂ ਨਾਲ ਹਮਦਰਦੀ। ਅਜੇ ਤਕ ਪੰਜਾਬ ਦੇ ਕਾਮਰੇਡ ਹਿੰਦੂ ਰਾਸ਼ਟਰ ਬਾਰੇ ਚੁੱਪ ਹਨ। ਡਾਕਟਰ ਅੰਬੇਦਕਰ ਨੇ ਕਿਹਾ ਸੀ ਸਮਾਜਵਾਦੀ ਕਦੇ ਇਨਕਲਾਬ ਨੂੰ ਨਹੀਂ ਸਮਝ ਸਕਣਗੇ। ਇਹ ਹਿੰਦਤਵ ਦਾ ਵਰਨ ਆਸ਼ਰਮ ਦਾ ਵਿਰੋਧ ਕਰਨ ਤੋਂ ਅਸਮਰੱਥ ਹਨ। ਇਹੀ ਕਾਰਣ ਹੈ ਕਿ ਸਿੱਖ ਕੌਮ ਬਾਰੇ ਨਜ਼ਰੀਆ ਪੰਜਾਬ ਦੇ ਕਾਮਰੇਡ ਬੁੱਧੀਜੀਵੀਆਂ ਦਾ ਟੀਰ ਹੈ। ਹੁਣ ਸਿੰਘ ਸਭਾ ਲਹਿਰ ਸਿੱਖੀ ਦਾ ਹੀ ਵਿਕਾਸ ਕਰੇਗੀ, ਦੇਸ ਭਗਤੀ ਦਾ ਝੰਡਾ ਕਿਉਂ ਚੁੱਕੇਗੀ ?

**ਸ਼ਬਦੀਸ਼ ਦਾ ਪ੍ਰਤੀਕਰਮ** - ਮੈਂ ਮਾਰਕਸਵਾਦੀ ਹਾਂ, ਕਿਸੇ ਖਾਸ ਪਾਰਟੀ ਦਾ ਕਾਮਰੇਡ ਨਹੀਂ ਤੇ ਉਨ੍ਹਾਂ ਦੇ ਏਕਤਾ ਅਖੰਡਤਾ ਦੇ ਰਾਸ਼ਟਰਵਾਦ ਖਿਲਾਫ਼ ਲਿਖ ਰਿਹਾ ਹਾਂ। ਤੁਸੀਂ ਮੇਰੇ ਖਾਤੇ ਆਪਣੇ ਮਨਪਸੰਦ ਵਿਚਾਰ ਪਾ ਕੇ ਆਪੇ ਰੱਦ ਕਰ ਰਹੇ ਹੋ। ਮੇਰੇ ਇੱਕ ਵੀ ਸਵਾਲ ਦਾ ਜੁਆਬ ਨਾ ਦੇਣਾ ਅੰਤਰਮੁਖਤਾ ਜਾਂ ਕੁਝ ਹੋਰ। ਗੋਰੇਸ਼ਾਹੀ ਦੀ ਗੁਲਾਮੀ ਤੋਂ ਮੁਕਤ ਹੋਣ ਲਈ ਯਤਨ ਕਰਨ ਤੋਂ ਆਕੀ ਸਿੱਖ ਇਤਿਹਾਸ ਦੇ ਨਾਇਕ ਨਹੀਂ ਮੰਨੇ ਜਾ ਸਕਦੇ। ਉਹ ਨਾਇਕ ਹਨ, ਗ਼ਦਰੀ ਬਾਬੇ ਤੁਹਾਡੇ ਕਿਵੇਂ ਹਨ..? ਭਗਤ ਸਿੰਘ ਵਾਂਗ ਉਨ੍ਹਾਂ ਤੇ ਵੀ ਕਾਟਾ ਮਾਰਨ ਦਾ ਹੱਕ ਵਰਤਣ ਤੋਂ ਗ਼ੁਰੇਜ਼ ਕਿਉਂ ਕਰ ਰਹੇ ਹੋ..?

**ਪ੍ਰੋ. ਬਲਵਿੰਦਰਪਾਲ ਸਿੰਘ ਦਾ ਪ੍ਰਤੀਕਰਮ** - ਸ਼ਬਦੀਸ਼ ਜੀ ਜੇ ਤੁਹਾਡਾ ਇਹ ਥਾਟ ਮੰਨ ਲਿਆ ਜਾਵੇ ਕਿ ਜਿਸ ਕਾਮਰੇਡ ਨੂੰ ਰਾਸ਼ਟਰਵਾਦ ਜਕੜ ਲੈਂਦਾ ਹੈ, ਉਹ ਮਾਰਕਸਵਾਦੀ ਨਹੀਂ ਹੋ ਸਕਦਾ, ਫਿਰ ਆਰੀਆ ਸਮਾਜੀਆਂ ਬਾਰੇ ਭਗਤ ਸਿੰਘ ਦੇ ਪਰਿਵਾਰ ਬਾਰੇ ਭਗਤ ਸਿੰਘ ਦੀ ਲਾਲਾ ਲਾਜਪਤ ਦੋਸਤੀ ਬਾਰੇ ਚੁੱਪ ਕਿਉ ਹੋ ? ਭਗਤ ਸਿੰਘ ਦੀ ਪੰਜਾਬੀ ਵਿਰੋਧੀ ਨੀਤੀ ਬਾਰੇ ਤੁਸੀਂ ਚੁੱਪ ਕਿਉਂ ਹੋ ? ਜੋ ਆਰੀਆ ਸਮਾਜੀਆਂ ਦੀ ਪੰਜਾਬ ਤੇ ਪੰਜਾਬੀ ਬਾਰੇ ਦੁਸ਼ਮਣਾਂ ਵਾਲੀ ਭੂਮਿਕਾ ਹੈ, ਉਸ ਬਾਰੇ ਚੁੱਪ ਕਿਉਂ ਹੋ ? ਜੇ ਸਾਮਰਾਜਵਾਦ ਏਨਾ ਮਾੜਾ ਹੈ ਤਾਂ ਕੱਟੜ ਪੰਜਾਬੀ ਕਾਮਰੇਡਾਂ ਨੇ ਆਪਣੇ ਬੱਚਿਆਂ ਸਮੇਤ ਪੱਛਮ ਵੱਲ ਪਰਵਾਸ ਕਿਉਂ ਕੀਤਾ ਰੂਸ ਚੀਨ ਪਸੰਦ ਕਿਉਂ ਆਏ ?

ਤੁਹਾਡੇ ਪਹਿਨੇ ਬਰੈਂਡਿਡ ਕੱਪੜੇ ਤੇ ਸ਼ਰਾਬਾਂ ਸਾਮਰਾਜਵਾਦ ਦੀ ਉਪਜ ਹਨ। ਇਹ ਖਾਲੀ ਪਹਾੜੇ ਪੜ੍ਹਨ ਨਾਲ ਥਿਊਰੀਆਂ ਲਾਗੂ ਨਹੀਂ ਹੋਣਗੀਆਂ। ਅਸੀਂ ਸਾਮਰਾਜਵਾਦ ਦੀ ਟਾਊਟੀ ਪਸੰਦ ਨਹੀਂ ਕਰਦੇ, ਨਾ ਹੀ ਹਿੰਦੂ ਰਾਸ਼ਟਰਵਾਦ ਦੀ। ਸਾਡਾ ਨਿਸ਼ਾਨਾ ਸਿੱਖੀ ਦਾ ਵਿਕਾਸ ਤੇ ਸਰਬੱਤ ਦਾ ਭਲਾ ਹੈ। ਸਿੰਘ ਸਭਾ ਲਹਿਰ ਦਾ ਮਿਸ਼ਨ ਇਸ ਤੋਂ ਵੱਖਰਾ ਨਹੀਂ ਸੀ। ਇਹ ਵਿਕਾਸ ਹੁਣ ਵਿਸ਼ਵ ਪੱਧਰ 'ਤੇ ਹੈ। ਜੇ ਭਾਰਤ ਵਿਚ ਇਨਕਲਾਬ ਸਮਝਣਾ ਹੋਵੇ, ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਬਿਨਾ ਨਹੀਂ ਸਮਝਿਆ ਜਾ ਸਕਦਾ। ਇਸ ਦੀ ਪੈਰਵਾਈ ਬਾਬਾ ਸਾਹਿਬ ਅੰਬੇਦਕਰ ਕਰਦੇ ਹਨ। ਜਾਤ ਪਾਤ ਦਾ ਬੀਜ ਨਾਸ਼ ਪੜ੍ਹੋ ਵਿਚਾਰੋ ਤੁਸੀਂ ਫੇਲ੍ਹ ਕਿਉਂ ਹੋ। ਬਾਬਾ ਸਾਹਿਬ ਨੂੰ ਕਿਉਂ ਕਹਿਣਾ ਪਿਆ ਕਿ ਜਿੱਥੇ ਗੁਰੂ ਨਾਨਕ ਸਾਹਿਬ ਖਲੋਤੇ ਉਥੇ ਤੁਹਾਨੂੰ ਖਲੌਣਾ ਪਵੇਗਾ।

**ਪਾਠਕਾਂ ਦੀਆਂ ਟਿੱਪਣੀਆਂ -**

ਦਲਜੀਤ ਸਿੰਘ ਬੋਪਾਰਾਏ ਨੇ ਇਸ ਵਿਚਾਰ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਪ੍ਰੋ. ਸਾਹਿਬ ਬਹੁਤ ਸਟੀਕ ਜਵਾਬ ਦਿੱਤਾ ਹੈ।

ਇਤਿਹਾਸਕਾਰ ਦੇਵਿੰਦਰ ਸਿੰਘ ਜੋ ਕੈਨੇਡਾ ਤੋਂ ਹਨ, ਦਾ ਕਹਿਣਾ ਹੈ ਕਿ ਰਾਸ਼ਟਰਵਾਦ ਅਤੇ ਮਾਰਕਸਵਾਦ ਵਿਰੋਧੀ ਧਾਰਨਾਵਾਂ ਨੇ। ਦਰਅਸਲ ਸਿੱਖ ਹਿੰਦੂ ਕਾਮਰੇਡਾਂ ਵਿਚ ਰਾਸ਼ਟਰਵਾਦ ਨਿੱਜ ਤਰੱਕੀ ਦੀ ਗਾਰੰਟੀ ਹੈ ਤੇ ਇਹ ਕੱਟੜ ਅਤਿਵਾਦੀ ਹਨ ਜਿਹੜੇ ਸਟੇਟ ਪੁਲਿਸ ਨੂੰ ਹਾਈਜੈਕ ਕਰਕੇ ਦਹਿਸ਼ਤਗਰਦੀ ਕਰਵਾਉਣ ਵਿਚ ਸਾਜਿਸ਼ੀ ਨੇ।

**ਪਾਠਕਾਂ ਦੇ ਪ੍ਰਤੀਕਰਮ -**

ਪਰਮਜੀਤ ਸਿੰਘ ਮਾਨਸਾ ਆਖਦੇ ਹਨ ਕਿ ਪੰਜਾਬ ਵਿੱਚ ਕਾਮਰੇਡਾਂ ਨੂੰ ਬੇਨਤੀ ਹੈ ਕਿ ਕੀ ਪੰਜਾਬ ਦੇ ਬਹੁਤਾਤ ਲੋਕ ਪੀਰਾਂ ਦੀਆਂ ਕਬਰਾਂ ਤੇ ਹਰ ਵੀਰਵਾਰ ਨੂੰ ਮੱਥੇ ਟੇਕਣ ਜਾਂਦੇ ਹਨ, ਉਹਨਾਂ ਨੂੰ ਹੀ ਆਪਣਾ ਫਲਸਫਾ ਸਮਝਾ ਦੇਓ, ਤਰਕਸ਼ੀਲ ਬਨਾਮ ਕਾਮਰੇਡ ਤਾਂ ਥੱਕ ਹਾਰ ਗਏ ਉਹਨਾਂ ਤੋਂ ਲੋਕਾਂ ਵਿਚ ਪਸਰਿਆ ਅੰਧ ਵਿਸਵਾਸ਼ ਅੱਜੇ ਤੱਕ ਦੂਰ ਨਹੀਂ ਹੋਇਆ।

ਨਰਿੰਦਰ ਸਿੰਘ ਲਾਲੀ ਆਖਦੇ ਹਨ ਕਿ ਇਕ ਪਾਸੇ ਪੰਜਾਬ ਵਿੱਚ ਸਿੱਖ ਧਰਮ ਦਾ ਵਿਰੋਧ ਤੇ ਦੂਜੇ ਪ੍ਰਾਂਤਾਂ ਵਿਚ ਧਰਮ ਪ੍ਰਤੀ ਚੁੱਪ ..ਇਹ ਸਮਝ ਨਹੀਂ ਲੱਗੀ।

ਰਾਜਬੀਰ ਸਿੰਘ ਆਖਦੇ ਹਨ ਕਿ ਨਰਿੰਦਰ ਸਿੰਘ ਲਾਲੀ ਜੀ ਤੁਸੀਂ ਬਹੁਤ ਅਹਿਮ ਮੁੱਦਾ ਚੁੱਕਿਆ ਹੈ। ਬਿਲਕੁਲ ਕਲਕੱਤੇ ਵਾਲੇ ਕਾਲੀ ਨੂੰ ਮੰਨੀ ਜਾਂਦੇ ਨੇ ਤੇ ਪੰਜਾਬ ਵਾਲੇ ਕਾਮਰੇਡ ਜੜਾਂ ਤੋਂ ਸੁਪਨੇ ਵਿਚ ਹੀ ਇਨਕਲਾਬ ਘੜੀ ਜਾਂਦੇ ਨੇ।

ਕਸ਼ਮੀਰ ਸਿੰਘ ਬੈਂਸ ਆਖਦੇ ਹਨ ਕਿ ਡੋਗਰਿਆਂ ਦੀਆਂ ਕਰਤੂਤਾਂ ਨੇ ਖਾਲਸਾ ਰਾਜ ਨੂੰ ਢਾਹ ਲਗਾਈ। ਖਾਲਸੇ ਦਾ ਆਧਾਰ ਹਿਲਜੁਲ ਗਿਆ। ਈਸਾਈਆਂ ਤੇ ਹੋਰ ਸਿੱਖ ਧਰਮ ਵਿਰੁੱਧ ਵਿਚਾਰਧਾਰਾਂ ਰੱਖਣ ਵਾਲਿਆਂ, ਜਿਵੇਂ ਆਰੀਆ ਸਮਾਜੀ.....ਨੇ ਚੰਗਾ ਮੌਕਾ ਸਮਝਕੇ, ਧੜਾ ਧੜ, ਆਰੀਆ ਸਕੂਲ, ਈਸਾਈ ਮਿਸ਼ਨਰੀ ਸਕੂਲ ਬਣਾਉਣੇ ਸ਼ੁਰੂ ਕਰਤੇ। ਪੰਜਾਬ ਵਿੱਚ ਹੀ ਕਿਉਂ ? ਇਹ ਸਭ ਸੋਚੀ ਸਮਝੀ ਸਾਜ਼ਿਸ਼ ਤਹਿਤ ਵਾਰ ਹੋ ਰਿਹਾ ਸੀ। ਸਿੱਖਾਂ ਨੂੰ ਕਿਸ ਦੇਸ਼ ਭਗਤੀ ਦੀ ਪੀੜ ਹੋ ਸਕਦੀ ਸੀ, ਜਦੋਂ ਦੇਸ਼ ਹੀ ਨਾ ਰਿਹਾ। ਸਮੇਂ ਦੀ ਅਹਿਮ ਲੋੜ ਮੁਤਾਬਕ ਹੀ ਸਿੰਘ ਸਭਾ ਲਹਿਰ ਤਾਂ ਹੀ ਉਸਾਰੀ ਗਈ ਜੋ ਠੀਕ ਕਦਮ ਸੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਮਨੁੱਖਤਾ ਦੇ ਸਰਬ ਸਾਂਝੇ ਰਹਿਬਰ ਗੁਰੂ ਨਾਨਕ ਸਾਹਿਬ

**ਰਾਜਵਿੰਦਰ ਕੌਰ**

ਗੁਰੂ ਨਾਨਕ ਸਾਹਿਬ ਜੀ ਮਨੁੱਖਤਾ ਦੇ ਸਰਬ-ਸਾਂਝੇ ਗੁਰੂ ਹਨ। ਆਪ ਜੀ ਦੀ ਵਿਚਾਰਧਾਰਾ ਅਤੇ ਉਪਦੇਸ਼ਾਂ ਦਾ ਮੂਲ ਆਧਾਰ ਅਧਿਆਤਮਿਕ, ਸਮਾਜਿਕ ਅਤੇ ਭਾਵਨਾਤਮਿਕ ਏਕਤਾ ਹੈ। ਇਹ ਅਧਿਆਤਮਵਾਦੀ ਹੋਣ ਦੇ ਬਾਵਜੂਦ ਸਮਾਜਿਕ ਜੀਵਨ ਤੋਂ ਉਪਰਾਮਤਾ ਨਹੀਂ ਸਿਖਾਉਂਦੀ, ਸਗੋਂ ਮਾਨਵੀ ਜੀਵਨ ਦੇ ਸਮਾਜਿਕ ਪੱਖਾਂ ਨੂੰ ਮੁੱਖ ਰੱਖ ਕੇ ਆਤਮਿਕ ਵਿਕਾਸ ਦਾ ਰਾਹ ਦੱਸਦੀ ਹੈ। ਆਪ ਜੀ ਨੇ ਆਪਣੀ ਪਾਵਨ ਗੁਰਬਾਣੀ ਅੰਦਰ ਜੀਵਨ ਦੇ ਹਰ ਪੱਖ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚੱਲਿਤ ਕਦਰਾਂ-ਕੀਮਤਾਂ ਨੂੰ ਪੜਚੋਲਣ ਤੋਂ ਬਾਅਦ ਇਨ੍ਹਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡੀ ਤਰਜੀਹਾਂ ਤੋਂ ਵੱਖ ਕਰਕੇ ਸਮਾਜਿਕ ਖੇਤਰ 'ਚ ਧਰਮ ਦਾ ਸਹੀ ਸਥਾਨ ਨਿਸ਼ਚਿਤ ਕੀਤਾ ਅਤੇ ਧਰਮ ਅਤੇ ਸਮਾਜ ਦੀ ਇਕ ਦੂਜੇ 'ਤੇ ਪਰਸਪਰ ਨਿਰਭਰਤਾ ਨੂੰ ਸਪੱਸ਼ਟ ਕੀਤਾ। ਇਹ ਇਸ ਲਈ ਵੱਡੇ ਅਰਥ ਰੱਖਦਾ ਹੈ ਕਿਉਂਕਿ ਉਸ ਸਮੇਂ ਧਰਮ ਦੀਆਂ ਧਾਰਨਾਵਾਂ ਨਾਲ ਕਰਮਕਾਂਡ ਸਹਿਵਨ ਹੀ ਜੋੜੇ ਜਾ ਰਹੇ ਹਨ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਕੇ ਸੰਨਿਆਸੀ, ਵੈਸ਼ਨਵ, ਸ਼ੈਵ, ਨਾਥ-ਪੰਥੀ, ਸਿੱਧ, ਪੀਰ ਆਦਿ ਸਭ 'ਚ ਜਿੱਥੇ ਕਿਤੇ ਕੋਈ ਕਮਜ਼ੋਰੀ ਦੇਖੀ, ਉੱਥੇ ਉਸ ਦੀ ਆਲੋਚਨਾ ਦੇ ਨਾਲ-ਨਾਲ ਸਹੀ ਮਾਰਗ ਦਰਸ਼ਨ ਵੀ ਕੀਤਾ। ਉਨ੍ਹਾਂ ਵੱਖ-ਵੱਖ ਧਰਮਾਂ ਦੇ ਆਗੂਆਂ ਨਾਲ ਕੀਤੀਆਂ ਗੋਸ਼ਟੀਆਂ 'ਚ ਹਰੇਕ ਦੇ ਸਵਾਲਾਂ ਦੇ ਜਵਾਬ ਦਿੱਤੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਚਾਰਦਿਆਂ ਸੱਜਰੀ ਰੌਸ਼ਨੀ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਸਾਹਿਬ ਜੀ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਕੀਤੀ। ਉਸ ਸਮੇਂ ਸਮਾਜ ਊਚ-ਨੀਚ ਅਤੇ ਜਾਤ-ਪਾਤ 'ਚ ਫਸਿਆ ਹੋਇਆ ਸੀ ਅਤੇ ਇਸ ਤੋਂ ਵੀ ਅਗਲੀ ਗੱਲ ਇਹ ਸੀ ਕਿ ਇਸ ਨੂੰ ਧਰਮ ਦੀਆਂ ਧਾਰਨਾਵਾਂ ਵਜੋਂ ਲੋਕਾਂ 'ਤੇ ਠੋਸਿਆ ਜਾ ਰਿਹਾ ਸੀ। ਗੁਰੂ ਸਾਹਿਬ ਜੀ ਨੇ ਇਸ ਨੂੰ ਮੂਲੋਂ ਹੀ ਨਕਾਰਿਆ ਅਤੇ ਮਨੁੱਖੀ ਬਰਾਬਰਤਾ ਨੂੰ ਪ੍ਰਧਾਨਤਾ



ਦਿੱਤੀ। ਗੁਰੂ ਸਾਹਿਬ ਜੀ ਨੇ ਕੇਵਲ ਸਮਾਜ ਦੇ ਲੋਕਾਂ ਨੂੰ ਹੀ ਉਪਦੇਸ਼ ਨਹੀਂ ਦਿੱਤਾ, ਸਗੋਂ ਇਸ 'ਤੇ ਆਪ ਵੀ ਅਮਲੀ ਰੂਪ 'ਚ ਪਹਿਰਾ ਦਿੱਤਾ। ਆਪ ਫੁਰਮਾਉਂਦੇ ਹਨ : ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਅੰਗ 15)।

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਹੱਕ 'ਚ ਵੀ ਆਵਾਜ਼ ਉਠਾਈ। ਅਸਲ 'ਚ ਉਸ ਸਮੇਂ ਹਿੰਦੁਸਤਾਨੀ ਸਮਾਜ 'ਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਜੀ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ 'ਚ ਮਰਦ ਦੇ ਬਰਾਬਰ ਖੜ੍ਹਾ ਕੀਤਾ -

'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।। (ਅੰਗ 473)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ, ਸੱਚੀ ਸੁੱਚੀ ਕਿਰਤ ਕਰਨ ਅਤੇ ਵੰਡ ਛੱਕਣ ਦਾ ਉਪਦੇਸ਼ ਦਿੱਤਾ। ਕਹਿਣ ਦਾ ਭਾਵ ਕਿ ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਦੇ ਸੱਚੇ ਮਾਰਗ-ਦਰਸ਼ਨ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆ 'ਚ ਭਟਕ ਰਹੀ ਲੋਕਾਈ ਨੂੰ ਸਹੀ ਰਾਸਤਾ ਦਿਖਾ ਕੇ ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ, ਸੰਗਤ-ਪੰਗਤ ਅਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀਂ ਸੇਧ ਦੇਣ ਵਾਲੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅੰਦਰ ਮਨੁੱਖ ਦੀ ਮੁਕੰਮਲ ਘਾੜਤ ਘੜਦਿਆਂ ਧਰਮ-ਕਰਮ ਅਤੇ ਆਚਾਰ-ਵਿਹਾਰ ਨਾਲ ਸੰਬੰਧਿਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਨੂੰ ਪੜਚੋਲਣ ਤੋਂ ਬਾਅਦ ਇਨ੍ਹਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਇਸ ਤਰ੍ਹਾਂ ਕਰਦਿਆਂ ਕਈ ਕਦਰਾਂ ਕੀਮਤਾਂ ਨੂੰ ਤਿਆਗਿਆ ਕਈਆਂ ਦੇ ਨਕਸ਼ ਤਰਾਸ਼ੇ ਅਤੇ ਕਈ ਨਵੇਂ ਰਾਹ ਵੀ ਦਿਖਾਏ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਸਮੁੱਚੀ ਵਿਚਾਰਧਾਰਾ ਭਾਰਤੀ ਦਰਸ਼ਨ ਦੇ ਸੰਦਰਭ 'ਚ ਨਿਵੇਕਲੀ ਅਤੇ ਵਧੇਰੇ ਕਾਰਗਰ ਸਿੱਧ ਹੁੰਦੀ ਹੈ। ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਂਚ ਦੇ ਸਨਮੁੱਖ ਕੀਤਾ, ਜਿਸ ਕਾਰਨ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਸਿਰ-ਮੱਥੇ ਪ੍ਰਵਾਨ ਕੀਤਾ।

# ...ਤੇ ਬਚ ਸਕਦੀਆਂ ਹਨ 2100 ਜਾਨਾਂ

**ਇਕਵਾਕ ਸਿੰਘ ਪੱਟੀ**

ਤੇਜ਼ ਰਫਤਾਰੀ, ਕਾਹਲੀ, ਲਾਪਰਵਾਹੀ ਵਗੈਰਾ ਤਾਂ ਹਮੇਸ਼ਾਂ ਹੀ ਸੜਕੀ ਹਾਦਸਿਆਂ ਦੀ ਜਨਮਦਾਤੀ ਰਹੀ ਹੈ ਪਰ ਮੌਜੂਦਾ ਸਮੇਂ ਵਿੱਚ ਡਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਵੀ ਆਪਣਾ ਪੂਰਾ ਹਿੱਸਾ ਪਾ ਰਹੀ ਹੈ।

ਹਾਲ ਵਿੱਚ ਹੀ ਹੋਏ ਇੱਕ ਸਰਵੇ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਹਰ ਸਾਲ ਸੜਕਾਂ ਦੇ ਹੋਣ ਵਾਲੀਆਂ 2100 ਤੋਂ ਵੱਧ ਮੌਤਾਂ ਦਾ ਕਾਰਣ ਡਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਕਰਨਾ ਹੈ। ਟੀ.ਐੱਨ.ਐੱਸ ਭਾਰਤੀ ਨਾਮੀ ਕੰਪਨੀ ਵੱਲੋਂ ਸੇਵ ਲਾਈਫ ਫਾਉਂਡੇਸ਼ਨ ਅਤੇ ਵੋਡਾਫੋਨ ਦੇ ਸਹਿਯੋਗ ਨਾਲ ਭਾਰਤ ਦੇ ਦਿੱਲੀ, ਚੇਨੱਈ, ਜੈਪੁਰ, ਬੰਗਲੌਰ, ਮੰਗਲੌਰ, ਕਾਨਪੁਰ, ਮੁੰਬਈ ਅਤੇ ਕਲਕੱਤਾ ਕੁੱਲ ਅੱਠ ਸੂਬਿਆਂ ਵਿੱਚ ਕਰਵਾਏ ਗਏ ਸਰਵੇਖਣ ਅਨੁਸਾਰ 14 ਫੀਸਦੀ ਲੋਕ ਡਰਾਈਵਿੰਗ ਦੌਰਾਨ ਆਉਣ ਵਾਲੀਆਂ ਕਾਲਾਂ ਨੂੰ ਸੁਣਦੇ ਹਨ। ਇਸੇ ਤਰ੍ਹਾਂ 60 ਫੀਸਦੀ ਲੋਕ ਫੋਨ ਚੁੱਕਣ ਤੋਂ ਬਾਅਦ ਸੁਰੱਖਿਅਤ ਥਾਂ ਤੇ ਰੁਕਣਾ ਜ਼ਰੂਰੀ ਨਹੀਂ ਸਮਝਦੇ ਅਤੇ 20 ਫੀਸਦੀ ਅਜਿਹੇ ਲੋਕ ਹਨ ਜੋ ਡਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਕਰਦੇ ਹੋਏ ਵਾਲ-ਵਾਲ ਬਚੇ ਹਨ। 96 ਫੀਸਦੀ ਲੋਕ ਆਪਣੇ ਆਪ ਨੂੰ ਅਸੁਰੱਖਿਤ ਮੰਨਦੇ ਹਨ ਜਦ ਡਰਾਈਵਰ ਡਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਕਰਦਾ ਹੈ। ਇਸੇ ਤਰ੍ਹਾਂ ਆਪਣੀ ਕਾਰ/ਗੱਡੀ ਚਲਾਉਂਦੇ ਹੋਏ ਗੱਲ ਕਰਦਿਆਂ ਅਚਾਨਕ ਬਰੇਕ ਲਗਾਉਣ ਵਾਲਿਆਂ ਦੀ ਗਿਣਤੀ ਵੀ 34 ਫੀਸਦੀ ਹੈ। ਹਾਲਾਂਕਿ 94 ਫੀਸਦੀ ਲੋਕ ਮੰਨਦੇ ਹਨ ਕਿ ਡਰਾਈਵਿੰਗ ਦੌਰਾਨ ਫੋਨ ਚਲਾਉਣਾ ਖਤਰੇ ਤੋਂ ਖਾਲੀ ਨਹੀਂ ਹੈ। ਉਪਰੋਕ ਸਰਵੇਖਣ ਵਿੱਚ 1749 ਡਰਾਈਵਰਾਂ ਨੂੰ ਸ਼ਾਮਲ ਕੀਤਾ ਗਿਆ। ਇਹਨਾਂ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਦੋ-ਪਹੀਆ ਵਾਹਨ ਡਰਾਈਵਰ, ਚਾਰ-ਪਹੀਆ ਵਾਹਨ ਡਰਾਈਵਰ, ਬੱਸ/ਟਰੱਕ ਡਰਾਈਵਰ ਅਤੇ ਆਟੋ ਕਿਰਸ਼ਾ ਡਰਾਈਵਰ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਡਰਾਈਵੰਗ ਦੌਰਾਨ ਮੋਬਾਇਲ ਦੀ ਵਰਤੋਂ ਕਰਨ ਨਾਲ ਸੜਕ ਤੇ ਹੋਣ ਵਾਲੇ ਹਾਦਸਿਆਂ ਦਾ ਖਤਰਾ ਚਾਰ ਗੁਣਾ ਵੱਧ ਜਾਂਦਾ ਹੈ। ਪਿਛਲੇ ਸਾਲ ਟਰਾਂਸਪੋਰਟ ਅਧਿਕਾਰੀਆਂ ਵੱਲੋਂ ਭਾਰਤ ਵਿੱਚ ਪਹਿਲੀ ਵਾਰ ਮੋਬਾਇਲ ਦੀ ਵਰਤੋਂ ਕਾਰਣ ਹੋਣ ਵਾਲੇ ਹਾਦਸਿਆਂ ਸਬੰਧੀ ਅੰਕੜੇ ਜਾਰੀ ਕੀਤੇ ਗਏ ਸਨ, ਜਿਨ੍ਹਾਂ ਅਨੁਸਾਰ ਸਾਲ 2016 ਵਿੱਚ ਹੋਏ 4976 ਹਾਦਸਿਆਂ ਵਿੱਚ 2138 ਮੌਤਾਂ ਹੋਈਆਂ ਅਤੇ 4746 ਲੋਕ ਜ਼ਖਮੀ ਹੋਏ। ਮੋਬਾਇਲ ਦੀ ਵਰਤੋਂ



ਦੌਰਾਨ ਹੋਣ ਵਾਲੇ ਚਾਰ ਵਡੇ ਹਾਦਸਿਆਂ ਦੀ ਗੱਲ ਕਰੀਏ ਤਾਂ 21 ਸੰਤਬਰ 2013 ਨੂੰ ਜੰਮੂ ਕਸ਼ਮੀਰ ਦੇ ਰਿਆਸੀ ਇਲਾਕੇ ਵਿੱਚ ਡਰਾਈਵਰ ਵੱਲੋਂ ਮੋਬਾਇਲ ਦੀ ਵਰਤੋਂ ਦੌਰਾਨ ਇੱਕ ਬੱਸ 300 ਫੁੱਟ ਗਹਿਰੀ ਖੱਡ ਵਿੱਚ ਡਿੱਗ ਪਈ ਜਿਸ ਕਾਰਣ 9 ਲੋਕਾਂ ਦੀ ਮੌਤ ਹੋਈ ਅਤੇ 22 ਲੋਕ ਸਖਤ ਜਖਮੀ ਹੋਏ ਸਨ। ਇਸੇ ਤਰ੍ਹਾਂ ਜੁਲਾਈ 24, 2014 ਨੂੰ ਆਂਧਰਾ ਪ੍ਰਦੇਸ਼ ਵਿੱਚ ਇੱਕ ਸਕੂਲ ਬੱਸ ਡਰਾਈਵਰ ਵੱਲੋਂ ਮੋਬਾਇਲ ਫੋਨ ਤੇ ਗੱਲ ਕਰਦਿਆਂ ਹੋਏ ਹਾਦਸੇ ਕਾਰਣ 20 ਬੱਚਿਆਂ ਦੀ ਮੌਤ ਹੋ ਗਈ ਸੀ। ਅਕਤੂਬਰ 20, 2015 ਨੂੰ ਊਧਮਪੁਰ ਵਿਖੇ ਬੱਸ ਡਰਾਈਵਰ ਵੱਲੋਂ ਫੋਨ ਦੀ ਵਰਤੋਂ ਦੌਰਾਨ ਬੱਸ ਖੱਡ ਵਿੱਚ ਡਿੱਗਣ ਕਰਕੇ 14 ਲੋਕਾਂ ਦੀ ਮੌਤ ਹੋਈ ਅਤੇ ਸੰਤਬਰ 9, 2016 ਉੜੀਸਾ ਵਿੱਚ ਬੱਸ ਡਰਾਈਵਰ ਵੱਲੋਂ ਮੋਬਾਇਲ ਦੀ ਵਰਤੋਂ ਦੇ ਚੱਕਰ ਵਿੱਚ 19 ਯਾਤਰੀਆਂ ਦੀ ਮੌਤ ਹੋਈ।

ਤੇਜ਼ ਰਫਤਾਰ ਵਿੱਚ ਗੱਡੀਆਂ ਚਲਾ ਕੇ ਉਸਦੀ ਆਪਣੇ ਫੋਨ ਵਿੱਚ ਵੀਡੀਉ ਬਣਾਉਣਾ ਵੀ ਇੱਕ ਸ਼ੁਗਲ ਬਣ ਗਿਆ ਹੈ, ਜਿਸ ਕਾਰਣ ਕਈ ਮੌਤਾਂ ਹੋ ਚੁੱਕੀਆਂ ਹਨ। ਅਸੀਂ ਆਮ ਤੌਰ ਆਪਣੇ ਗਲੀ ਮਹੁੱਲੇ ਜਾਂ ਬਾਜ਼ਾਰ ਵਿੱਚ ਦੋ ਪਹੀਆ ਵਾਹਨ ਚਾਲਕਾਂ ਨੂੰ ਇੱਕ ਗਰਦਨ ਨੂੰ ਖੱਬੇ ਜਾਂ ਸੱਜੇ ਮੋਢੇ ਵੱਲ ਝੁਕਾ ਕੇ, ਮੋਢੇ ਅਤੇ ਕੰਨ ਦੇ ਫਾਸਲੇ ਵਿੱਚ ਮੋਬਾਇਲ ਫਸਾ ਕੇ ਗੱਲਾਂ ਕਰਦੇ ਹੋਏ ਦੇਖਿਆ ਹੋਵੇਗਾ। ਇਸੇ ਤਰ੍ਹਾਂ ਇੱਕ ਹੱਥ ਨਾਲ ਮੋਬਾਇਲ ਤੇ ਆਏ ਸੰਦੇਸ਼ ਪੜ੍ਹਦੇ ਅਤੇ ਸੰਦੇਸ਼ ਭੇਜਦੇ ਵੀ ਦੇਖਿਆ ਹੋਵੇਗਾ। ਜੋ ਆਪਣੀ ਅਤੇ ਦੂਜਿਆਂ ਦਾ ਜਾਨ ਨੂੰ ਖਤਰੇ ਵਿੱਚ ਪਾਉਣ ਦੇ ਬਰਾਬਰ ਹੈ।

ਮੋਬਾਇਲ ਤਕਨੌਲਜੀ ਦੀ ਗੱਲ ਕਰੀਏ ਤਾਂ ਲਗਭਗ ਹਰ ਸਮਾਰਟ ਫੋਨ ਵਿੱਚ 'ਡਰਾਈਵੰਗ ਮੋਡ' ਦੀ ਸਹੂਲਤ ਦਿੱਤੀ ਜਾ ਰਹੀ ਹੈ, ਜਿਸ ਨੂੰ ਆਨ ਕਰਕੇ ਤੁਸੀਂ ਬਹੁਤ ਸਾਰੇ ਸੜਕੀ ਹਾਦਸਿਆਂ ਨੂੰ ਬੱਚ ਸਕਦੇ ਹੋ। ਇਸ ਨੂੰ ਆਨ ਕਰਨ ਨਾਲ ਜੇਕਰ ਡਰਾਈਵਿੰਗ ਦੌਰਾਨ ਕਿਸੇ ਦਾ ਫੋਨ ਆਉਂਦਾ ਹੈ ਤਾਂ ਉਹ ਆਪਣੇ ਆਪ (ਆਟੋਮੈਟਿਕ) ਡਿਸਕੁਨੈਕਟ ਹੋ ਜਾਵੇਗਾ ਅਤੇ ਫੋਨ ਕਰਨ ਵਾਲੇ ਨੂੰ ਤੁਹਾਡਾ ਮੋਬਾਇਲ ਤੁਰੰਤ ਇੱਕ ਸੰਦੇਸ਼ ਭੇਜ ਦੇਵੇਗਾ ਕਿ, 'ਤੁਸੀ ਇਸ ਵਕਤ ਡਰਾਈਵਿੰਗ ਕਰ ਰਹੇ ਹੋ ਅਤੇ ਕੁੱਝ ਦੇਰ ਬਾਅਦ ਤੁਹਾਨੂੰ ਵਾਪਸ ਫੋਨ ਕੀਤਾ ਜਾਵੇਗਾ।' ਮੋਬਾਇਲ ਤੇ ਇਸ ਫੀਚਰ ਦਾ ਫਾਇਦਾ ਲਿਆ ਜਾ ਸਕਦਾ ਹੈ। ਜੇਕਰ ਕੁੱਝ ਜ਼ਰੂਰੀ ਫੋਨ ਰਸੀਵ ਵੀ ਕਰਨੇ ਹਨ ਤਾਂ ਈਅਰਫੋਨ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਜਿਸ ਨਾਲ ਕੁੱਝ ਹੱਦ ਤੱਕ ਬਚਾਅ ਹੋ ਸਕਦਾ ਹੈ। ਅੱਜ ਕੱਲ ਤਾਂ ਤਾਰ ਵਾਲੇ ਅਤੇ ਬਿਨ੍ਹਾਂ ਤਾਰ ਤੋਂ ਕਈ ਕਿਸਮਾਂ ਦੇ ਈਅਰਫੋਨ ਬਾਜ਼ਾਰ ਵਿੱਚ ਉਪਲੱਬਧ ਹਨ।

ਸੋ ਆਓ! ਸੁਚੇਤ ਹੋਈਏ। ਆਪਣੇ ਲਈ, ਆਪਣਿਆਂ ਲਈ ਅਤੇ ਹੋਰਨਾਂ ਲਈ ਵੀ। ਫੋਨ ਤੇ ਡਰਾਈਵਿੰਗ ਨੂੰ ਆਪਸ ਵਿੱਚੋ ਵੱਖੋ ਵੱਖ ਕਰ ਦੇਈਏ।

# ਪੰਜਾਬ ਨੂੰ ਸਮੂਹਿਕ ਖ਼ੁਦਕੁਸ਼ੀ ਵੱਲ ਧੱਕਿਆ ਜਾ ਰਿਹਾ ਹੈ

**ਡਾ. ਅਨੂਪ ਸਿੰਘ**





ਪੰਜਾਬ ਵਿਚ ਇੱਕ ਲੋਕ-ਉੱਕਤੀ ਸਦੀਆਂ ਤੋਂ ਪ੍ਰਚਲਿਤ ਹੈ ਕਿ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'। ਮੈਂ ਇਤਿਹਾਸ ਦਾ ਵਿਦਿਆਰਥੀ ਨਹੀਂ ਹਾਂ ਪਰ ਸ਼ਾਇਦ ਹੀ ਪੰਜਾਬ ਦੇ ਇਤਿਹਾਸ ਵਿਚ ਕਦੇ 50 ਸਾਲ ਸੁੱਖ-ਸ਼ਾਂਤੀ ਤੇ ਅਮਨ-ਅਮਾਨ ਨਾਲ ਲੰਘੇ ਹੋਣ ਜਦੋਂ ਕੋਈ ਵੱਡੀ ਦੁਰਘਟਨਾ/ਜੰਗ-ਯੁੱਧ ਜਾਂ ਵੱਡੀ ਉੱਥਲ-ਪੁਥਲ ਵਾਲਾ ਵਰਤਾਰਾ ਨਾ ਵਾਪਰਿਆ ਹੋਵੇ। ਬੀਤੀ ਸਦੀ ਵਿਚ 1947 ਦਾ ਮਹਾਂ-ਦੁਖਾਂਤ ਵਾਪਰਦਾ ਹੈ। ਅਜੇ ਇਸ ਦੇ ਜ਼ਖ਼ਮ ਪੂਰੀ ਤਰ੍ਹਾਂ ਠੀਕ ਨਹੀਂ ਹੋਏ ਹੁੰਦੇ ਕਿ 1984 ਵਿਚ ਸਾਕਾ ਨੀਲਾ ਤਾਰਾ, ਦਿੱਲੀ ਅਤੇ ਉੱਤਰੀ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਹੁੰਦਾ ਹੈ। ਪੰਜਾਬੀ ਇਹਨਾਂ ਦੋ ਵੱਡੇ ਦੁਖਾਂਤਾਂ ਤੋਂ ਅਜੇ ਸੰਭਲ ਹੀ ਰਹੇ ਹੁੰਦੇ ਹਨ ਕਿ ਕਿਸਾਨੀ ਖ਼ੁਦਕਸ਼ੀਆਂ ਤੇ ਨਸ਼ਿਆਂ ਦਾ ਹਮਲਾ ਵਿਸ਼ਵ ਪੱਧਰ 'ਤੇ ਚਰਚਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਮਹਿਸੂਸ ਹੋਣ ਲੱਗਦਾ ਹੈ ਕਿ ਗੈਰਤਮੰਦ ਪੰਜਾਬੀਆਂ ਅਤੇ ਕਦੇ ਦੇਸ਼ ਦੀ 'ਖੜਗ ਭੁਜਾ' ਮੰਨੇ ਜਾਂਦੇ ਪੰਜਾਬ ਨੂੰ ਸਮੂਹਿਕ ਖ਼ੁਦਕਸ਼ੀ ਵੱਲ ਧੱਕਿਆ ਜਾ ਰਿਹਾ ਹੈ। ਹਾਕਮ ਇਸ ਲਈ ਮੁੱਖ ਜ਼ਿੰਮੇਵਾਰ ਹਨ।

ਪੰਜਾਬ ਸਰਕਾਰ ਸਿਰ ਸਵਾ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਪੰਜਾਬ ਦੇ ਬੋਰਡਾਂ, ਕਾਰਪੋਰੇਸ਼ਨਾਂ ਅਤੇ ਹੋਰ ਅਰਧ-ਸਰਕਾਰੀ ਅਦਾਰਿਆਂ ਸਿਰ ਲਗਭਗ 75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਦੀ ਪੰਜਾਬ ਸਰਕਾਰ ਨੇ ਗਾਰੰਟੀ ਦਿੱਤੀ ਹੋਈ ਹੈ। ਪੰਜਾਬ ਦੇ ਕਿਸਾਨਾਂ ਸਿਰ ਵੀ ਲਗਭਗ 70-75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਖੇਤ ਮਜ਼ਦੂਰਾਂ, ਸਨਅਤੀ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਸਿਰ ਕਰਜ਼ੇ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ ਲੱਗ ਸਕਦਾ ਕਿਉਂਕਿ ਇਹ ਸਾਰਾ ਕਰਜ਼ਾ ਸ਼ਾਹੂਕਾਰਾਂ, ਆੜ੍ਹਤੀਆਂ, ਸੁਨਿਆਰਿਆਂ, ਪੇਂਡੂ ਜ਼ਿਮੀਦਾਰਾਂ ਤੇ ਹੋਰ ਖਾਂਦੇ-ਪੀਂਦੇ ਵਰਗਾਂ ਤੋਂ ਲਿਆ ਗਿਆ ਹੈ। ਪੰਜਾਬ ਵਰਗੇ ਖ਼ੁਸ਼ਹਾਲ ਰਾਜ ਵਿਚ ਵੀ ਘੋਰ ਗੁਰਬਤ ਦੇ ਦ੍ਰਿਸ਼ ਹਰ ਸੰਵੇਦਨਸ਼ੀਲ ਅਤੇ ਖੁੱਲ੍ਹੀਆਂ ਅੱਖਾਂ ਵਾਲੇ ਨੂੰ ਪ੍ਰਤੱਖ ਦਿਖਾਈ ਦਿੰਦੇ ਹਨ। ਇਸ ਲਈ ਜੇਕਰ ਪੰਜਾਬ ਵਿਚ ਸੀਮਾਂਤ/ਛੋਟਾ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾ ਬੋਝ ਅਤੇ ਗਰੀਬੀ ਕਾਰਨ ਖ਼ੁਦਕਸ਼ੀਆਂ ਕਰ ਰਿਹਾ ਹੈ, ਤਾਂ ਇਹ ਵਰਤਾਰਾ ਦੁੱਖਦਾਈ ਤਾਂ ਹੈ, ਪਰ ਅਲੋਕਾਰੀ ਨਹੀਂ ਹੈ। ਉਨ੍ਹਾਂ ਦੀ ਜ਼ਿੰਦਗੀ ਵਿਚ ਜ਼ਿੰਦਗੀ ਵਰਗਾ ਕੁਝ ਹੈ ਹੀ ਨਹੀਂ ਤਾਂ ਉਹ ਕਿਸ ਆਸ ਦੇ ਆਸਰੇ ਜੀਣ ? ਜਿਹੜੇ ਕਿਸਾਨ ਜਾਂ ਖੇਤ ਮਜ਼ਦੂਰ ਖ਼ੁਦਕੁਸ਼ੀ ਨਹੀਂ ਕਰਦੇ, ਉਨ੍ਹਾਂ ਦੀ ਹਾਲਤ ਬੇਹੱਦ ਤਰਸਯੋਗ ਹੈ ਅਤੇ ਉਨ੍ਹਾਂ ਲਈ ਕੋਈ ਆਸ ਦੀ ਕਿਰਨ ਵੀ ਨਹੀਂ। ਉਪਦੇਸ਼ ਉਨ੍ਹਾਂ ਦੇ ਢਿੱਡ ਨਹੀਂ ਭਰਦਾ।

ਲੋੜਾਂ-ਥੋੜਾਂ ਦੇ ਝੰਬੇ ਇਸ ਵਰਗ ਲਈ ਖੇਤੀ ਬੇਹੱਦ ਘਾਟੇ ਵਾਲਾ ਅਤੇ ਕਠਿਨ ਧੰਦਾ ਬਣ ਗਿਆ ਹੈ। ਉਨ੍ਹਾਂ ਦੇ ਬੱਚਿਆਂ ਲਈ ਮਿਆਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਦਰਵਾਜ਼ੇ ਬੰਦ ਹਨ। ਉਨ੍ਹਾਂ ਵਾਂਗ ਉਨ੍ਹਾਂ ਦੇ ਬੱਚੇ ਗ਼ੈਰ-ਹੁਨਰਮੰਦ ਹਨ। ਸਰੀਰਕ ਕੰਮ ਤੋਂ ਛੁੱਟ ਉਹ ਕੁਝ ਕਰ ਹੀ ਨਹੀਂ ਸਕਦੇ। ਇਸ ਲਈ ਉਨ੍ਹਾਂ ਪਾਸ ਕੋਈ ਬਦਲਵਾਂ ਲਾਹੇਵੰਦ ਰੁਜ਼ਗਾਰ ਹੈ ਹੀ ਨਹੀਂ। ਸਰੀਰਕ ਮਿਹਨਤ ਦੇ ਉਨ੍ਹਾਂ ਨੂੰ ਪੂਰੇ ਪੈਸੇ ਨਹੀਂ ਮਿਲਦੇ। ਉਹ ਕੀ ਕਰਨ ?ਕਿੱਥੇ ਜਾਣ ?

ਪੰਜਾਬ ਵਿਚ ਵਧ ਰਹੇ ਨਸ਼ੇ ਹੁਣ ਹਕੀਕਤ ਹਨ ਅਤੇ ਪੂਰੇ ਦੇਸ਼ ਅਤੇ ਵਿਸ਼ਵ ਵਿਚ ਚਰਚਾ ਵਿਚ ਹਨ। ਪੰਜਾਬ ਵਿਚ ਬੀਤੇ 14-15 ਸਾਲਾਂ ਵਿਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਅਤੇ ਸ਼ਰਾਬ ਤੋਂ ਹੁੰਦੀ ਆਮਦਨ ਵਿਚ ਅਣਕਿਆਸਿਆ ਵਾਧਾ ਹੋਇਆ ਹੈ। ਲਗਭਗ ਹਰ ਸ਼ਹਿਰ ਦੇ ਕਸਬਿਆਂ ਵਿਚ ਇਨ੍ਹਾਂ ਠੇਕਿਆਂ ਦੀਆਂ ਅਣਅਧਿਕਾਰਤ ਬਰਾਂਚਾਂ ਹਨ ਅਤੇ ਸ਼ਰਾਬ ਦੇ ਕਾਰੋਬਾਰ ਵਿਚ ਲੱਖਾਂ ਲੋਕ ਲੱਗੇ ਹੋਏ ਹਨ। ਅਸਲ ਵਿਚ ਸਾਡੀਆਂ ਸਰਕਾਰਾਂ ਨੇ ਘਰ-ਘਰ ਸ਼ਰਾਬ ਦੀਆਂ ਟੂਟੀਆਂ ਲਗਵਾ ਦਿੱਤੀਆਂ ਹਨ। 1992-93 ਵਿਚ ਮਰਹੂਮ ਤਤਕਲੀਨ ਮੁੱਖ ਮੰਤਰੀ ਸ. ਬੇਅੰਤ ਸਿੰਘ ਸੀ। ਉਸ ਸਮੇਂ ਦੇ ਪੁਲਿਸ ਮੁਖੀ ਕੇ.ਪੀ. ਐੱਸ ਗਿੱਲ ਨੇ ਸਟੇਜਾਂ 'ਤੇ ਸ਼ਰਾਬ ਪੀ ਕੇ ਭੰਗੜੇ ਪਾਏ ਤਾਂ ਪੰਜਾਬ ਸਰਕਾਰ ਨੇ ਸਰਕਾਰੀ ਪੱਧਰ 'ਤੇ ਪ੍ਰਵਾਨ ਕਰ ਲਿਆ ਕਿ ਸ਼ਰਾਬ ਕੋਈ ਨਸ਼ਾ ਹੀ ਨਹੀਂ ਅਤੇ ਇਸੇ ਮਾਨਤਾ ਨੂੰ ਪੰਜਾਬ ਦੇ ਮੌਜੂਦਾ ਸਿਹਤ ਮੰਤਰੀ ਵੱਖ-ਵੱਖ ਬਿਆਨਾਂ ਰਾਹੀਂ ਦੁਹਰਾ ਰਹੇ ਹਨ। ਹੁਣ ਵਿਆਹ-ਸ਼ਾਦੀ ਅਤੇ ਖ਼ੁਸ਼ੀ ਦੀਆਂ ਰਸਮਾਂ ਸਮੇਂ ਸ਼ਰਾਬ ਦੀ ਸ਼ਰ੍ਹੇਆਮ ਵਰਤੋਂ ਨੇ ਇਸ ਨੂੰ ਸਮਾਜਿਕ ਮਾਨਤਾ ਦੁਆ ਦਿੱਤੀ ਹੈ। ਮਹਿੰਗੀ ਤੋਂ ਮਹਿੰਗੀ ਸ਼ਰਾਬ ਅਤੇ ਮਾਸੂਮ ਲੜਕੀਆਂ ਦੁਆਰਾ ਇਸ ਨੂੰ ਵਰਤਾਉਣਾ (ਸਰਵ ਕਰਨਾ) ਸਮਾਜਿਕ ਹੈਸੀਅਤ ਦਾ ਸੰਕੇਤ ਬਣ ਗਿਆ ਹੈ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸ਼ਰਾਬ ਨਸ਼ਿਆਂ ਦਾ ਪ੍ਰਵੇਸ਼ ਦੁਆਰ ਹੈ ਅਤੇ ਇਹ ਸਭ ਤੋਂ ਸੌਖੇ ਅਤੇ ਸਹਿਜ ਰੂਪ ਵਿਚ ਮਿਲ ਜਾਂਦੀ ਹੈ। ਬਦਕਿਸਮਤੀ ਨੂੰ ਸਾਡੇ ਰੰਗ ਬਿਰੰਗੇ ਹਾਕਮ ਸ਼ਰਾਬ ਨੂੰ ਆਪਣੀ ਕਮਾਈ ਦਾ ਪ੍ਰਮੁੱਖ ਸਾਧਨ ਮੰਨ ਰਹੇ ਹਨ। ਉਂਝ ਤਾਂ ਚੋਣ ਜਿੱਤਣ ਲਈ ਸੱਤਾਸ਼ੀਲ ਧਿਰਾਂ ਕੋਈ ਵੀ ਗੁਨਾਹ ਕਰਨ ਨੂੰ ਤਿਆਰ ਹਨ ਪਰ ਨੋਟਾਂ, ਨਸ਼ਿਆਂ ਅਤੇ ਨੌਕਰਸ਼ਾਹੀ ਦੀ ਵਰਤੋਂ ਤਾਂ ਖੁੱਲ੍ਹੇਆਮ ਕੀਤੀ ਜਾਂਦੀ ਹੈ। ਬਦਕਿਸਮਤੀ ਨੂੰ ਚੋਣਾਂ ਵਿਚ ਨੋਟਾਂ ਅਤੇ ਨਸ਼ਿਆਂ ਦੀ ਸ਼ਰ੍ਹੇਆਮ ਵਰਤੋਂ ਮਰਹੂਮ ਮੁੱਖ ਮੰਤਰੀ ਸ. ਬੇਅੰਤ ਦੇ ਕਾਰਜਕਾਲ ਵਿਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਤੋਂ ਸ਼ੁਰੂ ਹੋਈ ਅਤੇ ਫਿਰ ਚੱਲ ਸੁ ਚੱਲ।

ਹੁਣ ਪੰਜਾਬ ਵਿਚ ਹੈਰੋਇਨ, ਸਮੈਕ, ਅਫੀਮ, ਭੁੱਕੀ ਅਤੇ ਸਿੰਥੈਟਿਕ ਡਰੱਗਜ਼ ਆਦਿ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਹਨ। ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਬਾਰੇ ਕੋਈ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ। ਹਰ ਸੁਚੇਤ ਅਤੇ ਸੰਵੇਦਨਸ਼ੀਲ ਵਿਅਕਤੀ ਨਸ਼ਿਆਂ ਨਾਲ ਹੋ ਰਹੀ ਤਬਾਹੀ ਨੂੰ ਪ੍ਰਤੱਖ ਦੇਖ ਰਿਹਾ ਹੈ। ਕਿਹੜਾ ਖੇਤਰ ਹੈ, ਜਿਸ ਵਿਚ ਨਸ਼ਿਆਂ ਦੁਆਰਾ ਕੀਤੀ ਜਾ ਰਹੀ ਤਬਾਹੀ ਪ੍ਰਤੱਖ ਨਜ਼ਰ ਨਾ ਆ ਰਹੀ ਹੋਵੇ।

ਕਣਕ-ਝੋਨੇ ਦੇ ਫਸਲੀ ਚੱਕਰ, ਘਰੇਲੂ ਅਤੇ ਸਨਅਤੀ ਖੇਤਰਾਂ ਵਿਚ ਪਾਣੀ ਦੀ ਵਧ ਰਹੀ ਵਰਤੋਂ, ਘਟ ਰਹੀਆਂ ਬਾਰਸ਼ਾਂ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਨਾ ਹੋਣ ਕਰਕੇ ਪੰਜਾਬ ਵਿਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਹੁਣ ਇਹ ਖਤਰਨਾਕ ਹੱਦ ਤੱਕ ਨੀਵਾਂ ਚਲਾ ਗਿਆ ਹੈ। ਪਾਣੀ ਨਾਲ ਜੁੜਿਆ ਦੂਜਾ ਵਰਤਾਰਾ ਇਸ ਦਾ ਸਰਵਪੱਖੀ ਪ੍ਰਦੂਸ਼ਣ ਹੈ। ਰਸਾਇਣਿਕ ਖਾਦਾਂ, ਕੀੜੇ ਅਤੇ ਜੀਵ ਨਾਸ਼ਕਾਂ ਦੀ ਅੰਨ੍ਹੇਵਾਹ ਅਤੇ ਬੇਲੋੜੀ ਵਰਤੋਂ, ਸਨਅਤਾਂ ਦੁਆਰਾ ਬਿਨਾਂ ਸੋਧੇ ਪੂਰੀ ਤਰ੍ਹਾਂ ਪ੍ਰਦੂਸ਼ਿਤ ਪਾਣੀ ਨੂੰ ਧਰਤੀ, ਦਰਿਆਵਾਂ ਤੇ ਨਾਲ਼ਿਆਂ ਆਦਿ ਵਿਚ ਸੁੱਟ ਦੇਣਾ, ਕੂੜਾ ਕਰਕਟ ਅਤੇ ਮਨੁੱਖੀ ਮਲ-ਮੂਤਰ ਨੂੰ ਜਲ-ਸੋਮਿਆਂ ਵਿਚ ਵਗਾ ਦੇਣਾ ਅਤੇ ਈ-ਵੇਸਟ ਸਮੇਤ ਹੋਰ ਵੇਸਟ ਪਦਾਰਥਾਂ ਨੂੰ ਖੁੱਲ੍ਹੇ ਵਿਚ ਪਏ ਰਹਿਣ ਦੇਣਾ ਪਾਣੀ ਵਰਗੀ ਕੁਦਰਤੀ ਦਾਤ ਨੂੰ ਮਲੀਨ ਤੇ ਪਲੀਤ ਕਰ ਰਿਹਾ ਹੈ। ਬਦਕਿਸਮਤੀ ਨੂੰ ਪਾਣੀ ਦੇ ਘਟ ਰਹੇ ਪੱਧਰ ਤੇ ਜਲ ਪ੍ਰਦੂਸ਼ਣ ਪ੍ਰਤੀ ਸਰਕਾਰਾਂ ਦਾ ਵਤੀਰਾ ਅਪਰਾਧਿਕ ਅਣਗਹਿਲੀ ਵਾਲਾ ਹੈ। ਹਵਾ ਅਤੇ ਸ਼ੋਰ ਪ੍ਰਦੂਸ਼ਣ ਨਾਲ ਮਿਲ ਕੇ ਜਲ-ਪ੍ਰਦੂਸ਼ਣ ਪੰਜਾਬ ਦੇ ਵਾਤਾਵਰਣ ਨੂੰ ਜ਼ਹਿਰੀ ਬਣਾ ਰਿਹਾ ਹੈ। ਇਸ ਸਰਵਪੱਖੀ ਪ੍ਰਦੂਸ਼ਣ ਨਾਲ ਕੈਂਸਰ, ਸ਼ੂਗਰ, ਦਿਲ ਦੀਆਂ ਬਿਮਾਰੀਆਂ, ਚਮੜੀ ਅਤੇ ਮਾਨਸਿਕ ਰੋਗ ਵਧ ਰਹੇ ਹਨ। ਸਰਕਾਰਾਂ ਦਿਖਾਵੇ ਦੇ ਵਿਕਾਸ ਲਈ ਜਾਂ ਚੋਟੀ ਦੇ 10% ਅਮੀਰਾਂ ਲਈ ਸੜਕਾਂ ਅਤੇ ਫਲਾਈਓਵਰਾਂ ਦਾ ਨਿਰਮਾਣ ਕਰਵਾ ਰਹੀ ਹੈ। ਨਵੇਂ ਰੁੱਖ ਲਗਾਉਣਾ ਅਤੇ ਜੰਗਲਾਂ ਹੇਠ ਰਕਬਾ ਵਧਾਉਣਾ ਉਹਨਾਂ ਦੇ ਏਜੰਡੇ 'ਤੇ ਹੀ ਨਹੀਂ ਹੈ। ਏਮਜ਼ ਵਰਗੀਆਂ ਸਿਹਤ ਸੇਵਾਵਾਂ ਦੇਣ ਵਾਲੇ ਪ੍ਰਾਈਵੇਟ ਹਸਪਤਾਲਾਂ ਦਾ ਨਿਰਮਾਣ ਤਾਂ ਹੋ ਰਿਹਾ ਹੈ, ਪਰ ਸਰਕਾਰੀ ਸਿਹਤ ਕੇਂਦਰਾਂ ਵਿਚ ਡਾਕਟਰਾਂ, ਪੈਰਾ ਮੈਡੀਕਲ ਸਟਾਫ, ਦਵਾਈਆਂ ਤੇ ਬਿਮਾਰੀ ਪਰਖ ਲਈ ਸਹੂਲਤਾਂ ਦੀ ਵੱਡੇ ਪੱਧਰ 'ਤੇ ਘਾਟ ਹੈ। ਲੋਕ ਬੇਇਲਾਜੇ ਮਰ ਰਹੇ ਹਨ।

ਉਂਝ ਤਾਂ ਸਮੁੱਚੇ ਭਾਰਤ ਵਿਚ ਨੌਜਵਾਨਾਂ ਲਈ ਕੋਈ ਰੁਜ਼ਗਾਰ ਨਹੀਂ ਹੈ, ਪਰ ਪੰਜਾਬ ਵਿਚ ਸਥਿਤੀ ਜ਼ਿਆਦਾ ਖਤਰਨਾਕ ਲੱਗਦੀ ਹੈ। ਪੰਜਾਬ ਵਰਗੇ ਖ਼ੁਸ਼ਹਾਲ ਰਾਜ ਵਿਚ ਜੇਕਰ ਇਕ ਸੌ ਬੱਚੇ ਪਹਿਲੀ ਜਮਾਤ ਵਿਚ ਦਾਖ਼ਲ ਹੋਣ ਤਾਂ ਮੁਸ਼ਕਲ ਨਾਲ 10-12 ਬੱਚੇ 12 ਜਮਾਤਾਂ ਪਾਸ ਕਰਦੇ ਹਨ। ਇਨ੍ਹਾਂ ਵਿੱਚੋਂ ਅੱਧੇ ਕੁ ਗਰੈਜੂਏਸ਼ਨ ਕਰਦੇ ਹਨ। ਬਾਰ੍ਹਵੀਂ ਤੱਕ ਅਮਲ ਵਿਚ ਕੋਈ ਕਿੱਤਾ ਸਿਖਲਾਈ ਨਹੀਂ ਦਿੱਤੀ ਜਾਂਦੀ। ਗਰੇਜੂਏਟਾਂ ਵਿੱਚੋਂ ਵੀ ਅੱਧੇ ਮਿਆਰੀ ਸਿੱਖਿਆ ਦੀ ਘਾਟ ਕਾਰਨ ਕੋਈ ਲਾਹੇਵੰਦ ਰੋਜ਼ਗਾਰ ਪ੍ਰਾਪਤ ਕਰਨ ਦੇ ਯੋਗ ਨਹੀਂ ਹੁੰਦੇ। ਵੱਡੀ ਗਿਣਤੀ ਵਿਚ ਨੌਜਵਾਨ ਉੱਚ ਸਿੱਖਿਆ ਦੇ ਬਹਾਨੇ ਵਿਦੇਸ਼ਾਂ ਵਿਚ ਸੈਟਲ ਹੋਣ ਲਈ ਲੱਖਾਂ ਰੁਪਏ ਖਰਚਕੇ ਜਾ ਰਹੇ ਹਨ, ਹਰ ਜਾਇਜ਼ ਤੇ ਨਜਾਇਜ਼ ਢੰਗ ਨਾਲ। ਲੱਖਾਂ ਨੌਜਵਾਨ ਠੇਕੇ ਜਾਂ ਪ੍ਰਾਈਵੇਟ ਮਾਲਕਾਂ ਦੇ ਰਹਿਮੋ-ਕਰਮ 'ਤੇ ਬੇਹੱਦ ਥੋੜ੍ਹੀਆਂ ਉਜ਼ਰਤਾਂ ਨਾਲ 12-12 ਤੇ 14-14 ਘੰਟੇ ਸਕੂਲਾਂ, ਪ੍ਰਾਈਵੇਟ ਬੈਂਕਾਂ, ਬੀਮਾਂ ਕੰਪਨੀਆਂ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਕੰਮ ਕਰਨ ਲਈ ਮਜਬੂਰ ਹਨ। ਹਜ਼ਾਰਾਂ ਨੌਜਵਾਨ ਮੁੰਡੇ ਅਤੇ ਕੁੜੀਆਂ ਵੱਡੇ-ਵੱਡੇ ਮਾਲਾਂ ਤੇ ਸ਼ੋਅ ਰੂਮਾਂ ਵਿਚ ਮਾਮੂਲੀ ਤਨਖਾਹਾਂ 'ਤੇ ਕੰਮ ਕਰ ਰਹੇ ਹਨ।

ਪੰਜਾਬ ਸਰਕਾਰ ਐੱਮ.ਬੀ.ਬੀ.ਐੱਸ ਡਾਕਟਰ ਨੂੰ 15,600 ਰੁਪਏ ਪ੍ਰਤੀ ਮਹੀਨਾ, ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਵਿਦਵਾਨ ਨੂੰ 21,000 ਰੁਪਏ ਪ੍ਰਤੀ ਮਹੀਨਾ ਅਤੇ ਇਸੇ ਤਰ੍ਹਾਂ ਉੱਚ ਡਿਗਰੀਆਂ ਪ੍ਰਾਪਤ ਨੌਜਵਾਨ ਦਰਜਾ ਚਾਰ ਅਸਾਮੀਆਂ ਲਈ ਬਿਨੈ-ਪੱਤਰ ਦੇ ਰਹੇ ਹਨ। ਹਜ਼ਾਰਾਂ ਨੌਜਵਾਨ ਤੜਕ-ਫੜਕ ਵਾਲੀ ਜ਼ਿੰਦਗੀ (ਜੋ ਇਲੈਕਟ੍ਰਾਨਿਕ ਮੀਡੀਆ 'ਤੇ ਦਿਖਾਈ ਜਾ ਰਹੀ ਹੈ) ਲਈ ਲੁੱਟਾਂ-ਖੋਹਾਂ, ਚੋਰੀਆਂ ਆਦਿ ਤੋਂ ਹੁੰਦੇ ਹੋਏ ਸੰਗਠਿਤ ਗੁੰਡਾ-ਗਿਰੋਹਾਂ ਵਿਚ ਸ਼ਾਮਲ ਹੋ ਰਹੇ ਹਨ। ਪੜ੍ਹੇ ਲਿਖੇ ਨੌਜਵਾਨਾਂ ਸਮੇਤ ਲੱਖਾਂ ਨੌਜਵਾਨ ਨਸ਼ਿਆਂ ਦੀ ਗ੍ਰਿਫਤ ਵਿਚ ਧੱਕੇ ਜਾ ਰਹੇ ਹਨ ਅਤੇ ਕਿਸੇ ਕੰਮ ਦੇ ਯੋਗ ਹੀ ਨਹੀਂ ਹਨ। ਹਰੇ ਇਨਕਲਾਬ ਅਤੇ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਆਦਿ ਵਰਤਾਰਿਆਂ ਨਾਲ ਮਿਲਕੇ ਅਨੇਕਾਂ ਕਾਰਨਾਂ ਵੱਸ ਨੌਜਵਾਨ ਕਿਰਤ ਸਭਿਆਚਾਰ ਅਤੇ ਹੱਥੀਂ ਕੰਮ ਕਰਨ ਤੋਂ ਲਗਭਗ ਇਨਕਾਰੀ ਹੈ। ਅਪਵਾਦ ਹਰ ਥਾਂ ਅਤੇ ਹਰ ਸਮੇਂ ਹੁੰਦੇ ਹਨ। ਨੌਜਵਾਨਾਂ ਨੂੰ ਇਕਸਾਰ ਮਿਆਰੀ ਸਿੱਖਿਆ ਅਤੇ ਲਾਹੇਵੰਦ ਰੁਜਗਾਰ ਮੁਹੱਈਆ ਕਰਨਾ ਕਿਸੇ ਸਰਕਾਰ ਦੇ ਏਜੰਡੇ 'ਤੇ ਨਹੀਂ ਹੈ।

ਸਿੱਖਿਆ ਅਤੇ ਸਿਹਤ ਆਦਿ ਅਤੀ ਮਹੱਤਵਪੂਰਨ ਖੇਤਰਾਂ ਦਾ ਮੁਕੰਮਲ ਨਿੱਜੀਕਰਨ ਕਰ ਦਿੱਤਾ ਗਿਆ ਹੈ। ਦੋ ਨੰਬਰ ਦੇ ਪੈਸੇ ਦੇ ਮਾਲਕ ਪ੍ਰਾਈਵੇਟ ਸਕੂਲ, ਕਾਲਜ, ਤਕਨੀਕੀ ਅਤੇ ਬਹੁ-ਤਕਨੀਕੀ ਸੰਸਥਾਵਾਂ ਤੇ ਯੂਨੀਵਰਸਿਟੀਆਂ ਖੋਲ੍ਹ ਰਹੇ ਹਨ। ਪੰਜ ਤਾਰਾ ਹਸਪਤਾਲ ਖੁੱਲ੍ਹ ਰਹੇ ਹਨ। ਪ੍ਰਚੂਨ ਦੁਕਾਨਾਂ ਦੀ ਥਾਂ ਵੱਡੇ-ਵੱਡੇ ਮਾਲ ਖੁੱਲ੍ਹ ਰਹੇ ਹਨ। ਢਾਬੇ ਬੰਦ ਹੋ ਰਹੇ ਹਨ ਅਤੇ ਆਲੀਸ਼ਾਨ ਹੋਟਲ ਅਤੇ ਰੈਸਟੋਰੈਂਟ ਉਸਰ ਰਹੇ ਹਨ। ਪੇਸ਼ਾਵਰ ਤੋਂ ਦਿੱਲੀ ਤੱਕ ਪੰਜਾਬ ਯੂਨੀਵਰਸਿਟੀ 10ਵੀਂ ਤੋਂ ਪੀਐੱਚ.ਡੀ. ਦੀਆਂ ਡਿਗਰੀਆਂ ਤੱਕ ਸਿੱਖਿਆ ਦਾ ਕੰਮ ਸੰਭਾਲਦੀ ਸੀ। ਹੁਣ ਉਸ ਖੇਤਰ ਦੇ ਦਸਵੇਂ ਹਿੱਸੇ ਦੇ ਮੌਜੂਦਾ ਪੰਜਾਬ ਵਿਚ ਲਗਭਗ ਪੰਝੀ ਸਰਕਾਰੀ ਤੇ ਗ਼ੈਰ-ਸਰਕਾਰੀ ਯੂਨੀਵਰਸਿਟੀਆਂ ਹਨ। ਸਿੱਖਿਆ ਦਾ ਪੱਧਰ ਨੀਵਾਂ ਗਿਆ ਹੈ, ਪਰ ਫੀਸਾਂ / ਫੰਡ ਵਧ ਰਹੇ ਹਨ। ਅਧਿਆਪਕਾਂ ਮਾਪਿਆਂ ਅਤੇ ਵਿਦਿਆਰਥੀਆਂ ਦਾ ਬੇਕਿਰਕ ਸ਼ੋਸ਼ਣ ਹੋ ਰਿਹਾ ਹੈ। ਕੋਈ ਸਰਕਾਰੀ ਰੈਗੂਲੇਟਰ ਇਨ੍ਹਾਂ ਸੰਸਥਾਵਾਂ ਦੀ ਕਾਰਜ ਸ਼ੈਲੀ ਨੂੰ ਕੰਟਰੋਲ ਨਹੀਂ ਕਰ ਸਕਦਾ ਹੈ। ਕੋਈ ਸਰਕਾਰੀ ਨਿਯਮ ਇਨ੍ਹਾਂ ਵਿਚ ਲਾਗੂ ਨਹੀਂ ਹੁੰਦਾ। ਕਾਰਨ ਇਹ ਹੈ ਕਿ ਇਨ੍ਹਾਂ ਪ੍ਰਾਈਵੇਟ ਸੰਸਥਾਵਾਂ ਦੇ ਮਾਲਕ ਰਾਜਨੀਤੀਵਾਨ ਖ਼ੁਦ ਜਾਂ ਧਨਾਢ ਹਨ। ਸੱਤਾ ਤੇ ਸਾਧਨ ਸੰਪੰਨ ਧਿਰਾਂ ਇਨ੍ਹਾਂ ਸੰਸਥਾਵਾਂ ਦੀਆਂ ਸੰਚਾਲਕ ਹਨ। ਸਰਕਾਰ ਖ਼ੁਦ ਕਈ ਤਰ੍ਹਾਂ ਦੇ ਸਕੂਲ ਚਲਾ ਰਹੀ ਹੈ, ਜਿਵੇਂ ਆਦਰਸ਼ ਸਕੂਲ (ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧੀਨ) ਸਰਕਾਰੀ ਕੰਟਰੋਲ ਵਾਲੇ ਛੇ ਅੰਗਰੇਜ਼ੀ ਮਾਧਿਅਮ ਆਦਰਸ਼ ਸਕੂਲ, ਮੈਰੀਟੋਰੀਅਸ ਸਕੂਲ ਅਤੇ ਆਮ ਸਰਕਾਰੀ ਸਕੂਲ। ਇਨ੍ਹਾਂ ਵਿਚ ਇੱਕ ਗੱਲ ਸਾਂਝੀ ਹੈ ਕਿ ਲੋੜੀਂਦੇ ਅਧਿਆਪਕ ਕਿਤੇ ਵੀ ਨਹੀਂ ਹਨ। ਪ੍ਰਾਈਵੇਟ ਸਕੂਲਾਂ ਦੀ ਤਾਂ ਗੱਲ ਹੀ ਛੱਡੋ, ਉਹ ਲੋਕਾਂ ਦੀ ਖਰੀਦ ਸ਼ਕਤੀ ਅਨੁਸਾਰ ਹਨ। ਗਲੀਆਂ-ਮੁਹੱਲਿਆਂ ਵਿਚ ਖੁੱਲ੍ਹੇ ਅੰਗਰੇਜ਼ੀ ਸਕੂਲਾਂ ਤੋਂ ਲੈ ਕੇ ਹਜ਼ਾਰਾਂ ਰੁਪਏ ਪ੍ਰਤੀ ਮਹੀਨਾ ਨਰਸਰੀ ਦੇ ਬੱਚੇ ਤੋਂ ਫੀਸ ਵਸੂਲਣ ਵਾਲੇ ਸਕੂਲ। ਇਕਸਾਰ ਮਿਆਰੀ ਸਿੱਖਿਆ ਕਿੱਥੇ ਹੈ ?ਸੰਵਿਧਾਨਕ ਵਿਵਸਥਾ ਅਨੁਸਾਰ ਬਰਾਬਰ ਮੌਕੇ ਕਿੱਥੇ ਹਨ ?

ਪੰਜਾਬੀ ਬੋਲਦੇ ਪਿੰਡਾਂ ਨੂੰ ਉਜਾੜ ਕੇ ਬਣਾਈ ਪ੍ਰਾਂਤ ਦੀ ਰਾਜਧਾਨੀ ਦਾ ਫੈਸਲਾ ਵੀ ਨਹੀਂ ਕਰਵਾ ਸਕੇ ਅਤੇ ਨਾ ਹੀ ਹਰਿਆਣਾ ਅਤੇ ਹਿਮਾਚਲ ਵਿਚਲੇ ਪੰਜਾਬੀ ਬੋਲਦੇ ਜੁੜਵੇਂ ਖੇਤਰ ਹੀ ਪੰਜਾਬ ਵਿਚ ਸ਼ਾਮਲ ਕਰਵਾ ਸਕੇ ਹਨ। ਸਭ ਤੋਂ ਦੁੱਖਦਾਈ ਸਥਿਤੀ ਮਾਂ ਬੋਲੀ ਪੰਜਾਬੀ ਦੀ ਹੈ ਪੰਜਾਬ ਦੀ ਧਰਤੀ 'ਤੇ ਖੁੱਲ੍ਹੇ ਕੁਝ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਪਾਬੰਦੀ ਲੱਗੀ ਹੋਈ ਹੈ। ਰਾਜ ਭਾਸ਼ਾ ਕਾਨੂੰਨ 1967 ਅਤੇ 2008 ਵਿਚ ਕੀਤੀਆਂ ਸੋਧਾਂ ਅਜੇ ਤੱਕ ਲਾਗੂ ਨਹੀਂ ਹੋ ਸਕੀਆਂ। ਪ੍ਰਾਈਵੇਟ ਸਕੂਲ ਉਕਤ ਕਾਨੂੰਨਾਂ ਅਤੇ ਸਰਕਾਰੀ ਚਿੱਠੀਆਂ ਨੂੰ ਟਿੱਚ ਜਾਣਦੇ ਹਨ। ਇਨ੍ਹਾਂ ਸਕੂਲਾਂ ਦੇ ਨਾਂ ਤਾਂ ਬਹੁਤੇ ਪੰਜਾਬੀਆਂ ਨੂੰ ਉਚਾਰਨੇ ਵੀ ਨਹੀਂ ਆਉਂਦੇ, ਉਨ੍ਹਾਂ ਦੇ ਅਰਥਾਂ ਦੀ ਗੱਲ ਤਾਂ ਬਹੁਤ ਦੂਰ ਹੈ। ਪੰਜਾਬੀ ਬੋਲੀ ਦਾ ਪੰਜਾਬ ਵਿਚ ਹੀ ਗਲਾ ਘੁੱਟਣ ਅਤੇ ਸਭਿਆਚਾਰ ਦਾ ਸੱਤਿਆਨਾਸ ਕਰਨ ਵਿਚ ਇਨ੍ਹਾਂ ਅੰਗਰੇਜ਼ੀ ਮਾਧਿਅਮ ਸਕੂਲਾਂ ਦੀ ਵੱਡੀ ਭੂਮਿਕਾ ਹੈ। ਉਂਝ ਇਨ੍ਹਾਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਆਪਣੇ ਸਮਾਜਿਕ ਅਤੇ ਸਭਿਆਚਾਰਕ ਮਾਹੌਲ ਨਾਲੋਂ ਹੀ ਕੇਵਲ ਮੁਕੰਮਲ ਰੂਪ ਵਿਚ ਟੁੱਟੇ ਨਹੀਂ ਹੋਣਗੇ, ਸਗੋਂ ਉਹ ਮਾਨਸਿਕ ਅਤੇ ਬੌਧਿਕ ਪੱਧਰ 'ਤੇ ਵੀ ਬੌਣੇ ਹੋਣਗੇ। ਜੇਕਰ ਉਨ੍ਹਾਂ ਨੂੰ ਮਾਂ ਬੋਲੀ, ਸਮਾਜ ਤੇ ਸਭਿਆਚਾਰ ਤੋਂ ਤੋੜਿਆ ਜਾਵੇਗਾ ਤਾਂ ਇਹੀ ਸਿੱਟੇ ਨਿਕਲਣਗੇ।

ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਸਾਡੇ ਬਹੁ-ਗਿਣਤੀ 'ਗਾਇਕਾਂ' ਨੇ ਵੀ ਤਬਾਹ ਕਰਨ ਵਿਚ ਹਿੱਸਾ ਪਾਇਆ ਹੈ। ਲੱਚਰ ਗਾਇਕੀ ਜਿਸ ਵਿਚ ਧੀਆਂ-ਭੈਣਾਂ / ਔਰਤਾਂ ਪ੍ਰਤੀ ਵਿਕ੍ਰਿਤ ਲਿੰਗਕ ਉਲਾਰ ਤੇ ਵਿਹਾਰ; ਹਿੰਸਾ ਅਤੇ ਹਥਿਆਰਾਂ ਦਾ ਪ੍ਰਦਰਸ਼ਨ ਅਤੇ ਸ਼ਰਾਬ ਤੇ ਨਸ਼ਿਆਂ ਦਾ ਜੱਸ ਗਾਇਨ ਕੀਤਾ ਹੋਇਆ ਹੈ। ਇਨ੍ਹਾਂ ਦੇ ਮਾਰੂ ਪ੍ਰਭਾਵ ਵਿਆਹ-ਸ਼ਾਦੀਆਂ ਵਿਚ ਹੁੰਦੇ ਫਾਇਰਾਂ ਅਤੇ ਬਹੁਤੀ ਵਾਰੀ ਮਾਸੂਮਾਂ ਦੇ ਕਤਲਾਂ ਸਮੇਤ ਅਨੇਕ ਵਰਤਾਰਿਆਂ ਵਿਚ ਪ੍ਰਗਟ ਹੋ ਰਿਹਾ ਹੈ। ਬਦਕਿਸਮਤੀ ਨੂੰ ਪੰਜਾਬ ਵਿਚ ਸ਼ੋਰ ਨੂੰ ਸੰਗੀਤ ਸਮਝਿਆ ਜਾਣ ਲੱਗਾ ਹੈ। ਹੋਰ ਤਾਂ ਹੋਰ ਅਸੀਂ ਸਵੇਰ ਵੇਲੇ ਦੀ ਕੁਦਰਤੀ ਸ਼ਾਂਤੀ ਨੂੰ ਵੀ ਪੂਜਾ ਸਥਾਨਾਂ 'ਤੇ ਲਗਾਏ ਸਪੀਕਰਾਂ ਨਾਲ ਤਬਾਹ ਕਰ ਦਿੱਤਾ ਹੈ। ਰਾਜਨੀਤਕ ਅਤੇ ਪ੍ਰਸ਼ਾਸਨਿਕ ਪੁਸ਼ਤ ਪਨਾਹੀ ਨਾਲ ਪੰਜਾਬ ਵਿਚ ਅਪਰਾਧੀ ਗੁੱਟਾਂ ਨੇ ਯੂ.ਪੀ., ਬਿਹਾਰ ਅਤੇ ਮੱਧ ਪ੍ਰਦੇਸ਼ ਨਾਲ ਬਰ ਮੇਚਣਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਵਿਚ ਤੇਜ਼ੀ ਨਾਲ ਵਧ-ਫੁਲ ਰਹੇ ਡੇਰੇ ਵੀ ਪੰਜਾਬ ਦੀ ਬਰਬਾਦੀ ਦੀ ਕਹਾਣੀ ਲਿਖਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

ਲੋਕਾਂ ਨੂੰ ਅਨੇਕਾਂ ਪਰਿਵਾਰਕ ਸਮੱਸਿਆਵਾਂ ਦਰਪੇਸ਼ ਹਨ। ਉਹ ਅਨਪੜ੍ਹਤਾ-ਅਗਿਆਨਤਾ ਅਤੇ ਅੰਧ-ਵਿਸ਼ਵਾਸਾਂ ਕਾਰਨ ਚੇਤਨਾ ਸੰਕਟ ਦਾ ਸ਼ਿਕਾਰ ਹਨ। ਸਿੱਟੇ ਵੱਜੋਂ ਉਹ ਮਾਨਸਿਕ ਸ਼ਾਂਤੀ ਲਈ ਡੇਰੇਦਾਰਾਂ ਦੀਆਂ ਭੀੜਾਂ ਵਧਾਉਂਦੇ ਹਨ। ਇਹ ਡੇਰੇਦਾਰ ਪੰਜਾਬੀਆਂ ਨੂੰ ਕਿਰਤ ਸਭਿਆਚਾਰ ਤੋਂ ਤੋੜ ਰਹੇ ਹਨ। ਡੇਰਿਆਂ ਦੇ ਮਾਲਕ ਖ਼ੁਦ ਹੱਥੀਂ ਕੋਈ ਕੰਮ ਨਹੀਂ ਕਰਦੇ। ਉਹ ਲੋਕਾਂ ਨੂੰ ਪਰਲੋਕ ਦੇ ਭਰਮ ਵਿਚ ਪਾ ਕੇ ਅਗਲਾ ਜਨਮ ਸੰਵਾਰਨ ਉੱਤੇ ਜ਼ੋਰ ਦਿੰਦੇ ਹੋਏ ਵਰਤਮਾਨ ਸਮੱਸਿਆਵਾਂ ਤੋਂ ਅੱਖਾਂ ਬੰਦ ਕਰੀ ਰੱਖਦੇ ਹਨ। ਵੱਡੀ ਬਹੁ-ਗਿਣਤੀ ਲੋਕਾਂ ਦੀਆਂ ਸਮੱਸਿਆਵਾਂ ਅੱਜ ਵੀ ਰੋਟੀ, ਕੱਪੜਾ, ਮਕਾਨ, ਸਿਹਤ ਅਤੇ ਸਿੱਖਿਆ ਸਹੂਲਤਾਂ, ਲਾਹੇਵੰਦ ਰੁਜ਼ਗਾਰ ਜੀਵਨ ਅਤੇ ਸਮਾਜਿਕ ਸੁਰੱਖਿਆ ਹਨ। ਮਾਦਾ ਭਰੂਣ ਹੱਤਿਆ ਅਤੇ ਨਸ਼ੇ ਪੰਜਾਬ ਦੀਆਂ ਬਹੁਤ ਵੱਡੀਆਂ ਸਮੱਸਿਆਵਾਂ ਹਨ। ਪਰ ਇਹ ਡੇਰੇਦਾਰ ਬਹੁ-ਕਰੋੜੀ ਕਾਰਾਂ ਵਿਚ ਅਤੇ ਵਿਦੇਸ਼ਾਂ ਵਿਚ ਘੁੰਮਦੇ ਹਨ। ਡੇਰੇਦਾਰ ਵਪਾਰੀ-ਕਾਰੋਬਾਰੀ ਬਣ ਰਹੇ ਹਨ। ਹੁਣ ਇਨ੍ਹਾਂ ਦੀ ਲੁੱਟ ਦੇ ਮਾਮਲੇ ਵਿਚ ਆਪਸੀ ਲੜਾਈ ਅਤੇ ਫੁੱਟ ਵੀ ਵਧ ਰਹੀ ਹੈ। ਆਪਸੀ ਤਣਾਉ-ਟਕਰਾਉ ਤੋਂ ਹੁੰਦੀ ਹੋਈ ਹੁਣ ਇਹ ਕਤਲਾਂ ਤੱਕ ਵੀ ਜਾ ਪਹੁੰਚੀ ਹੈ। ਕੁਝ ਡੇਰੇਦਾਰਾਂ ਵੱਲੋਂ ਕੀਤੇ ਜਾਂਦੇ ਵਿਸ਼ੇਸ਼ ਇਕੱਠਾਂ ਸਮੇਂ ਟ੍ਰੈਫਿਕ ਜਾਮਾਂ ਦੀ ਸਮੱਸਿਆ ਵੀ ਵਿਕਰਾਲ ਰੂਪ ਧਾਰਨ ਕਰ ਜਾਂਦੀ ਹੈ। ਬਹੁਤੇ ਡੇਰੇਦਾਰ 'ਆਸਾ ਰਾਮ' ਹੀ ਹਨ।

ਬਾਕੀ ਸਫ਼ਾ 29 'ਤੇ

# ਸਿੱਖ ਸਭਿਆਚਾਰ ਦਾ ਮੂਲ ਮਨੋਰਥ ਤੇ ਆਧਾਰ

**ਡਾ. ਪੁਸ਼ਪਿੰਦਰ ਸਿੰਘ (ਲੁਧਿਆਣਾ)**

ਕਲਚਰ ਦਾ ਅਰਥ ਤਹਿਜ਼ੀਬ (ਚੰਗਾ ਵਿਹਾਰ/ ਸ਼ਿਸ਼ਟਾਚਾਰ) ਜਾਂ ਸਭਿਅਤਾ (ਰਹਿਣ ਸਹਿਣ ਦਾ ਢੰਗ) ਹੀ ਨਹੀਂ, ਇਸ ਦਾ ਅਰਥ ਹੁੰਦਾ ਹੈ : ਸਭਿਆਚਾਰ (ਸੰਸਿਤੀ)। ਉਹ ਮਨੋਭਾਵ ਹੈ ਜੋ ਕਿਸੇ ਕੌਮ ਦਾ ਸਾਹਿਤ, ਹੁਨਰ ਜਾਂ ਫ਼ਲਸਫ਼ੇ ਦੀਆਂ ਲੀਹਾਂ ਅਧੀਨ ਕੰਮ ਕਰ ਰਿਹਾ ਹੁੰਦਾ ਹੈ; ਜਿਵੇਂ ਕਿ ਹੱਥ ਧੋ ਕੇ ਰੋਟੀ ਖਾਣੀ, ਸਿਰ ਕੱਜ ਕੇ ਜਾਂ ਸਿਰੋਂ ਨੰਗਾ ਹੋ ਕੇ ਕਿਸੇ ਜੋੜ-ਮੇਲੇ ਵਿੱਚ ਬੈਠਣਾ, ਪੱਗ ਬੰਨ੍ਹਣੀ ਜਾਂ ਛੁਰੀ-ਕਾਂਟੇ ਨਾਲ ਰੋਟੀ ਖਾਣੀ, ਇਹ ਨਿਸ਼ਾਨੀਆਂ ਆਪੋ ਆਪਣੀ ਤਹਿਜ਼ੀਬ ਦੀਆਂ ਹਨ। ਪਰ ਰਾਗਾਂ ਲਈ ਸਮੇਂ ਦਾ ਮੁਕੱਰਰ ਹੋਣਾ, ਇਮਾਰਤੀ ਹੁਨਰ ਵਿੱਚ ਚੌਰਸ ਜਾਂ ਗੋਲ ਡਾਟਾਂ ਦਾ ਵਰਤਿਆ ਜਾਣਾ ਜਾਂ ਰੰਗ ਘੱਟ-ਵੱਧ ਭਰਨੇ, ਫ਼ਲਸਫ਼ੇ ਵਿੱਚ ਰੱਬ ਨੂੰ ਕੁਦਰਤ ਦੇ ਅੰਦਰ ਜਾਂ ਕੁਦਰਤ ਤੋਂ ਬਾਹਰ ਕਰ ਕੇ ਮੰਨਣਾ, ਇਹ ਨਿਸ਼ਾਨੀਆਂ 'ਸਭਿਆਚਾਰ' ਜਾਂ ਕਲਚਰ ਦੀਆਂ ਹਨ। ਹਰ ਇੱਕ ਕੌਮ ਦੀ ਆਪੋ-ਆਪਣੀ ਰੂਹ ਹੁੰਦੀ ਹੈ, ਆਪੋ-ਆਪਣੀ ਅੰਦਰਲੀ ਬਿਰਤੀ ਹੁੰਦੀ ਹੈ, ਜਿਸ ਅਨੁਸਾਰ ਉਸ ਦੇ ਭਾਵ ਢਲਦੇ ਹਨ, ਇਸ ਨੂੰ ਕਲਚਰ ਆਖਦੇ ਹਨ। ਭਾਵੇਂ ਸਵਰਾਜ ਦੇ ਆਉਣ ਨਾਲ ਹਿੰਦ ਦੀ ਹਰ ਕੌਮ ਤੇ ਹਰ ਫ਼ਿਰਕੇ ਲਈ ਜ਼ਰੂਰੀ ਹੋ ਗਿਆ ਕਿ ਆਪਣੀ ਕੌਮੀ ਜ਼ਿੰਦਗੀ ਨੂੰ ਇੱਕ ਸਾਂਝੇ ਅਵਿਕਰੂ ਸੰਚੇ ਵਿੱਚ ਢਾਲ੍ਹੇ ਪਰ ਇਸ ਨਵੀਂ ਜੀਵਨ-ਪੱਧਤੀ ਲਈ ਅੱਤ ਜ਼ਰੂਰੀ ਹੈ ਕਿ ਜਿਨਾਂ ਅੰਸ਼ਾਂ ਨੂੰ ਢਾਲ਼ ਕੇ ਇੱਕ ਕਰਨਾ ਹੈ, ਉਨਾ ਦੇ ਪਰਸਪਰ ਵਖਰੇਵੇਂ ਦੇਖ-ਭਾਲ ਕੇ ਦੂਰ ਕੀਤੇ ਜਾਣ। ਇਉਂ ਨਾ ਹੋਵੇ ਕਿ ਜਿੱਥੇ ਵਖਰੇਵੇਂ ਨਹੀਂ ਉੱਥੇ ਵਖਰੇਵੇਂ ਪਏ ਦੇਖੀਏ ਤੇ ਜਿੱਥੇ ਵਖਰੇਵੇਂ ਹੋਣ ਉੱਥੇ ਉਨ੍ਹਾਂ ਦੀ ਅਣਹੋਂਦ ਮੰਨ ਕੇ ਖ਼ਾਹ-ਮਖ਼ਾਹ ਇੱਕ-ਦੂਜੇ ਨੂੰ ਪਏ ਚਿੜਾਈਏ, ਜਿਸ ਨਾਲ ਪਹਿਲਾਂ ਦੇ ਪਏ ਹੋਏ ਵਖਰੇਵੇਂ ਹੋਰ ਪੱਕੇ ਹੋ ਜਾਣ।

ਸਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੰਤੁਲਤ ਸੁਘੜ ਜੀਵਨ-ਜਾਚ ਹੈ, ਜੋ ਸਾਨੂੰ ਮਨ, ਬਾਣੀ, ਕਰਮ ਕਰ ਕੇ ਸਹੀ ਤੇ ਸੋਹਣਾ ਕੰਮ ਸੁਚੱਜੇ ਤਰੀਕੇ ਨਾਲ ਕਰਨਾ ਸਿਖਾਉਂਦੀ ਹੈ। ਇਹ ਬਾਣੀ ਦੇ ਬਗੀਚੇ ਵਿੱਚੋਂ ਉੱਠੀ ਟਹਿਕ-ਮਹਿਕ ਹੀ ਹੈ, ਜਿਸ ਨੇ ਸਿੱਖੀ ਨੂੰ ਰਸਰੰਗ-ਰੱਤਾ ਤੇ ਮਾਣ-ਮੱਤਾ ਬਣਾਇਆ ਹੈ। ਇਸ ਨੇ ਸਾਨੂੰ ਖ਼ਾਸ ਰਹਿਣੀ-ਬਹਿਣੀ, ਚਾਲ-ਢਾਲ, ਰਸਮਾਂ-ਰੀਤਾਂ, ਖਾਣ-ਪਹਿਨਣ ਤੇ ਬੋਲ-ਬਾਣੀ ਵੀ ਬਖ਼ਸ਼ੀ ਹੈ, ਜੋ ਨਿਰਾਲੇ ਹੋਣ ਦੀ ਝਲਕ ਦਿਖਾਉਂਦੀ ਹੈ। ਸਿੱਖ ਸਭਿਆਚਾਰ ਕੇਸਾਧਾਰੀ, ਦਸਤਾਰਧਾਰੀ, ਸਿਮਰਨ-ਸੇਵਾਧਾਰੀ, ਖੜਗਧਾਰੀ, ਰਾਜ-ਜੋਗੀ ਸਭਿਆਚਾਰ ਹੈ, ਜੋ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਜਿਹੇ ਉਚੇਰੇ ਨਿਸ਼ਾਨੇ ਰੱਖਦਾ ਹੈ। ਰੂਹਾਨੀ ਚੜ੍ਹਦੀ ਕਲਾ ਇਸ ਲਈ ਮੰਗੀ ਗਈ ਹੈ ਤਾਂ ਕਿ ਪਦਾਰਥਕ ਮਾਰੂਥਲ ਦੀ ਮਾਰ ਤੋਂ ਬਚਿਆ ਜਾ ਸਕੇ ਤੇ 'ਸਰਬੱਤ ਦਾ ਭਲਾ' ਇਸ ਲਈ ਨਿਸ਼ਾਨਾ ਬਣਾਇਆ ਹੈ ਤਾਂ ਕਿ ਮਨੁੱਖ ਹਉਮੈ ਤੇ ਸਵਾਰਥ ਦਾ ਸ਼ਿਕਾਰ ਹੋ ਕੇ, ਸੀਮਤ ਹੋ ਕੇ ਨਾ ਰਹਿ ਜਾਵੇ। ਇਸ ਲਈ ਬੁਰੀਆਂ ਆਦਤਾਂ ਦਾ ਤਿਆਗ ਜ਼ਰੂਰ ਕਰਨਾ ਹੀ ਹੈ ਅਤੇ ਸੰਸਾਰ ਤੇ ਪਰਿਵਾਰ ਮਾਤਰ ਦਾ ਤਿਆਗ ਕਰ ਕੇ ਭਗੌੜੇ ਨਹੀਂ ਹੋਣਾ, ਸਗੋਂ "ਅੰਜਨ ਮਾਹਿ ਨਿਰੰਜਨਿ" ਦੀ ਜੀਵਨ-ਜਾਚ ਇਉਂ ਅਪਣਾਉਣੀ ਹੈ; ਜਿਵੇਂ ਕਿ ਪਾਣੀ ਵਿੱਚ ਕਮਲ ਅਲੇਪ ਰਹਿ ਕੇ ਖਿੜਦਾ-ਵਿਗਸਦਾ ਹੈ। ਸੰਸਾਰੀ ਹਾਸ-ਬਿਲਾਸ ਜ਼ਿੰਦਗੀ ਦੀ ਰਾਸ ਹਨ, ਇਨ੍ਹਾਂ ਤੋਂ ਬੇਮੁੱਖ ਜਾਂ ਉਦਾਸ ਹੋ ਕੇ ਬਨਵਾਸ ਨਹੀਂ ਲੈਣਾ। ਯਤਨ ਅਜਿਹਾ ਕਰਨਾ ਹੈ ਕਿ ਸਤਿਗੁਰੂ ਦੀ ਦੱਸੀ ਜੀਵਨ ਜੁਗਤਿ ਨੂੰ ਅਪਣਾ ਕੇ ਗ੍ਰਹਿਸਤ ਵਿੱਚ ਨਿਰਲੇਪ ਰਹਿ ਕੇ ਰਾਜ-ਯੋਗ ਦੋਹਾਂ ਦਾ ਆਨੰਦ ਮਾਣਿਆ ਜਾ ਸਕੇ।

ਇਹ ਕੰਮ ਔਖਾ ਜ਼ਰੂਰ ਹੈ ਪਰ ਗੁਰੂ ਸਾਹਿਬਾਨ ਨੇ ਲੰਮੀ ਘਾਲਣਾ ਭਰਪੂਰ ਜ਼ਿੰਦਗੀ ਜੀਅ ਕੇ ਸਮਝਾ ਦਿੱਤਾ ਹੈ ਕਿ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਦੇਣਾ ਅਤੇ ਧਰਮ ਦੀ ਕਮਾਈ ਕਰ ਕੇ ਵੰਡ



ਛੱਕਣ ਦੀ ਰੀਤ ਪਾਉਣੀ ਹੈ ਤਾਂ ਕਿ ਕੋਈ ਭੁੱਖਾ-ਨੰਗਾ ਨਾ ਰਹੇ।

"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥" (ਆਸਾ ਕੀ ਵਾਰ, ਮ: ੧, ਪੰਨਾ ੪੭੪) ਸੁਨਹਿਰੀ ਸਿਧਾਂਤ ਹੈ ਤੇ "ਘਾਲਿ ਖਾਇ ਕਿਛੁ ਹਥਹੁ ਦੇਇ ॥" (ਸਾਰੰਗ ਕੀ ਵਾਰ, ਮ: ੧, ਪੰਨਾ ੧੨੪੫) ਦੀ ਸਿੱਖਿਆ ਇਸ ਵਿੱਚ ਸੋਨੇ ਤੇ ਸੁਹਾਗੇ ਦਾ ਕੰਮ ਕਰਦਿਆਂ ਹੋਇਆਂ ਆਪਣੇ ਜੀਵਨ ਤੇ ਸਮਾਜ ਵਿੱਚ ਸੁਗੰਧੀ ਭਰਨ ਵਾਲੀ ਹੈ।

ਲੇਕਿਨ ਫਿਰ ਇਹ ਵੀ ਸਮਝਾਇਆ ਗਿਆ ਹੈ ਕਿ ਸਰਬੱਤ ਦਾ ਭਲਾ ਕਰ ਕੇ ਵੀ ਇਸ ਉੱਤੇ ਹੰਕਾਰ ਨਹੀਂ ਕਰਨਾ। ਦੇਗ ਨਾਲ ਤੇਗ਼ ਦੀ ਫ਼ਤਿਹ ਦੀ ਮੰਗ ਅਰਦਾਸ ਵਿੱਚ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਅੰਨ-ਪਾਣੀ ਤਾਂ ਸਭ ਦੀ ਜ਼ਰੂਰਤ ਹੈ। ਧੱਕਾ-ਖੋਰ ਲੋਕ, ਸਭ ਨੂੰ ਬਰਾਬਰ ਦਾ ਵਰਤਾਰਾ ਲੈਣ ਨਹੀਂ ਦਿੰਦੇ। ਵੱਡੇ ਸਾਮਰਾਜ, ਛੋਟੇ-ਛੋਟੇ ਦੇਸ਼ਾਂ ਜਾਂ ਕੌਮਾਂ ਨੂੰ ਸਦਾ ਦਬੇਲ ਬਣਾਉਣ ਵਿੱਚ ਲੱਗੇ ਰਹਿੰਦੇ ਹਨ। ਇਸ ਲਈ ਤੇਗ ਦੀ ਫ਼ਤਿਹ ਵੀ ਮੰਗੀ ਗਈ ਹੈ ਤਾਂ ਕਿ ਕੋਈ ਕਿਤੇ ਧੱਕਾ ਨਾ ਹੋਵੇ, ਸਭ ਦਾ ਆਤਮ-ਸਨਮਾਨ ਕਾਇਮ ਰਹੇ। ਖ਼ਾਲਸੇ ਨੂੰ ਦੇਗ-ਤੇਗ਼ ਦਾ ਵਰਦਾਨ ਅਤੇ ਪੰਥ ਕੀ ਜੀਤ ਦੀ ਅਸੀਸ ਇਸੇ ਲਈ ਦਿੱਤੀ ਗਈ ਹੈ ਤਾਂ ਕਿ ਉਹ ਸਰਬੱਤ ਦੇ ਭਲੇ ਦਾ ਮਿਸ਼ਨ ਲੈ ਕੇ ਹਰ ਕਿਸਮ ਦੇ ਅਨਿਆਂ ਵਿਰੁੱਧ ਸੰਗਰਾਮ ਰਚਾਵੇ ਤੇ ਇਸ ਧਰਤੀ ਨੂੰ ਬੈਕੁੰਠ ਰੂਪ ਬਣਾਵੇ। ਕੇਸਰੀ ਨਿਸ਼ਾਨ ਸਾਹਿਬ (ਝੰਡਾ) ਇਸੇ ਖੇੜੇ ਦਾ ਪ੍ਰਤੀਕ ਹੈ। ਅੱਜ ਸਾਡੀ ਆਪਣੀ ਮਾਤ-ਭੂਮੀ, ਪੁੰਨ-ਭੂਮੀ ਪੰਜਾਬ, ਅਜਿਹੀਆਂ ਬੇਇਨਸਾਫ਼ੀਆਂ ਦਾ ਸ਼ਿਕਾਰ ਹੈ ਕਿ ਲੋਕ-ਰਾਜ ਹੋਣ ਦੇ ਬਾਵਜੂਦ ਲੋਕਰਾਜੀ ਪਰੰਪਰਾਵਾਂ ਗ਼ਾਇਬ ਹਨ, ਲੋਕਾਂ ਨੂੰ ਆਪਣਾ ਸਨਮਾਨ, ਸੁਤੰਤਰਤਾ ਅਤੇ ਸਮਾਜਕ ਨਿਆਂ ਪ੍ਰਾਪਤ ਨਹੀਂ। ਬਹੁ ਗਿਣਤੀ ਆਪਣੇ ਅਧਿਕਾਰਾਂ ਤੋਂ ਤਾਂ ਵਾਕਿਫ਼ ਹੈ ਪਰ ਜ਼ਿੰਮੇਵਾਰੀਆਂ ਭਾਵ ਕਰਤੱਵਾਂ ਤੋਂ ਗ਼ਾਫ਼ਲ ਹੈ, ਜਿਸ ਕਰ ਕੇ ਸਾਰੇ ਦੇਸ਼ ਵਿੱਚ ਬੇਚੈਨੀ, ਅਸਿਤੁਸ਼ਟਤਾ ਤੇ ਅਨਿਆਂ ਦੀ ਹਨ੍ਹੇਰ-ਗਰਦੀ ਮੱਚੀ ਹੋਈ ਹੈ ਤੇ ਪਿਛਲੇ ਸਮੇਂ 'ਚ ਪੰਜਾਬ ਸਭ ਤੋਂ ਵੱਧ ਸੰਤਾਪ ਦਾ ਸ਼ਿਕਾਰ ਰਿਹਾ ਹੈ। ਇਸ ਵਿਰੁੱਧ ਸੰਗਠਿਤ ਹੋ ਕੇ ਸਿਆਸੀ ਸੂਝ-ਬੂਝ ਨਾਲ ਸਭ ਪਾਸਿਆਂ ਤੋਂ ਜੂਝਣ ਦੀ ਲੋੜ ਹੈ। ਕੇਵਲ ਮਾਰੂ ਹਥਿਆਰ ਹੀ ਵਿਗੜੀ ਨਹੀਂ ਸੰਵਾਰ ਸਕਦੇ। ਇਹ ਵੀ ਧਿਆਨ ਗੋਚਰੇ ਕਰਨ ਵਾਲੀ ਗੱਲ ਹੈ ਕਿ ਸਾਡਾ ਸ਼ਾਨਦਾਰ ਸਭਿਆਚਾਰ, ਕੇਵਲ ਰਾਜਨੀਤੀ ਅਤਿਆਚਾਰ ਦੀ ਮਾਰ ਹੇਠ ਹੀ ਨਹੀਂ ਸਗੋਂ ਇਹ ਪਦਾਰਥਵਾਦ, ਕੱਟੜਵਾਦ, ਅਗਿਆਨਵਾਦ, ਦੰਭ-ਪ੍ਰਪੰਚਵਾਦ ਤੇ ਫ਼ੈਸ਼ਨਵਾਦ ਦਾ ਵੀ ਸ਼ਿਕਾਰ ਹੈ। ਇਸ ਕਰ ਕੇ ਸਾਰੇ ਪਾਸਿਆਂ ਤੋਂ ਸਾਵਧਾਨੀ ਵਰਤਣ ਦੀ ਲੋੜ ਹੈ, ਤਾਂ ਹੀ ਇਸ ਸ੍ਰੇਸ਼ਟ ਸਭਿਆਚਾਰ ਨੂੰ ਬਚਾਇਆ ਜਾ ਸਕਦਾ ਹੈ।

ਸਭਿਆਚਾਰ ਵਿੱਚ ਜਿਉਂਦਾ ਮਨੁੱਖ ਦੁਨਿਆਵੀ ਜੀਵਨ ਵਿੱਚ ਕੋਈ ਵਾਧ ਘਾਟ ਆਵੇ ਜਾਂ ਅਣਭਾਉਂਦੀ ਗੱਲ ਵਾਪਰੇ ਤਾਂ ਉਹ ਉਸ ਨੂੰ ਰੱਬ ਦਾ ਭਾਣਾ ਜਾਂ ਗੁਰੂ ਦੀ ਖੇਡ ਕਹਿ ਕੇ ਝਲਦਾ ਜਾਂਦਾ ਹੈ ਪਰ ਉਸ ਦਾ ਨਿਸ਼ਚਾ ਹੈ ਕਿ ਗੁਰੂ ਘਰ ਵਿੱਚ ਆ ਕੇ ਸੱਚੀ ਬਾਣੀ ਸੁਣ ਕੇ ਸੁੱਖਾਂ-ਭਰੀ ਸੰਗਤ ਦੇ ਦੀਦਾਰ ਪਾ ਕੇ ਖ਼ੁਸ਼ੀਆਂ ਮਿਲਦੀਆਂ ਹਨ, ਕੋਈ ਦੁੱਖ ਕਲੇਸ਼ ਰਹਿ ਹੀ ਨਹੀਂ ਜਾਂਦਾ। ਇਹ ਬੜਾ ਆਸ਼ਾਵਾਦੀ ਦ੍ਰਿਸ਼ਟੀਕੋਣ ਹੈ। ਕ੍ਰਿਤੱਗਤਾ (ਕੀਤੇ ਨੂੰ ਨਾ ਭੁੱਲਣਾ) ਤਾਂ ਐਸਾ ਇਕ ਹੀ ਹੋਰ ਗੁਣ ਹੈ ਕਿ ਉਹ ਮਾਲਕ ਨੂੰ ਸਦਾ ਸਲਾਹੁੰਦਾ ਨਹੀਂ ਥੱਕਦਾ। ਜੇ ਨਵਾਬ ਮਲੇਰਕੋਟਲਾ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਮਾਰਿਆ ਗਿਆ ਤਾਂ ਦਲ ਖ਼ਾਲਸਾ ਦੀ ਖ਼ੂਬੀ ਇਹ ਰਹੀ ਕਿ ਕਦੀ ਉਨ੍ਹਾਂ ਕੋਟਲੇ 'ਤੇ ਚੜ੍ਹਾਈ ਨਹੀਂ ਕੀਤੀ। ਇਹ ਸਿੱਖਾਂ ਦੇ ਕੌਮੀ ਕਿਰਦਾਰ ਦੀ ਖ਼ੂਬਸੂਰਤੀ ਹੈ। ਉਹ ਚੜ੍ਹਦੀ ਕਲਾ ਦੇ ਨਾਲ ਸਰਬੱਤ ਦਾ ਭਲਾ ਵੀ ਮੰਗਦਾ ਹੈ, 'ਨਾ ਕੋ ਬੈਰੀ ਨਾਹਿ ਬਿਗਾਨਾ' ਇਹ ਬਚਨ ਕੇਵਲ ਗਾਉਣ ਲਈ ਹੀ ਨਹੀਂ, ਸਗੋਂ ਹਰ ਘੜੀ ਕਮਾਉਣ ਲਈ ਹਨ। ਇਸੇ ਕਰ ਕੇ ਅਨੰਦਪੁਰ ਦੀ ਬਿਖੜੀ ਜੰਗ ਵਿੱਚ ਭਾਈ ਘਨੱਈਏ ਨੇ ਆਪਣੀ ਮਸ਼ਕ ਦਾ ਅੰਮ੍ਰਿਤ ਜਲ, ਹਰ ਜ਼ਖ਼ਮੀ ਦੇ ਬੁੱਲ੍ਹਾਂ ਨੂੰ ਛੁਹਾਇਆ-ਚਾਹੇ ਉਹ ਤੁਰਕ ਸੀ, ਚਾਹੇ ਸਿੱਖ ਭਾਈ। ਕੀਰਤਪੁਰ ਇੱਕ ਨਿਹੰਗ ਸਿੰਘ, ਸੰਗਤ ਦੇ ਲੰਘਣ ਲਈ ਇੱਧਰੋਂ ਉੱਧਰੋਂ ਮਿੱਟੀ ਪੱਧਰ ਕਰ ਕੇ ਕਿਤੇ ਕੱਚਾ ਰਸਤਾ ਤਿਆਰ ਕਰ ਰਿਹਾ ਸੀ ਤਾਂ ਅਚਾਨਕ ਅੰਗ੍ਰੇਜ਼ ਅਫ਼ਸਰ ਆ ਗਿਆ, ਉਸ ਨੇ ਆਉਂਦਿਆਂ ਹੀ ਸਵਾਲ ਕੀਤਾ "ਸਿੰਘ ਜੀ ! ਇਸ ਕੰਮ 'ਤੇ ਤੁਹਾਨੂੰ ਕਿਸ ਨੇ ਲਾਇਆ ਹੈ ਤੇ ਕਿੰਨੀ ਮਜ਼ੂਰੀ ਮਿਲੇਗੀ ?" ਨਿਹੰਗ ਸਿੰਘ ਸੁਣ ਕੇ ਜੋਸ਼ ਵਿੱਚ ਆ ਗਿਆ, ਕਹਿਣ ਲੱਗਾ, "ਖ਼ਾਲਸਾ ਖ਼ੁਦ ਬਾਦਸ਼ਾਹ ਹੈ, ਇਸ ਨੂੰ ਮਜ਼ੂਰੀ ਦੀ ਕੀ ਲੋੜ ਹੈ, ਮੈਂ ਤਾਂ ਆਉਣ ਵਾਲੀਆਂ ਸੰਗਤਾਂ ਦੇ ਲੰਘਣ ਲਈ ਇਹ ਸੇਵਾ ਕਰ ਰਿਹਾ ਹਾਂ ਤੇ ਬਸ।" ਸੋ ਸਿੱਖ ਸਭਿਆਚਾਰ ਨੇ ਸਦਾ-ਸਦਾ ਸੇਵਕ ਬਣ ਕੇ ਸੇਵਾ-ਟਹਿਲ ਕਰ ਕੇ ਅਨੰਦਿਤ ਰਹਿਣ ਦੀ ਜੀਵਨ-ਜਾਚ ਸਿਖਾਈ ਹੈ ਇਸ ਕਰ ਕੇ ਮਨ ਕਦੀ ਢਹਿੰਦੀ ਕਲਾ ਵੱਲ ਜਾਂਦਾ ਹੀ ਨਹੀਂ। ਫਿਰ ਇਹ ਅਵਸਥਾ ਆਪਣੇ-ਆਪ ਹੀ ਨਹੀਂ ਆ ਜਾਂਦੀ, ਇਸ ਲਈ ਇੱਕ ਖ਼ਾਸ ਕਿਸਮ ਦੇ ਅਭਿਆਸ ਵਿੱਚੋਂ ਲੰਘਣਾ ਪੈਂਦਾ ਹੈ। ਜਿਸ ਨੂੰ ਅਸੀਂ ਗੁਰਮਤਿ ਦਾ ਤ੍ਰੈ-ਨੁਕਤੀਆ ਪ੍ਰੋਗਰਾਮ "ਗੁਰਮਤਿ ਨਾਮੁ ਦਾਨੁ ਇਸ਼ਨਾਨੁ" ਕਰ ਕੇ ਆਖਦੇ ਹਾਂ, ਜਿਸ ਦਾ ਭਾਵ ਹੈ-ਆਤਮਕ ਪਵਿੱਤ੍ਰਤਾ, ਸੱਭ ਨਾਲ ਵੰਡਣ ਦੀ ਬਿਰਤੀ ਦੇ ਧਾਰਨੀ ਹੋਣਾ ਅਤੇ ਮਾਨਸਿਕ ਸ਼ੁੱਧਤਾ, ਸਰੀਰਕ ਸ੍ਵੱਛਤਾ। ਸੋ ਸਿੱਖ ਆਪਣਾ ਦਿਨ ਇਸ਼ਨਾਨ ਤੇ ਰੱਬੀ ਧਿਆਨ ਨਾਲ ਆਰੰਭ ਕਰਦਾ ਹੈ, ਤਾਂ ਉਹ "ਜੀਅਹੁ ਨਿਰਮਲ ਬਾਹਰਹੁ ਨਿਰਮਲ" ਹੁੰਦਾ ਹੋਇਆ ਪੂਰੀ ਤਰ੍ਹਾਂ ਤਿਆਰ-ਬਰ ਤਿਆਰ ਹੋ ਜਾਂਦਾ ਹੈ।

ਇਹ ਧਿਆਨ-ਯੋਗ ਨੁਕਤਾ ਹੈ ਕਿ ਸਭਿਆਚਾਰ ਕੇਵਲ ਧਾਰਮਕ ਸਿੱਖਿਆ 'ਤੇ ਹੀ ਨਿਰਭਰ ਨਹੀਂ ਬਲਕਿ ਇਸ ਨੂੰ ਕਲਾ ਦੇ ਪੱਖ ਤੋਂ ਵੀ ਨਿਪੁੰਨਤਾ ਤੇ ਮਹਾਰਤ ਮਿਲਣੀ ਚਾਹੀਦੀ ਹੈ। ਇਸ ਪੱਖ ਤੋਂ ਗੁਰਬਾਣੀ ਦੀ ਸਾਹਿਤਕਾਰੀ, ਸੰਗੀਤਕਾਰੀ ਦਾ ਵਿਰਸਾ ਇੰਨਾ ਭਰਪੂਰ ਤੇ ਵਿਸ਼ਾਲ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਨੇ ਆਰਕਣ ਦੇ ਨਿਰਮਾਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਚਿੱਤਰਕਾਰੀ ਦਾ ਯੋਗਦਾਨ ਵੀ ਅਣਡਿੱਠ ਕਰਨ ਵਾਲਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਹੱਥ ਲਿਖਤ ਬੀੜਾਂ ਦਾ ਹਰ ਸਫ਼ਾ ਭਾਂਤ-ਭਾਂਤ ਦੇ ਫੁੱਲ ਬੂਟਿਆਂ ਨਾਲ ਸ਼ਿੰਗਾਰਿਆ ਹੁੰਦਾ ਸੀ ਤੇ ਸਿੱਖ ਸਰਦਾਰ ਇਸ ਦੀ ਕਦਰ ਕਰਦੇ ਸਨ। ਇਸ ਤਰ੍ਹਾਂ ਗੁਰਧਾਮਾਂ ਦੀ ਚਿੱਤਰਕਾਰੀ ਤੇ ਹਰਿਮੰਦਰ ਦੀ ਉੱਚ-ਪੱਧਰੀ ਕਾਰੀਗਰੀ ਦੁਨੀਆਂ ਦੇ ਕ੍ਰਿਸ਼ਮਿਆਂ ਵਿੱਚੋਂ ਗਿਣੀ ਜਾਂਦੀ ਹੈ। ਇਸੇ ਤਰ੍ਹਾਂ ਸਿੱਖ ਦਾ ਜਿਹੜਾ ਬਾਹਰਲਾ ਸਰੂਪ ਹੈ, ਉਹ ਵੀ ਵਿਲੱਖਣ ਹੋਣ ਕਰ ਕੇ ਹਰੇਕ ਲਈ ਆਕਰਸ਼ਣ ਦਾ ਕਾਰਨ ਹੈ। ਖ਼ਾਸ ਕਰ ਕੇ ਟੋਪ-ਟੋਪੀਆਂ ਦੀ ਬਹੁ-ਗਿਣਤੀ ਵਾਲੇ ਸੰਸਾਰ ਵਿੱਚ ਸਿੱਖ ਦੀ ਦਸਤਾਰ ਦੀ ਆਪਣੀ ਵੱਖਰੀ ਲਿਸ਼ਕਾਰ ਹੈ।

ਅਜੋਕੇ ਬਿਖੜੇ ਸਮੇਂ ਵਿੱਚ ਅਜੀਬੋ-ਗ਼ਰੀਬ ਹਾਲਤ ਇਹ ਹੈ ਕਿ ਇਹ ਉਚ-ਆਚਾਰੀ ਵਿਲੱਖਣ ਸਭਿਆਚਾਰ, ਸੰਸਾਰ ਸਭਿਆਚਾਰ ਦੇ ਵਿਗੜੇ ਵਿਹਾਰ ਵਿਰੁੱਧ ਬਿਲਕੁਲ ਕੱਲਮ-ਕੱਲਾ ਟਾਕਰੇ ਉੱਤੇ ਖੜੋਤਾ ਹੈ : ਸਾਰੀ ਦੁਨੀਆਂ ਤੰਬਾਕੂ-ਨੋਸ਼ੀ, ਸ਼ਰਾਬ-ਨੋਸ਼ੀ ਤੇ ਸਮੈਕ ਆਦਿਕ ਨਸ਼ਿਆਂ ਦੀ ਸ਼ਿਕਾਰ ਹੈ ਲੇਕਿਨ ਸਿੱਖ ਸਭਿਆਚਾਰ ਇਸ ਨੂੰ 'ਜਗਤ ਜੂਠ' ਕਹਿ ਕੇ ਤਿਰਸਕਾਰਦਾ ਆ ਰਿਹਾ ਹੈ। ਸਾਰੀ ਦੁਨੀਆਂ 'ਲਿੰਗ ਸੁਤੰਤਰਤਾ' ਨੂੰ ਕੁਦਰਤੀ ਅਧਿਕਾਰ ਦੱਸ ਕੇ ਬੇਹਯਾਈ ਨਾਲ ਵਿਭਚਾਰ ਦਾ ਪ੍ਰਚਾਰ-ਪ੍ਰਸਾਰ ਕਰ ਰਹੀ ਹੈ ਤੇ ਏਡਜ਼ ਵਰਗੀਆਂ ਬੀਮਾਰੀਆਂ ਦੀ ਮਾਰ ਖਾ ਰਹੀ ਹੈ ਲੇਕਿਨ ਸਿੱਖ ਸਭਿਆਚਾਰ ਹਦਾਇਤ ਕਰ ਰਿਹਾ ਹੈ:

ਦੇਖਿ ਪਰਾਈਆਂ ਚੰਗੀਆਂ; ਮਾਵਾਂ, ਧੀਆਂ, ਭੈਣਾਂ ਜਾਣੈ। (ਭਾਈ ਗੁਰਦਾਸ)

ਅਜੋਕੀ ਸਿਆਣੀ ਦੁਨੀਆਂ 'ਨਾਸਤਿਕਤਾ' ਨੂੰ ਅਗਾਂਹ ਵਧੂ ਹੋਣ ਦਾ ਲੱਛਣ ਮੰਨ ਕੇ ਅਪਣਾਅ ਰਹੀ ਹੈ ਲੇਕਿਨ ਸਿੱਖ ਸਭਿਆਚਾਰ 'ਨਾਮ ਦੀ ਚੜ੍ਹਦੀ ਕਲਾ' ਦੀ ਜੈ-ਜੈ ਕਾਰ ਕਰ ਰਿਹਾ ਹੈ। ਇਸ ਤਰ੍ਹਾਂ ਸਿੱਖ ਸਭਿਆਚਾਰ ਦਾ ਝੰਡਾ ਚੁੱਕਣਾ, ਸਾਰੀਆਂ ਦੁਨੀਆਂ ਨਾਲ ਮੱਥਾ ਲਾਉਣ ਵਾਲੀ ਗੱਲ ਹੈ।

## ਸਿੱਖ ਧਰਮ ਵਿਚ ਲੰਗਰ ਦਾ ਸੰਕਲਪ

**ਵੀਰ ਭੁਪਿੰਦਰ ਸਿੰਘ**

ਲੰਗਰ ਗੁਰਮਤ ਦਾ, ਮਨੁੱਖੀ ਸਭਿਅਤਾ ਨੂੰ ਇਨਸਾਨੀਅਤ ਸਿਖਾਉਣ ਦਾ ਇਕ ਕੀਮਤੀ ਸਿਧਾਂਤ ਹੈ। ਕਾਸ਼ ! ਗੁਰਮਤ ਦਾ ਇਹ ਕੀਮਤੀ ਸਿਧਾਂਤ ਅਸੀਂ ਰੈਡ ਕਰਾਸ, ਯੂਐਨਓ, ਯੂਨੈਸਕੋ ਨੂੰ ਦੱਸ ਸਕੀਏ ਕਿ ਲੰਗਰ ਸਾਰੀ ਮਨੁੱਖਤਾ ਨੂੰ ਏਕਤਾ ਸਿਖਾਉਣ ਦਾ ਢੰਗ ਹੈ।

ਪੁਰਾਤਨ ਸਮੇਂ ਤੋਂ ਹੀ ਧਰਮ ਅਸਥਾਨਾਂ ਤੇ ਲੰਗਰ ਕੀਤਾ ਜਾਂਦਾ ਸੀ। ਜਿਸ ਜਗ੍ਹਾ ਉੱਚ ਜਾਤ ਵਾਲਿਆਂ ਦਾ ਲੰਗਰ ਹੁੰਦਾ ਸੀ ਉੱਥੇ ਨੀਵੀਂ ਜਾਤ ਵਾਲੇ ਨਹੀਂ ਆ ਸਕਦੇ ਸਨ, ਨਾ ਹੀ ਉਨ੍ਹਾਂ ਭਾਂਡਿਆਂ ਨੂੰ ਵਰਤ ਸਕਦੇ ਸਨ ਅਤੇ ਨਾ ਹੀ ਉਨ੍ਹਾਂ ਵਿੱਚ ਵਰਤਾ ਸਕਦੇ ਸਨ। ਇਸ ਉੱਚੀ-ਨੀਵੀਂ ਜਾਤ ਅਤੇ ਅਮੀਰ-ਗ਼ਰੀਬ ਦੇ ਵਿਤਕਰੇ ਨੂੰ ਖ਼ਤਮ ਕਰਨ ਲਈ ਗੁਰੂ ਘਰ ਵਿੱਚ ਲੰਗਰ ਦੀ ਵਿਲੱਖਣ ਪ੍ਰਥਾ ਚਲਾਈ।

ਗੁਰੂ ਅਮਰਦਾਸ ਪਾਤਸ਼ਾਹ ਦੇ ਸਮੇਂ ਵਿੱਚ ਬਾਦਸ਼ਾਹ ਅਕਬਰ ਜਦੋਂ ਗੁਰੂ ਘਰ ਵਿੱਚ ਆਉਂਦਾ ਹੈ ਤਾਂ ਉਸ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਜੇ ਉਸ ਦੇ ਮਨ ਵਿੱਚ ਇਹ ਖ਼ਿਆਲ ਹੈ ਕਿ ਉਹ ਰਾਜਾ ਹੈ ਅਤੇ ਬਾਕੀ ਮਨੁੱਖ ਨੀਵੇਂ ਹਨ ਤਾਂ ਉਹ ਗੁਰੂ ਘਰ ਆਉਣ ਤੋਂ



ਪਹਿਲਾਂ ਬਾਹਰ ਹੀ ਲੰਗਰ ਛਕ ਕੇ ਆਏ। ਜੇ ਉਹ ਗੁਰੂ ਘਰ ਵਿੱਚ ਲੰਗਰ ਛੱਕਣਾ ਚਾਹੁੰਦਾ ਹੈ ਤਾਂ ਆਪਣੇ ਮਨ 'ਚੋਂ ਉੱਚੇ-ਨੀਵੇਂ ਦੀ ਭਾਵਨਾ ਕੱਢ ਕੇ, ਪੰਗਤ ਵਿੱਚ ਸਭ ਮਨੁੱਖਾਂ ਨਾਲ ਰੱਲ ਕੇ ਬੈਠੇ। ਇਸ ਤੋਂ ਅਸੀਂ ਸਮਝ ਸਕਦੇ ਹਾਂ ਕਿ ਗੁਰੂ ਘਰ ਵਿੱਚ ਲੰਗਰ ਦੀ ਪ੍ਰਥਾ ਦੀ ਸ਼ੁਰੂਆਤ ਬਰਾਬਰਤਾ ਸਿਖਾਉਣ ਲਈ ਹੋਈ ਸੀ। ਲੰਗਰ ਦਾ ਮਕਸਦ ਸੀ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
(ਗੁਰੂ ਗ੍ਰੰਥ ਸਾਹਿਬ, ਪੰਨਾ 15)

ਜਦੋਂ ਅਸੀਂ ਲੰਗਰ ਕਰਦੇ ਹਾਂ ਤਾਂ ਗ਼ਰੀਬਾਂ ਨੂੰ ਜੰਗਲੇ, ਗੇਟ ਤੋਂ ਬਾਹਰ ਖੜਾ ਰਖਦੇ ਹਾਂ, ਇਸ ਤਰ੍ਹਾਂ ਅਸੀਂ ਅਕਸਰ ਗੁਰੂ ਪਾਤਸ਼ਾਹ ਦਾ ਬਰਾਬਰਤਾ ਵਾਲਾ ਨੁਕਤਾ ਤੋੜ ਦੇਂਦੇ ਹਾਂ। ਸਾਡੇ ਲੰਗਰਾਂ ਵਿਚ ਅਸੀਂ ਆਪਣੇ ਅਮੀਰਜ਼ਾਦੇ ਜਾਂ ਉੱਚ ਜਾਤੀਏ ਸਾਥੀ ਨੂੰ ਵੇਖ ਕੇ ਉਸ ਨਾਲ ਹੀ ਬੈਠਦੇ ਹਾਂ। ਜੇਕਰ ਲੰਗਰ ਦੇ ਵਿੱਚ ਕੋਈ ਹਿੰਦੂ, ਮੁਸਲਮਾਨ, ਗ਼ੈਰ ਸਿੱਖ ਜਾਂ ਗ਼ਰੀਬ ਆ ਜਾਏ ਤਾਂ ਵਿਤਕਰੇ ਦੀ ਭਾਵਨਾ ਕਾਰਨ ਅਸੀਂ ਉਨ੍ਹਾਂ ਨਾਲ ਬੈਠਦੇ ਹੀ ਨਹੀਂ ਹਾਂ। ਉਹ ਸੱਜਣ ਮੁਬਾਰਕ ਹਨ ਜਿਹੜੇ ਵਿਤਕਰਾ ਨਹੀਂ ਕਰਦੇ ਪਰ ਜੇਕਰ ਅਸੀਂ ਇਹ ਸੋਚ ਕੇ ਕਿ ਫਲਾਣੇ ਦੇ ਕਪੜੇ ਗੰਦੇ ਹਨ, ਇਹ ਗ਼ੈਰ ਸਿੱਖ ਹੈ, ਪਤਿਤ ਹੈ, ਦੂਜੇ ਮਜ਼ਬ ਦਾ ਹੈ ਉਸ ਨਾਲ ਨਹੀਂ ਬੈਠਦੇ ਤਾਂ ਲੰਗਰ ਦਾ ਮਕਸਦ ਹਲ ਨਹੀਂ ਹੋਇਆ ਕਿਉਂਕਿ ਬਰਾਬਰਤਾ ਵਾਲਾ ਨੁਕਤਾ ਪੂਰਾ ਨਹੀਂ ਹੁੰਦਾ।

ਬਾਕੀ ਸਫ਼ਾ 28 'ਤੇ



# ਪਾਠਕਾਂ ਦਾ ਨਜ਼ਰੀਆ

## ਕਾਸ਼ ਪੰਜਾਬ ਨੂੰ ਵੀ ਬੰਗਾਲੀਆਂ ਵਰਗੇ ਲੀਡਰ ਮਿਲ ਜਾਂਦੇ

ਪੰਜਾਬੀ ਤੇ ਬੰਗਾਲੀ-ਇਨ੍ਹਾਂ ਲੋਕਾਂ ਬਾਰੇ ਅੰਗਰੇਜ਼ਾਂ ਨੇ ਛੇਤੀ ਹੀ ਸਮਝ ਲਿਆ ਸੀ ਕਿ ਇਹ ਗੁਲਾਮੀ ਖਿਲਾਫ ਨੱਕੋ ਨੱਕ ਭਰੇ ਹੋਏ ਲੋਕ ਨੇ ਤੇ ਆਪਣੇ ਅਕੀਦੇ ਤੇ ਵਿਸਵਾਸ਼ ਲਈ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਅੰਗਰੇਜ਼ਾਂ ਖਿਲਾਫ ਸਾਰੇ ਭਾਰਤ ਵਿਚੋਂ ਸਭ ਤੋਂ ਵੱਧ ਸਰਗਰਮੀ ਪੰਜਾਬੀਆਂ ਤੇ ਬੰਗਾਲੀਆਂ ਦੀ ਰਹੀ ਜਿਸ ਕਰਕੇ ਜਾਣ ਲੱਗੇ ਗੋਰੇ ਆਪਣੇ ਭਾਰਤੀ ਵਾਰਿਸਾਂ ਨੂੰ ਇਹਨਾਂ ਦੋਵਾਂ ਭਾਈਚਾਰਿਆਂ ਬਾਰੇ ਮੱਤ ਦੇ ਕੇ ਗਏ ਸੀ ਜਿਹੋ ਜਿਹੀ ਮੱਤ ਕਦੇ ਜ਼ਕਰੀਏ ਨੂੰ ਨਾਦਰ ਸ਼ਾਹ ਨੇ ਦਿੱਤੀ ਸੀ। ਇਸੇ ਕਰਕੇ ਜਾਂਦੇ ਜਾਂਦੇ ਗੋਰੇ ਪੰਜਾਬ ਅਤੇ ਬੰਗਾਲ ਨੂੰ ਵਿਚਾਲਿਓਂ ਪਾੜ ਕੇ ਦੋ ਦੋ ਟੋਟੇ ਕਰ ਗਏ। ਮਗਰੋਂ ਦਿੱਲੀ ਤੇ ਨਾਗਪੁਰ ਨੇ ਪੰਜਾਬ ਤੇ ਬੰਗਾਲ ਨੂੰ ਨਿਸ਼ਾਨਾ ਬਣਾ ਕੇ ਜੋ ਕੁਝ ਕੀਤਾ ਉਸ ਦੇ ਬਾਰੇ ਇਹੀ ਕਹਿਣਾ ਪੈ ਰਿਹਾ ਹੈ ਕਿ ਬੰਗਾਲ ਦੇ ਲੀਡਰ ਤੇ ਲੋਕ ਅੱਜ ਵੀ ਹਿੰਦੂ ਕੱਟੜਵਾਦ ਸਾਹਮਣੇ ਡਟੇ ਹੋਏ ਨੇ ਜਦ ਕਿ ਪੰਜਾਬ ਦੇ ਲੀਡਰਾਂ ਨੇ ਨੀਵੀਂ ਪਾ ਲਈ। ਪੰਜਾਬ ਦੇ ਲੀਡਰ ਜੇ ਪੰਜਾਬ ਦੀ ਬੋਲੀ, ਧਰਮ ਤੇ ਸੱਭਿਆਚਾਰ ਨੂੰ ਹਿੰਦੂਤਵੀਆਂ ਤੋਂ ਬਚਾਉਣ ਵਿਚ ਅਸਫਲ ਰਹਿੰਦੇ ਤਾਂ ਘੱਟ ਦੁੱਖ ਹੋਣਾ ਸੀ ਪਰ ਇਹ ਤਾਂ ਦੁਸ਼ਮਣ ਦੇ ਨਾਲ ਹੀ ਮਿਲ ਗਏ। ਇਹਨਾਂ ਲੀਡਰਾਂ ਨੇ ਤਾਂ ਲੱਖਾਂ ਉਹ ਲੋਕ ਤਿਆਰ ਕਰ ਦਿੱਤੇ ਨੇ ਜਿਹੜੇ ਪੰਜਾਬ ਦੀ ਬੋਲੀ, ਧਰਮ ਤੇ ਸੱਭਿਆਚਾਰ ਨੂੰ ਹਿੰਦੂਤਵੀਆਂ ਤੋਂ ਬਚਾਉਣ ਵਾਲਿਆਂ ਨੂੰ ਨਿੰਦਣਾ-ਭੰਡਣਾ ਤੇ ਮਾਰਨਾ ਪੁੰਨ ਦਾ ਕੰਮ ਸਮਝਦੇ ਹਨ। ਪੰਜਾਬ ਦੇ ਲੀਡਰਾਂ ਨੇ ਦਿੱਲੀ ਅੱਗੇ ਗੋਡੇ ਟੇਕ ਕੇ ਇਸ ਧਰਤੀ ਦੇ ਇਤਿਹਾਸ ਨੂੰ ਕਲੰਕ ਲਵਾ ਦਿੱਤਾ ਹੈ ਜਦ ਕਿ ਬੰਗਾਲ ਅਜੇ ਦਹਾੜ ਰਿਹਾ ਹੈ। ਪੰਜਾਬ ਦੇ ਲੀਡਰ ਤੇ ਉਹਨਾਂ ਦੇ ਮਗਰ ਲੱਗ ਕੇ ਕੌਮੀ ਸੂਰਮਿਆਂ ਨੂੰ ਨਿੰਦਣ-ਭੰਡਣ ਤੇ ਮਾਰਨ ਵਾਲੇ ਲੋਕ ਇਤਿਹਾਸ ਵਿਚ ਆਪਣਾ ਨਾਂ ਕਾਲੇ ਅੱਖਰਾਂ ਵਿਚ ਲਿਖਵਾ ਕੇ ਜਾਣਗੇ ਜਦ ਕਿ ਪੰਜਾਬ ਦੀ ਬੋਲੀ, ਧਰਮ ਤੇ ਸੱਭਿਆਚਾਰ ਨੂੰ ਹਿੰਦੂਤਵੀਆਂ ਤੋਂ ਬਚਾਉਣ ਵਾਲੇ ਦੁਸ਼ਮਣ ਸਾਹਮਣੇ ਕਾਮਯਾਬ ਹੋਣ ਜਾਂ ਨਾ ਪਰ ਆਪਣੇ ਫਰਜ਼ ਨਿਭਾਉਣ ਕਰਕੇ ਸਤਿਕਾਰੇ ਜਾਣਗੇ ਪਰ ਅਫਸੋਸ ਤਾਂ ਰਹੇਗਾ ਹੀ, ਕਾਸ਼ ਕੈਪਟਨ, ਬਾਦਲ ਵਰਗਿਆਂ ਨੂੰ ਸੁਰਤ ਹੁੰਦੀ ..।...

**-ਸਰਬਜੀਤ ਸਿੰਘ ਘੁਮਾਣ**

## ਧਰਤੀ ਨੂੰ ਮੁੜ ਤੋਂ ਜ਼ਰਖੇਜ਼ ਬਣਾਈਏ

ਇੱਕੋ ਜਿਹੇ ਫਸਲੀ ਚੱਕਰ ਦੇ ਕਾਰਨ ਧਰਤੀ ਦਾ ਸੰਤੁਲਨ ਵਿਗੜ ਰਿਹਾ ਹੈ, ਜਿਸ ਕਾਰਨ ਧਰਤੀ ਦੇ ਖ਼ੁਰਾਕੀ ਅਤੇ ਉਪਜਾਊ ਤੱਤ ਜਿਵੇਂ ਕਿ ਨਾਈਟਰੋਜਨ, ਜ਼ਿੰਕ, ਗੰਧਕ, ਫਾਸਫੋਰਸ ਆਦਿ ਘਟ ਗਏ ਹਨ ਜਿਨ੍ਹਾਂ ਦੀ ਪੂਰਤੀ ਲਈ ਰਸਾਇਣਕ ਖਾਦਾਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾਂਦੀ ਹੈ, ਜਿਸ ਕਾਰਨ ਧਰਤੀ ਡਾਂਵਾਂ-ਡੋਲ ਹੈ। ਫਸਲੀ ਰਹਿੰਦ-ਖੂੰਹਦ ਨੂੰ ਸਾੜਨ ਕਰ ਕੇ ਜਿੱਥੇ ਧਰਤੀ ਦੀ ਹਿੱਕ ਤਾਂ ਸੜਦੀ ਹੀ ਹੈ, ਨਾਲ ਦੀ ਨਾਲ ਉਸ ਵਿਚਲੇ ਜੈਵਿਕ ਮਾਦੇ ਅਤੇ ਮਿੱਤਰ ਕੀੜਿਆਂ ਦਾ ਖਾਤਮਾ ਵੀ ਹੁੰਦਾ ਹੈ ਅਤੇ ਧੂੰਏਂ ਦਾ ਪਰਦੂਸ਼ਨ ਵੱਖਰਾ ਪੈਦਾ ਹੁੰਦਾ ਹੈ।

ਧਰਤੀ ਹੇਠਲੇ ਪਿਤਾ ਰੂਪੀ ਪਾਣੀ ਦੀ ਬੇਤਹਾਸ਼ਾ ਵਰਤੋਂ ਕਾਰਨ ਅੱਜ ਦੁਨੀਆ ਦੇ ਬਹੁਤੇ ਦੇਸ਼ ਭੁੱਖਮਰੀ ਦਾ ਸ਼ਿਕਾਰ ਹਨ। ਸਹਾਰਾ ਮਾਰੂਥਲ ਅਤੇ ਕਾਲੀਹਰੀ ਮਾਰੂਥਲ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ, ਜਿਹੜੇ ਕਦੀ ਹਰੀਆਂ ਭਰੀਆਂ ਫਸਲਾਂ ਨਾਲ ਲਬਰੇਜ਼ ਹੁੰਦੇ ਸਨ ਪਰ ਅੱਜ ਉੱਥੇ ਬੰਜਰ ਧਰਤੀ ਤੋਂ ਇਲਾਵਾ ਕੁਝ ਨਹੀਂ। ਜ਼ਿਆਦਾ ਪਾਣੀ ਲੈਣ ਵਾਲੀਆਂ ਫਸਲਾਂ ਦੀ ਬਿਜਾਈ ਕਾਰਨ ਅਤੇ ਇਸ ਪਾਣੀ ਦੀ ਪੂਰਤੀ ਲਈ ਬੇ-ਸ਼ੁਮਾਰ ਡੂੰਘੇ ਸਬਮਰਸੀਬਲ ਬੋਰ ਕੀਤੇ ਗਏ ਹਨ ਅਤੇ ਅੰਨ੍ਹੇਵਾਹ ਪਾਣੀ ਦੀ ਵਰਤੋਂ ਕਾਰਨ ਧਰਤੀ ਹੇਠਲੇ ਪਾਣੀ ਦਾ ਸਤਰ ਘਟ ਰਿਹਾ ਹੈ। ਜ਼ਮੀਨ ਹੇਠਲਾ ਪਾਣੀ ਜ਼ਿਆਦਾ ਕੱਢਣ ਕਰਕੇ ਪਾਣੀ ਖਾਰਾ ਹੋ ਰਿਹਾ ਹੈ ਕਿਉਂਕੇ ਬਰਸਾਤੀ ਪਾਣੀ ਨੂੰ ਸਾਫ ਹੋਣ ਲਈ ਧਰਤੀ ਹੇਠ ਰਹਿਣ ਦਾ ਮੌਕਾ ਹੀ ਨਹੀਂ ਮਿਲਦਾ।

ਫੈਕਟਰੀਆਂ ਦੁਆਰਾ ਬਾਹਰ ਸੁੱਟਿਆ ਜਾਂਦਾ ਜ਼ਹਿਰੀਲਾ ਮਾਦਾ ਅਤੇ ਪਰਦੂਸ਼ਤ ਪਾਣੀ ਨਹਿਰਾਂ ਅਤੇ ਦਰਿਆਵਾਂ ਨੂੰ ਗੰਧਲਾ ਕਰ ਰਿਹਾ ਹੈ। ਗਲੋਬਲ ਵਾਰਮਿੰਗ ਕਾਰਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਧਰਤੀ 'ਤੇ ਉਥਲ ਪੁਥਲ ਹੋ ਰਹੀ ਹੈ। ਪਿਛਲੇ ਇੱਕ ਦੋ ਸਾਲਾਂ ਦੌਰਾਨ ਇਸ ਦੇ ਤਾਜ਼ਾ ਸਿੱਟੇ ਸਾਡੇ ਸਾਹਮਣੇ ਹੀ ਹਨ। ਅਸੀਂ ਕਦੀ ਇਹ ਨਹੀਂ ਸੀ ਸੋਚਿਆ ਕਿ ਰਾਜਸਥਾਨ ਵਰਗੇ ਖੁਸ਼ਕ ਇਲਾਕਿਆਂ ਵਿਚ ਵੀ ਹੜ੍ਹ ਆ ਜਾਣਗੇ ਅਤੇ ਬੇਹੱਦ ਨੁਕਸਾਨ ਹੋਵੇਗਾ, ਚਿਰਾਪੂੰਜੀ ਵਰਗੇ ਬਾਰਿਸ਼ ਵਾਲੇ ਇਲਾਕਿਆਂ ਵਿਚ ਸੋਕਾ ਪੈ ਸਕਦਾ ਹੈ। ਇਹ ਸਭ ਸਾਡੇ ਦੁਆਰਾ ਕੁਦਰਤੀ ਨਿਯਮਾਂ ਦੀ ਉਲੰਘਣਾ ਅਤੇ ਕੁਦਰਤੀ ਸੋਮਿਆਂ ਨਾਲ ਛੇੜ-ਛਾੜ ਕਾਰਨ ਹੋ ਰਿਹਾ ਹੈ। ਇਲੈਕਟ੍ਰੌਨਿਕ ਕੂੜਾ ਕਰਕਟ, ਪਲਾਸਟਿਕ ਦੇ ਲਿਫਾਫੇ, ਫੈਕਟਰੀਆਂ ਦਾ ਗੰਦ-ਮੰਦ ਅਤੇ ਹੋਰ ਪਤਾ ਨਹੀਂ ਕੀ ਕੀ, ਇਹ ਸਭ ਚੀਜ਼ਾਂ ਧਰਤੀ ਨੂੰ ਤਬਾਹ ਕਰ ਰਹੀਆਂ ਹਨ। ਕੀਟ ਨਾਸ਼ਕ ਦਵਾਈਆਂ, ਰਸਾਇਣਕ ਖਾਦਾਂ ਦੀ ਬੇਸ਼ੁਮਾਰ ਵਰਤੋਂ ਕਾਰਨ ਬਹੁਤ ਸਾਰੇ ਵਾਤਾਵਰਨ ਪ੍ਰੇਮੀ ਅਤੇ ਇਨਸਾਨ ਦੇ ਮਿੱਤਰ ਕੀੜੇ ਮਕੌੜੇ ਅਤੇ ਪੰਛੀ ਧਰਤੀ ਤੋਂ ਅਲੋਪ ਹੁੰਦੇ ਜਾ ਰਹੇ ਹਨ। ਪਸ਼ੂਆਂ ਦੀਆਂ ਲੋਥਾਂ ਹੱਡਾਰੋੜੀਆਂ ਵਿਚ ਗਲਦੀਆਂ ਸੜਦੀਆਂ ਤੇ ਬੋ ਮਾਰਦੀਆਂ ਰਹਿੰਦੀਆਂ ਨੇ ਪਰ ਇਹਨਾਂ ਦਾ ਸਫਾਇਆ ਕਰਨ ਵਾਲੀਆਂ ਗਿਰਝਾਂ ਕਿਧਰੇ ਨਹੀਂ ਲੱਭਦੀਆਂ।

ਧਰਤੀ ਮਾਂ ਪ੍ਰਤੀ ਸਾਡੀ ਬੇਰੁਖੀ ਅਤੇ ਉਸ ਪ੍ਰਤੀ ਆਪਣੇ ਫਰਜ਼ਾਂ ਨੂੰ ਨਾ ਪਹਿਚਾਨਣ ਕਾਰਨ ਅਸੀਂ ਜ਼ਿੰਦਗੀ ਤੋਂ ਬਹੁਤ ਦੂਰ ਚਲੇ ਜਾ ਰਹੇ ਹਾਂ। ਦੁਨੀਆ ਵਿਚ ਹਰ ਦਸਵਾਂ ਆਦਮੀ ਅਤੇ ਜ਼ਿਅਦਾ ਪ੍ਰਦੂਸ਼ਨ ਵਾਲੇ ਖੇਤਰਾਂ ਵਿਚ ਹਰ ਚੌਥਾ ਆਦਮੀ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੈ। ਅੱਜ ਲੋੜ ਹੈ ਕਿ ਵਾਤਾਵਰਣ ਪ੍ਰਤੀ ਆਪਣਾ ਫਰਜ਼ ਪਹਿਚਾਨਣ ਦੀ। ਸਮਾਂ ਆ ਗਿਆ ਹੈ ਧਰਤੀ ਮਾਂ ਦੇ ਅਹਿਸਾਨਾਂ ਦਾ ਬਦਲਾ ਚੁਕਾਉਣ ਦਾ। ਜੇ ਬੱਚੇ ਰੁੱਸ ਜਾਣ ਤਾਂ ਮਾਂਵਾਂ ਲਾਡ ਲਡਾ ਕੇ ਮਨਾ ਲੈਂਦੀਆਂ ਹਨ ਪਰ ਜਦੋਂ ਮਾਂ ਰੁੱਸ ਜਾਵੇ ਤਾਂ ਬੱਚਿਆਂ ਵਿਚ ਮਾਵਾਂ ਨੂੰ ਮਨਾਉਣ ਦੀ ਸ਼ਕਤੀ ਨਹੀਂ ਰਹਿੰਦੀ। ਆਓ, ਅੱਜ ਸਾਰੇ ਮਾਂ ਦੀ ਕੁੱਖ ਨੂੰ ਕਬਰ ਬਣਨ ਤੋਂ ਰੋਕ ਲਈਏ ... ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਮਾਂ ਦੀ ਗੋਦ ਦਾ ਨਿੱਘ ਅਤੇ ਸਕੂਨ ਮਾਣ ਸਕਣ। ਆਓ ਸਾਰੇ ਆਪਣੇ ਹੱਥੀਂ ਦੋ-ਦੋ ਰੁੱਖ ਲਾਈਏ ਅਤੇ ਪਾਣੀ ਦੀ ਦੁਰਵਰਤੋਂ ਬੰਦ ਕਰੀਏ ਅਤੇ ਧਰਤੀ ਨੂੰ ਮੁੜ ਤੋਂ ਜ਼ਰਖੇਜ਼ ਬਣਾਈਏ।

**-ਰੋਜ਼ੀ ਸਿੰਘ**

## ਮਾਂ-ਬੋਲੀ ਨੂੰ ਖ਼ਤਰਾ ਅਤੇ ਸਾਹਿਤਕ ਸੰਸਥਾਵਾਂ

ਸਾਹਿਤਕ ਸੰਸਥਾਵਾਂ ਸਿਰਫ਼ ਵਿਖਾਵਾ ਹਨ। ਉਹ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਘੱਟ ਅਤੇ ਨਿੱਜ ਦੀ ਚੜ੍ਹਤ ਨੂੰ ਵਧ ਸਮਰਪਿਤ ਹਨ। ਜੋ ਸੰਸਥਾਵਾਂ ਮਿਲ ਕੇ ਬੈਠ ਨਹੀਂ ਸਕਦੀਆਂ, ਉਹ ਮਾਂ-ਬੋਲੀ ਪੰਜਾਬੀ ਦੀ ਕੀ ਸੇਵਾ ਕਰਨਗੀਆਂ। ਪੰਜਾਬੀ ਅਖ਼ਬਾਰਾਂ ਹਰ ਰੋਜ਼ ਸਾਹਿਤਕ ਸਮੱਗਰੀ ਛਾਪਦੀਆਂ ਹਨ। ਕੀ ਛਾਪਣਾ ਹੈ, ਹਰ ਅਖ਼ਬਾਰ ਦਾ ਆਪਣਾ ਪੱਧਰ ਹੈ। ਉਨ੍ਹਾਂ ਦੇ ਪੰਨਿਆਂ 'ਤੇ ਪੁਰਾਣੇ ਸਥਾਪਿਤ ਲੇਖਕ ਹੀ ਛਪਦੇ ਹਨ, ਨਵਾਂ ਲੇਖਕ ਹਾੜ੍ਹੀ-ਸੌਣੀ ਵਿੱਚ ਕਦੇ ਕਦੇ ਹੀ ਪੜ੍ਹਨ ਨੂੰ ਮਿਲਦਾ ਹੈ।

ਪੰਜਾਬੀ ਭਾਸ਼ਾ ਦਾ ਪ੍ਰਸਾਰ ਕਰਨ ਲਈ ਰੇਡੀਓ ਤੇ ਟੀਵੀ. ਹੈ। ਅਨੇਕਾਂ ਪੰਜਾਬੀ ਚੈਨਲ ਹਨ। ਪ੍ਰਾਈਵੇਟ ਚੈਨਲਾਂ ਦਾ ਜ਼ਿਕਰ ਨਾ ਹੀ ਕੀਤਾ ਜਾਵੇ ਤਾਂ ਠੀਕ ਰਹੇਗਾ। ਸਭ ਦਾ ਮਨੋਰਥ ਪੈਸਾ ਕਮਾਉਣਾ ਹੈ, ਭਾਸ਼ਾ ਤੋਂ ਉਨ੍ਹਾਂ ਨੇ ਕੀ ਲੈਣਾ ਹੈ। ਲੋਕ ਪ੍ਰਸਾਰਣ ਸੇਵਾ, ਪ੍ਰਸਾਰ ਭਾਰਤੀ ਕਾਰਪੋਰੇਸ਼ਨ ਦੇ ਜਲੰਧਰ, ਪਟਿਆਲਾ, ਬਠਿੰਡਾ ਅਤੇ ਲੁਧਿਆਣਾ ਮੁੱਖ ਚੈਨਲ ਹਨ। ਉਨ੍ਹਾਂ ਚੈਨਲਾਂ 'ਤੇ ਕੀ ਪਰੋਸਿਆ ਜਾ ਰਿਹਾ ਹੈ, ਕੀ ਕਿਸੇ ਸਾਹਿਤ ਸਭਾ ਵਾਲੇ ਵੀਰ, ਭੈਣ ਨੂੰ ਪਤਾ ਹੈ ? ਆਕਾਸ਼ਵਾਣੀ ਜਲੰਧਰ ਪ੍ਰਸਾਰਣ ਸੇਵਾ ਸਿਰਕੱਢ ਹੈ। ਇਸ ਦਾ ਪ੍ਰਸਾਰਨ 24 ਘੰਟੇ ਹੈ ਅਤੇ ਪੂਰੀ ਦੁਨੀਆ ਵਿਚ ਵੱਖ-ਵੱਖ ਤਕਨੀਕਾਂ ਨਾਲ ਸੁਣਾਈ ਦਿੰਦਾ ਹੈ। ਇਸ 'ਤੇ ਕੀ ਪਰੋਸਿਆ ਜਾਂਦਾ ਹੈ, ਅਲੱਗ ਵਿਸ਼ਾ ਹੈ। ਇੱਕ ਖ਼ਾਸ ਗੱਲ ਵਿਚਾਰਨਯੋਗ ਹੈ ਕਿ ਅਕਾਸ਼ਵਾਣੀ ਜਲੰਧਰ ਜਾਂ ਪੰਜਾਬੀ ਪ੍ਰਸਾਰਨ ਸੇਵਾ ਨੂੰ ਏਆਈਆਰ ਪੰਜਾਬੀ ਬੋਲਦੇ ਹਨ। ਗੀਤ ਨੂੰ ਟਰੈਕ, ਆਨੰਦ ਮਾਣੋ ਨੂੰ ਇਨਜੁਆਏ ਕਰੋ, ਗੀਤ ਤੋਂ ਬਾਅਦ ਨੂੰ ਗੀਤ ਤੋਂ ਉਸ ਪਾਰ, ਪ੍ਰੋਗਰਾਮ ਖ਼ਤਮ ਹੋ ਰਿਹਾ ਹੈ ਨੂੰ ਵਾਈਂਡਅੱਪ! ਕੀ ਅਜਿਹਾ ਕਦੀ ਬੁੱਧੀਜੀਵੀਆਂ ਨੇ ਨਿੰਦਿਆ ਹੈ ?

ਦੂਰਦਰਸ਼ਨ ਜਲੰਧਰ, ਦੂਰਦਰਸ਼ਨ ਪੰਜਾਬੀ ਟੀਵੀ ਲੋਕ ਪ੍ਰਸਾਰਣ ਸੇਵਾ ਹੈ ਪਰ ਇਸ ਚੈਨਲ ਦੇ ਨਿਰਮਾਤਾ, ਨਿਰਦੇਸ਼ਕ ਪੰਜਾਬੀ ਭਾਸ਼ਾ ਨਹੀਂ ਜਾਣਦੇ। ਉਹ ਆਪਣੀ ਬੋਲੀ ਹਿੰਦੀ ਅਤੇ ਆਪਣੇ ਪਹਿਰਾਵੇ ਨੂੰ ਡੀਡੀ ਪੰਜਾਬੀ 'ਤੇ ਪ੍ਰਫੁਲਤ ਕਰ ਰਹੇ ਹਨ। ਕੀ ਕਲਮਾਂ ਵਾਲੇ ਆਪਣੇ ਚੈਨਲਾਂ ਨੂੰ ਵੇਖਦੇ ਸੁਣਦੇ ਨਹੀਂ ਜਾਂ ਫਿਰ ਕਬੂਤਰ ਵਾਂਗ ਅੱਖਾਂ ਬੰਦ ਕਰ ਕੇ ਬੈਠੇ ਹਨ ? ਅਜਿਹੀ ਪਹੁੰਚ ਤਿਆਗੋਗੇ ਅਤੇ ਨਿੱਜੀ ਹਿੱਤਾਂ ਤੋਂ ਉੱਚੇ ਉਠੋਗੇ ਤਾਂ ਮਾਂ-ਬੋਲੀ ਨੂੰ ਅੱਧਾ ਖ਼ਤਰਾ ਤਾਂ ਆਪਣੇ ਆਪ ਹੀ ਦੂਰ ਹੋ ਜਾਏਗਾ।

ਰਾਮੇਸ਼ਵਰ ਸਿੰਘ

## ਵਿਸ਼ਵ ਪੱਧਰ 'ਤੇ ਵੀ ਪਾਬੰਦੀਆਂ ਦਾ ਹੀ ਜ਼ੋਰ

ਅਗਿਆਨ ਦਾ ਇੰਨਾ ਜ਼ੋਰ ਹੈ ਕਿ ਇਸ ਅਖੌਤੀ ਬੌਧਿਕ ਸਦੀ ਵਿਚ ਵੀ ਸਮਾਜ ਦੇ ਕਈ ਵਰਗਾਂ ਨੂੰ ਧਾਰਮਿਕ ਸਥਾਨਾਂ ਵਿਚ ਦਾਖ਼ਲ ਤਕ ਨਹੀਂ ਹੋਣ ਦਿੱਤਾ ਜਾਂਦਾ। ਹਿੰਦੂਆਂ ਵੱਲੋਂ ਗ਼ਰੀਬ ਤਬਕਿਆਂ ਦੇ ਲੋਕਾਂ ਨੂੰ ਘੋੜੀ 'ਤੇ ਚੜ੍ਹਨ ਤੋਂ ਰੋਕਿਆ ਜਾ ਰਿਹਾ ਹੈ। ਲਗਦਾ ਹੈ ਕਿ ਔਰੰਗਜ਼ੇਬ ਦੀ ਰੂਹ ਰੋਕਣ ਵਾਲਿਆਂ ਵਿਚ ਆ ਵੜੀ, ਜਿਸ ਨੇ ਹਰ ਕਿਸਮ ਦੇ ਹਿੰਦੂਆਂ 'ਤੇ ਇਸ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਸਨ ਅਤੇ ਕੋਈ ਤੋੜਨ ਦਾ ਹੌਸਲਾ ਨਹੀਂ ਸੀ ਕਰਦਾ। ਹੌਸਲਾ ਕਿਸੇ ਸਦੀ ਦਾ ਰਾਖਵਾਂ ਨਹੀਂ, ਕਿਉਂਕਿ ਮੁਗਲਾਂ ਦੇ ਸਮੇਂ ਵੀ ਗੁਰੂ ਗੋਬਿੰਦ ਸਿੰਘ ਨੇ ਬੰਦਸ਼ਾਂ ਨਹੀਂ ਸਨ ਮੰਨੀਆਂ, ਸਗੋਂ ਬਹਾਦਰੀ ਨਾਲ ਉਨ੍ਹਾਂ ਨੂੰ ਭਜਾਈ ਰੱਖਿਆ।

ਆਪਣੇ ਹੀ ਮੁਲਕ ਵਿਚ ਸਵਰਗ ਦੀ ਧਰਤੀ ਕਹੇ ਜਾਂਦੇ ਕਸ਼ਮੀਰ ਵਿੱਚੋਂ ਪੰਡਤਾਂ ਨੂੰ ਖਦੇੜਿਆ ਅਤੇ ਘਰੋਂ ਬੇਘਰ ਕਰ ਕੇ ਰੱਖ ਦਿੱਤਾ। ਫੇਰ ਉੱਥੋਂ ਹੀ ਸਿੱਖਾਂ ਨੂੰ ਉਜਾੜਿਆ। ਦੰਗਿਆਂ ਵਿੱਚ ਕਿੰਨੇ ਸਿੱਖ ਸਾੜ ਦਿੱਤੇ। ਹਰਿਆਣਾ, ਯੂਪੀ ਵਿੱਚ ਵੀ ਇਹੀ ਕੁਝ ਹੋਇਆ। ਹੁਣ ਸ਼ਿਲਾਂਗ ਵਿਚ 200 ਸਾਲਾਂ ਤੋਂ ਵਸ ਰਹੇ ਹਜ਼ਾਰਾਂ ਸਿੱਖਾਂ 'ਤੇ ਹਮਲੇ ਹੋ ਗਏ। ਉਨ੍ਹਾਂ ਨੂੰ ਅਹਿਸਾਸ ਕਰਵਾਇਆ ਜਾ ਰਿਹਾ ਕਿ ਜਿਸ ਧਰਤੀ 'ਤੇ ਉਹ ਘਰ ਬਣਾ ਕੇ ਰਹਿ ਰਹੇ ਹਨ, ਇਹ ਉਨ੍ਹਾਂ ਦੇ ਘਰ ਨਹੀਂ। ਆਪਣੇ ਹੀ ਮੁਲਕ ਵਿੱਚ, ਆਪਣੇ ਹੀ ਲੋਕਾਂ ਵੱਲੋਂ ਇਹੋ ਜਿਹਾ ਵਰਤਾਰਾ ਇੱਕਦਮ ਨਜਾਇਜ਼ ਹੈ। ਹਕੂਮਤ ਨੂੰ ਚਾਹੀਦਾ ਹੈ ਕਿ ਫੌਰੀ ਦਖ਼ਲ ਦੇ ਕੇ ਉਜਾੜੇ ਨੂੰ ਰੋਕੇ ਅਤੇ ਆਪਣੇ ਹੀ ਦੇਸ਼ ਵਾਸੀਆਂ ਨਾਲ ਧੱਕਾ ਨਾ ਹੋਣ ਦੇਵੇ।

ਵਿਸ਼ਵ ਪੱਧਰ 'ਤੇ ਵੀ ਪਾਬੰਦੀਆਂ ਦਾ ਹੀ ਜ਼ੋਰ ਹੈ, ਖੁੱਲ੍ਹਾਂ ਅਤੇ ਅਜ਼ਾਦੀਆਂ ਦਾ ਨਹੀਂ। ਹਰ ਮੁਲਕ ਦਾ ਜ਼ੋਰ ਇਸ ਗੱਲ ਉੱਤੇ ਹੈ ਕਿ ਦੂਜੇ ਦੇਸ਼ਾਂ ਦੇ ਲੋਕ ਦਾਖ਼ਲ ਨਾ ਹੋਣ ਦਿੱਤੇ ਜਾਣ, ਜਦੋਂ ਕਿ ਇੱਕੀਵੀਂ ਸਦੀ ਦੀ ਸਿਆਣਪ ਦੇ ਦੌਰ ਵਿਚ ਸਭ ਦੇਸ਼ਾਂ ਦੇ ਹਾਕਮਾਂ ਵੱਲੋਂ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਲਈ ਖੁੱਲ੍ਹਦਿਲੀ ਨਾਲ ਮੁਲਕ ਦੇ ਬੂਹੇ ਖੋਲ੍ਹ ਦਿੱਤੇ ਜਾਣ, ਤਾਂ ਕਿ ਲੋਕਾਂ ਦੀ ਤੰਗ-ਦਿਲੀਆਂ ਤੋਂ ਮੁਕਤੀ ਹੋ ਸਕੇ। ਅਮਰੀਕਾ ਦੇ ਇਕੱਲੇ ਟਰੰਪ ਨੇ ਹੀ ਪੂਰੀ ਦੁਨੀਆ ਦੇ ਹਾਕਮਾਂ ਜਿੰਨਾ ਸ਼ੋਰ ਮਚਾਇਆ ਹੋਇਆ ਹੈ ਕਿ ਦੂਜੇ ਮੁਲਕਾਂ ਦੇ ਲੋਕ ਅਮਰੀਕਾ ਨਾ ਆਉਣ।

ਚਾਹੀਦਾ ਇਹ ਹੈ ਕਿ ਰੂਸ, ਕਨੇਡਾ, ਆਸਟਰੇਲੀਆ, ਅਮਰੀਕਾ ਅਤੇ ਹੋਰ ਵੱਧ ਜ਼ਮੀਨੀ ਖੇਤਰਫਲ ਵਾਲੇ ਮੁਲਕ ਉਨ੍ਹਾਂ ਦੇਸ਼ਾਂ ਦੇ ਲੋਕਾਂ ਲਈ ਖ਼ੁਦ ਸੱਦਾ-ਪੱਤਰ ਭੇਜਣ, ਤਾਂ ਕਿ ਬਹੁ-ਵਸੋਂ ਵਾਲੇ ਲੋਕ ਸੌਖੇ ਹੋ ਸਕਣ ਅਤੇ ਘੱਟ ਵਸੋਂ ਵਾਲੇ ਦੇਸ਼ਾਂ ਦੀ ਖ਼ਾਲੀ ਅਤੇ ਵਿਹਲੀ ਪਈ ਜ਼ਮੀਨ ਮਾਨਵਤਾ ਦੇ ਕੰਮ ਆ ਸਕੇ। ਇਸ ਤਰ੍ਹਾਂ ਦੀ ਖੁੱਲ੍ਹਦਿਲੀ ਅਪਣਾਉਣ ਵਾਲੇ ਹਾਕਮਾਂ ਨੂੰ ਹੀ ਇੱਕੀਵੀਂ ਸਦੀ ਦੇ ਹਾਣ ਦਾ ਮੰਨਿਆ ਜਾ ਸਕਦਾ ਹੈ ਅਤੇ ਅੱਜ ਦੀ ਮਾਨਵਤਾ ਦੇ ਰਾਖੇ ਵੀ। ਜਿਹੜੇ ਪਾਬੰਦੀਆਂ ਅਤੇ ਤੰਗ-ਦਿਲੀਆਂ ਦੇ ਰਾਹ ਪਏ ਰਹਿਣਗੇ, ਉਨ੍ਹਾਂ ਨੂੰ ਤੇਰ੍ਹਵੀਂ-ਚੌਦਵੀਂ ਸਦੀ ਦੇ ਨਮੂਨੇ ਹੀ ਮੰਨਿਆ ਜਾਵੇਗਾ, ਅੱਜ ਦੇ ਨਹੀਂ।

ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਹਰ ਮੁਲਕ ਦੇ ਹਾਕਮ ਜਾਗਣਗੇ ਅਤੇ ਜਨਤਾ ਵੀ, ਤਾਂ ਹੀ ਅਸੀਂ ਇੱਕੀਵੀਂ ਸਦੀ ਦੇ ਵਰਤਮਾਨ ਦੇ ਸਫ਼ੇ 'ਤੇ ਵਿਚਰਦੇ ਦਿਸਾਂਗੇ। ਅਜਿਹਾ ਕੁਝ ਕਰਨ ਲਈ ਹਾਕਮਾਂ ਤੋਂ ਮੰਗ ਵੀ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਲਈ ਦੁਆ ਵੀ, ਤਾਂ ਕਿ ਵਿਸ਼ਵ ਭਰ ਵਿਚ ਇੱਕੀਵੀਂ ਸਦੀ ਦੀ ਸਿਆਣਪ ਦੇ ਹਾਣ ਦਾ ਮਾਹੌਲ ਸਿਰਜਿਆ ਜਾ ਸਕੇ। ਇਹ ਕੁਝ ਹੋਣ ਨਾਲ ਹੀ ਇੱਕੀਵੀਂ ਸਦੀ ਦੇ ਚਿਹਰੇ 'ਤੇ ਪੈਂਦੀਆਂ ਜਾ ਰਹੀਆਂ ਤਿਊੜੀਆਂ ਘਟਣਗੀਆਂ ਅਤੇ ਲਾਜ਼ਮੀ ਤੌਰ 'ਤੇ ਰੌਣਕਾਂ ਲੱਗ ਜਾਣਗੀਆਂ।

**-ਸ਼ਾਮ ਸਿੰਘ ਅੰਗ-ਸੰਗ**

## ਬੀਬੀ ਖਾਲੜਾ ਨੇ ਸਾਰੇ ਦਬਾਵਾਂ ਨੂੰ ਪਛਾੜ ਕੇ ਮਨੁੱਖੀ ਹੱਕਾਂ ਦੀ ਮੁਹਿੰਮ ਨੂੰ ਰੱਖਿਆ ਜਾਰੀ

ਬੀਬੀ ਪਰਮਜੀਤ ਕੌਰ ਖਾਲੜਾ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਪਤਨੀ ਹੈ। ਸ੍ਰੀ ਖਾਲੜਾ ਨੂੰ ਪੰਜਾਬ ਵਿਚ 1990ਵਿਆਂ ਦੌਰਾਨ ਕਥਿਤ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਨੌਜਵਾਨਾਂ ਦੇ ਹੱਕ ਵਿਚ ਆਵਾਜ਼ ਉਠਾਉਣ ਲਈ ਜਾਣਿਆ ਜਾਂਦਾ ਹੈ। ਇਹ ਦੋਸ਼ ਆਮ ਲੱਗਦੇ ਰਹੇ ਹਨ ਕਿ ਉਸ ਵੇਲੇ ਸਰਕਾਰ ਨੇ ਇਹ ਫ਼ਰਜ਼ੀ ਮੁਕਾਬਲੇ ਕਰਾਏ ਤੇ ਫਿਰ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਕਰਾਰ ਦੇ ਕੇ ਅੰਤਿਮ ਸੰਸਕਾਰ ਕਰ ਦਿੱਤਾ। ਜਸਵੰਤ ਸਿੰਘ ਖਾਲੜਾ ਨੇ ਇਸ ਮੁੱਦੇ ਨੂੰ ਉਭਾਰਿਆ।

ਕੌਮਾਂਤਰੀ ਮਨੁੱਖੀ ਅਧਿਕਾਰ ਕਾਨੂੰਨ ਵਿਚ ਜਬਰੀ ਲਾਪਤਾ ਕਰਨਾ ਇਕ ਜੁਰਮ ਹੈ ਅਤੇ ਸਮਝਿਆ ਜਾਂਦਾ ਹੈ ਕਿ ਅਜਿਹਾ ਉਦੋਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਨੂੰ ਕਿਸੇ ਸਰਕਾਰੀ ਜਾਂ ਗ਼ੈਰ ਸਰਕਾਰੀ ਜਥੇਬੰਦੀ ਵੱਲੋਂ ਚੁੱਪ-ਚੁਪੀਤੇ ਅਗਵਾ ਕਰ ਲਿਆ ਜਾਂਦਾ ਹੈ ਅਤੇ ਬਾਅਦ ਵਿਚ ਸਬੰਧਤ ਧਿਰ ਅਜਿਹੀ ਕਾਰਵਾਈ ਤੋਂ ਮੁੱਕਰ ਜਾਂਦੀ ਹੈ, ਜਿਸ ਨਾਲ ਪੀੜਤ ਵਿਅਕਤੀ ਕਾਨੂੰਨ ਦੀ ਸੁਰੱਖਿਆ ਤੋਂ ਮਹਿਰੂਮ ਰਹਿ ਜਾਂਦਾ ਹੈ। ਦੁਨੀਆ ਦੇ ਬਹੁਤ ਸਾਰੇ ਮੁਲਕਾਂ, ਜਿਥੇ ਮਨੁੱਖੀ ਹੱਕਾਂ ਦੇ ਉਲੰਘਣ ਦੀਆਂ ਘਟਨਾਵਾਂ ਵਾਪਰਦੀਆਂ ਹਨ, ਵਿਚ ਜਬਰੀ ਗੁੰਮਸ਼ੁਦਗੀਆਂ ਆਮ ਵਰਤਾਰਾ ਹੁੰਦਾ ਹੈ। ਫ਼ੌਜੀ ਤਾਨਾਸ਼ਾਹੀਆਂ ਦਾ ਸ਼ਿਕਾਰ ਰਹੇ ਲਾਤੀਨੀ ਅਮਰੀਕੀ ਮੁਲਕ ਜਿਵੇਂ ਗੁਆਟੇਮਾਲਾ, ਅਰਜਨਟੀਨਾ ਤੇ ਚਿਲੀ ਇਸ ਦੀਆਂ ਬਦਤਰੀਨ ਮਿਸਾਲਾਂ ਹਨ। ਜਬਰੀ ਗੁੰਮਸ਼ੁਦਗੀਆਂ ਖ਼ਿਲਾਫ਼ ਵਿਰੋਧ ਵੀ ਸਭ ਤੋਂ ਵੱਧ ਲਾਤੀਨੀ ਅਮਰੀਕਾ ਵਿਚ ਹੀ ਹੋਇਆ ਹੈ। ਅਰਜਨਟੀਨਾ ਇਸ ਦੀ ਉੱਘੜਵੀਂ ਮਿਸਾਲ ਹੈ, ਜਿਥੇ 1976 ਤੋਂ 1983 ਦਰਮਿਆਨ ਬਹੁਤ ਹੀ ਜਾਬਰ ਹਕੂਮਤ ਨੇ ਖ਼ੁਫ਼ੀਆ ਢੰਗ ਨਾਲ ਬਹੁਤ ਵੱਡੀ ਗਿਣਤੀ ਵਿਰੋਧੀ ਨੌਜਵਾਨਾਂ ਨੂੰ ਮਾਰ ਮੁਕਾਇਆ ਸੀ, ਜਿਸ ਨੂੰ ਡਰਟੀ ਵਾਰ (ਗੰਦੀ ਜੰਗ) ਆਖਿਆ ਜਾਂਦਾ ਹੈ। ਇਸ ਖ਼ਿਲਾਫ਼ ਲਾਪਤਾ ਨੌਜਵਾਨਾਂ ਦੀਆਂ ਮਾਵਾਂ ਦੀ ਬਹੁਤ ਹੀ ਤਾਕਤਵਰ ਜਥੇਬੰਦੀ 'ਮਦਰਜ਼ ਆਫ਼ ਦਿ ਡਿਸਅਪੀਅਰਡ' (ਗੁੰਮ ਗਿਆਂ ਦੀਆਂ ਮਾਵਾਂ) ਨੇ ਫ਼ੌਜੀ ਹਕੂਮਤ ਦਾ ਜ਼ੋਰਦਾਰ ਵਿਰੋਧ ਕੀਤਾ। ਇਸ ਨੇ ਇਕ ਹੋਰ ਜਥੇਬੰਦੀ ਗਰੈਂਡਮਦਰਜ਼ ਆਫ਼ ਦਿ ਡਿਸਅਪੀਅਰਡ (ਗੁੰਮ ਗਿਆਂ ਦੀਆਂ ਦਾਦੀਆਂ-ਨਾਨੀਆਂ) ਦੇ ਆਗ਼ਾਜ਼ ਦਾ ਮੁੱਢ ਬੰਨ੍ਹਿਆ। ਇਨ੍ਹਾਂ ਜਥੇਬੰਦੀਆਂ ਨੇ ਅਰਜਨਟੀਨਾ ਤੇ ਵਿਦੇਸ਼ਾਂ ਵਿਚ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੀਆਂ ਹੋਰਨਾਂ ਜਥੇਬੰਦੀਆਂ ਦੀ ਮਦਦ ਨਾਲ ਜਮਹੂਰੀ ਤਾਕਤਾਂ ਦੀ ਮਜ਼ਬੂਤੀ 'ਚ ਯੋਗਦਾਨ ਪਾਇਆ ਅਤੇ ਇਨ੍ਹਾਂ ਨੂੰ ਅਮਰੀਕੀ ਰਾਸ਼ਟਰਪਤੀ ਜਿੰਮੀ ਕਾਰਟਰ ਤਕ ਦੀ ਹਮਾਇਤ ਹਾਸਲ ਹੋਈ। ਆਖ਼ਰ ਇਸ ਵਿਰੋਧ ਨੇ ਫ਼ੌਜੀ ਹਕੂਮਤ ਨੂੰ ਢਹਿਢੇਰੀ ਕਰਨ ਵਿਚ ਅਹਿਮ ਯੋਗਦਾਨ ਪਾਇਆ ਅਤੇ 1983 ਵਿਚ ਅਰਜਨਟੀਨਾ ਦੇ ਰਾਸ਼ਟਰਪਤੀ ਦੀ ਚੋਣ ਵਿਚ ਡੈਮੋਕਰੈਟ ਆਗੂ ਤੇ ਵਕੀਲ ਰਾਊਲ ਅਲਫੋਨਸਿਨ ਜੇਤੂ ਰਿਹਾ। ਦੇਸ਼ ਭਰ ਵਿਚ ਉਠ ਰਹੀ ਜ਼ੋਰਦਾਰ ਮੰਗ ਨੂੰ ਮੰਨਦਿਆਂ ਅਲਫੋਨਸਿਨ ਨੇ ਲਾਪਤਾ ਲੋਕਾਂ ਸਬੰਧੀ ਡੂੰਘੀ ਜਾਂਚ ਲਈ ਲਾਪਤਾ ਕੌਮੀ ਕਮਿਸ਼ਨ ਕਾਇਮ ਕੀਤਾ।

ਪੰਜਾਬ ਦੇ ਜਸਵੰਤ ਸਿੰਘ ਖਾਲੜਾ ਨੂੰ ਇਸ ਮੁਹਿੰਮ ਵਿਚ ਅਰਜਨਟੀਨੀਆਂ ਜਿੰਨੀ ਸਫਲਤਾ ਨਾ ਮਿਲੀ। ਉਸ ਨੂੰ 6 ਸਤੰਬਰ, 1995 ਨੂੰ ਘਰੋਂ ਚੁੱਕ ਲਿਆ ਗਿਆ ਤੇ ਫਿਰ ਉਹ ਖ਼ੁਦ ਹੀ ਲਾਪਤਾ ਵਿਅਕਤੀ ਬਣ ਗਿਆ। ਅਜਿਹੀ ਅਨਹੋਣੀ ਦੁਨੀਆ ਦੇ ਹੋਰ ਵੀ ਅਨੇਕਾਂ ਅਜਿਹੇ ਸਮਾਜਿਕ ਕਾਰਕੁਨਾਂ ਨਾਲ ਵਾਪਰੀ ਹੈ। ਬਾਅਦ ਵਿਚ ਸੀਬੀਆਈ ਦੀ ਜਾਂਚ ਵਿਚ ਸਾਹਮਣੇ ਆਏ ਸਬੂਤਾਂ ਤੋਂ ਪਤਾ ਲੱਗਾ ਕਿ ਉਸ 'ਤੇ ਅੰਨ੍ਹਾਂ ਤਸ਼ੱਦਦ ਢਾਹਿਆ ਗਿਆ ਤੇ ਫਿਰ 28 ਅਕਤੂਬਰ, 1995 ਨੂੰ ਹਲਾਕ ਕਰ ਕੇ ਹਰੀਕੇ ਨਹਿਰ ਵਿਚ ਸੁੱਟ ਦਿੱਤਾ ਗਿਆ।

ਬੀਬੀ ਖਾਲੜਾ ਨੇ ਉਸ ਮੁਹਿੰਮ, ਜਿਸ ਲਈ ਉਸ ਦੇ ਪਤੀ ਨੇ ਜਾਨ ਗੁਆ ਦਿੱਤੀ, ਨੂੰ ਜਾਰੀ ਰੱਖ ਕੇ ਲਾਸਾਨੀ ਹੌਸਲੇ ਦਾ ਮੁਜ਼ਾਹਰਾ ਕੀਤਾ ਹੈ। ਉਸ ਨੇ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ, ਜਿਹੜੀ ਖਾਲੜਾ ਦੀ ਮੌਤ ਤੋਂ ਕੁਝ ਚਿਰ ਬਾਅਦ ਕਾਇਮ ਕੀਤੀ ਗਈ, ਰਾਹੀਂ ਇਨਸਾਫ਼ ਲਈ ਲੰਬੀ ਅਣਥੱਕ ਲੜਾਈ ਲੜੀ ਅਤੇ ਇਸ ਵਿਚ ਉਦੋਂ ਅੰਸ਼ਕ ਸਫਲਤਾ ਹਾਸਲ ਕੀਤੀ ਜਦੋਂ ਉਸ ਦੇ ਪਤੀ ਦੇ ਅਗਵਾ ਤੇ ਕਤਲ ਲਈ 2005 ਵਿਚ ਪੁਲੀਸ ਦੇ ਛੇ ਅਫ਼ਸਰਾਂ ਨੂੰ ਦੋਸ਼ੀ ਕਰਾਰ ਦੇ ਕੇ ਸੱਤ-ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਬਾਅਦ ਵਿਚ 2007 'ਚ ਇਨ੍ਹਾਂ 'ਚੋਂ ਚਾਰ ਦੀ ਸਜ਼ਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵਧਾ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਅਤੇ ਇਸ ਨੂੰ ਸੁਪਰੀਮ ਕੋਰਟ ਨੇ ਵੀ ਬਹਾਲ ਰੱਖਿਆ।

ਜਿਨ੍ਹਾਂ ਹਾਲਾਤ ਵਿਚ ਤੇ ਜਿਸ ਤਰ੍ਹਾਂ ਜਸਵੰਤ ਸਿੰਘ ਖਾਲੜਾ ਦਾ ਕਤਲ ਕੀਤਾ ਗਿਆ, ਉਸ ਨਾਲ ਬੀਬੀ ਪਰਮਜੀਤ ਕੌਰ ਖਾਲੜਾ ਡਿਪਰੈਸ਼ਨ ਦਾ ਸ਼ਿਕਾਰ ਹੋ ਸਕਦੀ ਸੀ ਅਤੇ ਖ਼ੁਦ ਨੂੰ ਨੁਕਸਾਨ ਪਹੁੰਚਾ ਸਕਦੀ ਸੀ ਪਰ ਜਾਪਦਾ ਹੈ ਕਿ ਬੀਬੀ ਖਾਲੜਾ ਨੇ ਆਪਣੇ ਪਤੀ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਦੇ ਵਡੇਰੇ ਕਾਰਜ ਲਈ ਕੀਤੀ ਗਈ ਕੁਰਬਾਨੀ ਤੋਂ ਹੀ ਪ੍ਰੇਰਨਾ ਲਈ। ਪੰਜਾਬ ਵਰਗੇ ਇਕ ਮਰਦ ਪ੍ਰਧਾਨ ਸਮਾਜ ਵਿਚ ਕਿਸੇ ਵਿਧਵਾ ਲਈ ਖ਼ਾਸਕਰ ਜਨਤਕ ਖੇਤਰ ਵਿਚ ਕੰਮ ਕਰਨਾ ਆਸਾਨ ਨਹੀਂ ਹੁੰਦਾ ਪਰ ਬੀਬੀ ਖਾਲੜਾ ਨੇ ਉਨ੍ਹਾਂ ਸਾਰੇ ਦਬਾਵਾਂ ਨੂੰ ਪਛਾੜ ਕੇ ਮਨੁੱਖੀ ਹੱਕਾਂ ਦੀ ਮੁਹਿੰਮ ਨੂੰ ਜਾਰੀ ਰੱਖਿਆ ਹੈ। ਜੇ ਬੀਬੀ ਖਾਲੜਾ ਚੋਣ ਹਾਰ ਜਾਂਦੀ ਹੈ, ਤਾਂ ਇਹੋ ਸਿੱਟਾ ਨਿਕਲੇਗਾ ਕਿ ਪੰਜਾਬੀ ਸਮਾਜ ਵਿਚ ਉਨ੍ਹਾਂ ਦੀ ਹੀ ਤੂਤੀ ਬੋਲਦੀ ਹੈ, ਜਿਨ੍ਹਾਂ ਕੋਲ ਦੌਲਤ ਅਤੇ ਜਥੇਬੰਦਕ ਤਾਕਤ ਹੈ, ਭਾਵੇਂ ਇਖ਼ਲਾਕੀ ਤੌਰ 'ਤੇ ਉਹ ਕਿੰਨੇ ਵੀ ਊਣੇ ਕਿਉਂ ਨਾ ਹੋਣ। ਉਹ ਅਜਿਹੇ ਲੋਕਾਂ ਨੂੰ ਪਛਾੜ ਸਕਦੇ ਹਨ, ਜਿਹੜੇ ਘੱਟ ਸਾਧਨ ਸੰਪੰਨ ਹਨ, ਭਾਵੇਂ ਉਹ ਇਖ਼ਲਾਕ ਪੱਖੋਂ ਕਿਤੇ ਉਚੇਰੇ ਦਰਜੇ ਉਤੇ ਹੋਣ। ਹਾਂ, ਜੇ ਉਹ ਜਿੱਤਦੀ ਹੈ, ਤਾਂ ਇਸ ਨਾਲ ਪੰਜਾਬੀ ਸਮਾਜ ਵਿਚ ਜਮਹੂਰੀ ਤੇ ਇਖ਼ਲਾਕੀ ਕਦਰਾਂ-ਕੀਮਤਾਂ ਦੀ ਉਚਿਆਈ ਦਾ ਪ੍ਰਗਟਾਵਾ ਹੋਵੇਗਾ। ਉਸ ਦੀ ਜਿੱਤ ਨਾਲ ਮਨੁੱਖੀ ਹੱਕਾਂ ਨਾਲ ਜੁੜਿਆ ਕੌਮਾਂਤਰੀ ਭਾਈਚਾਰਾ ਤੇ ਸੰਸਥਾਵਾਂ ਜਿਵੇਂ ਇੰਟਰਨੈਸ਼ਨਲ ਕੁਲੀਸ਼ਨ ਅਗੇਂਸਟ ਐਨਫ਼ੋਰਸਡ ਡਿਸਅਪੀਅਰੈਂਸਿਜ਼ (ਜਬਰੀ ਗੁੰਮਸ਼ੁਦਗੀਆਂ ਖ਼ਿਲਾਫ਼ ਕੌਮਾਂਤਰੀ ਕੁਲੀਸ਼ਨ) ਆਦਿ ਆਪਣੇ ਆਪ ਵਿਚ ਬਹੁਤ ਹੀ ਮਜ਼ਬੂਤ ਮਹਿਸੂਸ ਕਰਨਗੇ- ਇਖ਼ਲਾਕੀ ਤੌਰ 'ਤੇ ਵੀ ਅਤੇ ਸੰਸਥਾਗਤ ਤੌਰ 'ਤੇ ਵੀ।

**-ਪ੍ਰੋ. ਪ੍ਰੀਤਮ ਸਿੰਘ**

## ਏ ਬੀ ਸੀ ਤੋਂ ਪਹਿਲਾਂ ੳ ਅ ਸਿੱਖੀਏ ਅਤੇ ਸਿਖਾਈਏ

ਜੇ ਅਸੀਂ ਪੰਜਾਬੀ ਬੋਲਣ ਨੂੰ ਪੇਂਡੂਪੁਣੇ ਤੇ ਪੱਛੜੇਪਣ ਦਾ ਸੂਚਕ ਮੰਨਦੇ ਹਾਂ ਤਾਂ ਫਿਰ ਉਹ ਸਾਰੇ ਮੁਲਕ ਹੀ ਪੇਂਡੂ ਤੇ ਪੱਛੜੇ ਹੋਏ ਹਨ ਜੋ ਆਪਣੀ ਮਾਤ-ਭਾਸ਼ਾ ਬੋਲਦੇ ਹਨ। ਆਪਣੀ ਮਾਂ ਬੋਲੀ ਲਈ ਸਤਿਕਾਰ ਦੀ ਭਾਵਨਾ ਨਾ ਹੋਣਾ, ਉਸ ਮਾੜੀ ਸੋਚ ਦੀ ਨਿਸ਼ਾਨੀ ਹੈ ਜੋ ਸਾਡੇ ਮਨਾਂ ਵਿਚ ਪਨਪ ਰਹੀ ਹੈ।

ਖ਼ੁਸ਼ੀ ਅਤੇ ਗਮੀ ਮੌਕੇ ਦਿੱਤੇ ਜਾਣ ਵਾਲੇ ਸੱਦਾ ਪੱਤਰ ਵੀ ਅਸੀਂ ਅੰਗਰੇਜ਼ੀ ਵਿਚ ਇਉਂ ਛਪਵਾਉਂਦੇ ਹਾਂ ਜਿਵੇਂ ਅੰਗਰੇਜ਼ਾਂ ਨੂੰ ਦੇਣੇ ਹੋਣ, ਪੰਜਾਬੀ ਵਿਚ ਛਪਵਾਉਣ ਤੋਂ ਅਸੀਂ ਸ਼ਰਮ ਮੰਨਦੇ ਹਾਂ। ਘਰਾਂ ਅੱਗੇ ਟੰਗੀਆਂ ਨਾਮ ਦੀਆਂ ਤਖਤੀਆਂ, ਦੁਕਾਨਾਂ ਅਤੇ ਹੋਰ ਅਦਾਰਿਆਂ ਅੱਗੇ ਲਿਖੇ ਨਾਮ, ਸਭ ਤੋਂ ਵੱਧ ਅੰਗਰੇਜ਼ੀ ਵਿਚ ਹੀ ਲਿਖੇ ਹੁੰਦੇ ਹਨ। ਦਸਤਖਤ ਕਰਨ ਵੇਲੇ ਵੀ ਅਸੀਂ ਪਹਿਲ ਅੰਗਰੇਜ਼ੀ ਨੂੰ ਦੇ ਕੇ ਮਾਂ ਬੋਲੀ ਨੂੰ ਓਪਰੇਪਣ ਦਾ ਅਹਿਸਾਸ ਕਰਵਾਉਣ ਵਿਚ ਕੋਈ ਕਮੀ ਨਹੀਂ ਛੱਡਣਾ ਚਾਹੁੰਦੇ। ਹੁਣ ਤਾਂ ਪੰਜਾਬੀ ਗੀਤਕਾਰੀ ਵੀ ਅੰਗਰੇਜ਼ੀ ਦੇ ਪ੍ਰਭਾਵ ਤੋਂ ਬਚ ਨਹੀਂ ਸਕੀ। ਗੀਤਕਾਰੀ ਸੌਂਗਕਾਰੀ ਵਿਚ ਤਬਦੀਲ ਹੋ ਗਈ ਹੈ। ਗੀਤਾਂ ਦੀਆਂ ਤੁਕਾਂ ਵਿਚ ਅੰਗਰੇਜ਼ੀ ਘਸੋੜ ਕੇ ਅਸੀਂ ਪੰਜਾਬੀ ਗੀਤ ਤਿਆਰ ਕਰ ਰਹੇ ਹਾਂ, ਜਿਵੇਂ ਪੰਜਾਬੀ ਦੀ ਸ਼ਬਦਾਵਲੀ ਹੀ ਮੁੱਕ ਗਈ ਹੋਵੇ।

ਪਤਾ ਨਹੀਂ ਕਿਉਂ, ਅਸੀਂ ਇਸ ਗਲਤਫਹਿਮੀ ਵਿਚ ਹਾਂ ਕਿ ਅੰਗਰੇਜ਼ੀ ਸਿੱਖੇ ਬਿਨਾ ਸਾਡਾ ਗੁਜ਼ਾਰਾ ਨਹੀਂ। ਕੋਈ ਜਿੰਨੀਆਂ ਮਰਜ਼ੀ ਭਾਸ਼ਾਵਾਂ ਸਿੱਖੇ ਪਰ ਕਿਸੇ ਹੋਰ ਭਾਸ਼ਾ ਨੂੰ ਇੰਨੀ ਪ੍ਰਮੁੱਖਤਾ ਨਾ ਦਿਓ ਕਿ ਤੁਹਾਡੀ ਆਪਣੀ ਮਾਂ ਬੋਲੀ ਹੀ ਰੁਲ ਜਾਵੇ। ਬੱਚੇ ਦੇ ਵਿਕਾਸ ਲਈ ਜਿਵੇਂ ਮਾਂ ਜ਼ਰੂਰੀ ਹੈ, ਉਵੇਂ ਹੀ ਮਾਂ ਬੋਲੀ ਦਾ ਸਾਥ ਵੀ ਜ਼ਰੂਰੀ ਹੈ। ਕਿਉਂ ਅਸੀਂ ਆਪਣੇ ਬੱਚਿਆਂ ਨੂੰ ਇਸ ਪਿਆਰੇ ਸਾਥ ਤੋਂ ਵਾਂਝੇ ਰੱਖ ਰਹੇ ਹਾਂ। ਸਾਡੀ ਮਾਂ ਬੋਲੀ ਨਾ ਕਿਸੇ ਬੋਲੀ ਤੋਂ ਕਿਸੇ ਗੱਲੋਂ ਘੱਟ ਹੈ ਤੇ ਨਾ ਹੀ ਪੱਛੜੀ ਹੋਈ ਹੈ। ਸਾਡੀ ਮਾਣਮੱਤੀ ਪੰਜਾਬੀ ਬਾਬਾ ਫਰੀਦ ਅਤੇ ਬਾਬੇ ਨਾਨਕ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੀ ਵਰੋਸਾਈ ਹੈ। ਇਹ ਵਾਰਿਸ ਸ਼ਾਹ ਤੇ ਬੁੱਲੇ ਸ਼ਾਹ ਦੀ ਬੋਲੀ ਹੈ। ਬਹੁਤ ਅਮੀਰ ਹੈ। ਕੋਹਿਨੂਰ ਵਰਗੀ ਬੋਲੀ ਨੂੰ ਅਸੀਂ ਕੌਡੀਆਂ ਦੇ ਭਾਅ ਰੋਲ ਰਹੇ ਹਾਂ। ਮਾਂ ਬੋਲੀ ਜੜ੍ਹ ਵਾਂਗ ਹੁੰਦੀ ਹੈ। ਮਾਂ ਬੋਲੀ ਤੋਂ ਟੁੱਟਿਆ ਮਨੁੱਖ ਜੜ੍ਹਹੀਣ ਦਰੱਖਤ ਵਰਗਾ ਹੋ ਜਾਂਦਾ ਹੈ। ਆਓ ਪੰਜਾਬੀ ਬੋਲਣ ਵਿਚ ਫਖਰ ਮਹਿਸੂਸ ਕਰੀਏ। ਏ ਬੀ ਸੀ ਤੋਂ ਪਹਿਲਾਂ ੳ ਅ ਸਿੱਖੀਏ ਅਤੇ ਸਿਖਾਈਏ।

**-ਸਿਮਰਜੀਤ ਗਰੇਵਾਲ**

# ਅਜੋਕੇ ਇਤਿਹਾਸਕਾਰਾਂ ਦੇ ਕੌਤਕ

## ਸਰਹਿੰਦ ਫ਼ਤਿਹ

**ਸਰਵਜੀਤ ਸਿੰਘ ਸੈਕਰਾਮੈਂਟੋ**



ਡਾ. ਸੁਖਦਿਆਲ ਸਿੰਘ ਵੱਲੋਂ 11 ਮਈ ਦਿਨ ਸ਼ਨਿਚਰਵਾਰ ਨੂੰ ਪਾਈ ਗਈ ਪੋਸਟ ਸਰਹਿੰਦ ਫ਼ਤਿਹ ਪੜ੍ਹ ਰਿਹਾ ਸੀ, ਜਿਸ ਵਿਚ ਚੱਪੜ ਚਿੜੀ ਦੀ ਲੜਾਈ 12 ਮਈ 1710 ਈ: ਨੂੰ ਹੋਈ, ਲਿਖਿਆ ਹੋਇਆ ਸੀ। ਇਸੇ ਦੌਰਾਨ ਹੀ ਕੁਲਜੀਤ ਸਿੰਘ ਖੋਸਾ ਨਾਮ ਦੇ ਇਕ ਸੱਜਣ ਨੇ ਇਹ ਟਿੱਪਣੀ ਕਰ ਦਿੱਤੀ, ਕਿਸਰ ਜੀ ਤੁਸੀਂ ਆਪਣੀਆਂ ਕਿਤਾਬਾਂ 'ਚੱਪੜ ਚਿੜੀ ਦੀ ਲੜਾਈ' ਅਤੇ 'ਬਾਬਾ ਬੰਦਾ ਸਿੰਘ ਬਹਾਦਰ ਇਕ ਇਤਿਹਾਸਿਕ ਅਧਿਐਨ' ਵਿਚ ਚੱਪੜ ਚਿੜੀ ਦੀ ਲੜਾਈ ਦੀ ਮਿਤੀ 22 ਮਈ 1710 ਲਿਖਿਆ ਹੈ ... ਹੁਣ 12 ਮਈ 1710 ਕਿਵੇਂ ਹੋ ਗਈ? ਤੁਸੀਂ ਤਾਂ ਹੋਰ ਇਤਿਹਾਸਕਾਰਾਂ ਵੱਲੋਂ ਚੱਪੜ ਚਿੜੀ ਦੀ ਲੜਾਈ ਦੀ ਦਿੱਤੀ ਗਈ ਮਿਤੀ 12 ਮਈ ਨੂੰ ਹਵਾਲੇ ਦੇ ਕੇ ਰੱਦ ਕੀਤਾ ਸੀ .. ! ਹੁਣ ਖ਼ੁਦ 12 ਮਈ ਲਿਖ ਰਹੇ ਹੋ ... ਕਿਰਪਾ ਕਰਕੇ ਚਾਨਣਾ ਜ਼ਰੂਰ ਪਾਇਓ ਇਸ 'ਤੇ। ਇਹ ਸਵਾਲ ਪੜ੍ਹ ਕੇ ਮੈਂ ਵੀ ਸੋਚੀਂ ਪੈ ਗਿਆ ਕਿ ਡਾ. ਸੁਖਦਿਆਲ ਸਿੰਘ, ਇਕੋ ਇਤਿਹਾਸਕ ਘਟਨਾ ਦੀਆਂ ਦੋ ਤਾਰੀਖ਼ਾਂ ਕਿਵੇਂ ਲਿਖ ਸਕਦਾ ਹੈ? ਪਹਿਲੀ ਨਜ਼ਰੇ ਤਾਂ ਮੇਰਾ ਧਿਆਨ ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦੀਆਂ ਤਾਰੀਖ਼ਾਂ ਵੱਲ ਗਿਆ। ਪਰ ਡਾ. ਸੁਖਦਿਆਲ ਸਿੰਘ ਦਾ ਪੱਖ ਜਾਨਣ ਲਈ ਮੈਂ ਵੀ ਕੁਲਜੀਤ ਸਿੰਘ ਦੇ ਸਵਾਲ ਦੇ ਜਵਾਬ ਦੀ ਉਡੀਕ ਰਹੇਗੀ, ਦੀ ਟਿੱਪਣੀ ਕਰ ਦਿੱਤੀ। ਕੁਝ ਸਮੇਂ ਪਿਛੋਂ ਜਦੋਂ ਮੈਂ ਸਵਾਲ ਦਾ ਜਵਾਬ ਜਾਨਣ ਲਈ ਫੇਸਬੁੱਕ ਵੇਖੀ ਤਾਂ ਮੈਨੂੰ ਬੜੀ ਹੈਰਾਨੀ ਹੋਈ ਕਿ, ਉਹ ਪੋਸਟ ਤਾਂ ਮੈਨੂੰ ਵਿਖਾਈ ਹੀ ਨਹੀਂ ਦਿੱਤੀ। ਇਸ ਦਾ ਭਾਵ ਇਹ ਸੀ ਕਿ ਡਾ. ਸੁਖਦਿਆਲ ਸਿੰਘ ਨੇ ਮੇਰੇ 'ਤੇ ਪਾਬੰਦੀ ਲਾ ਦਿੱਤੀ ਤਾਂ ਜੋ ਮੈਂ ਉਨ੍ਹਾਂ ਦੀਆਂ ਪੋਸਟਾਂ ਨੂੰ ਵੇਖ/ਪੜ੍ਹ ਹੀ ਨਾ ਸਕਾਂ। ਇਸ ਸਬੰਧੀ ਮੈਂ ਦੋ-ਤਿੰਨ ਸੱਜਣਾਂ ਨੂੰ ਸੂਚਿਤ ਕੀਤਾ ਅਤੇ ਬੇਨਤੀ ਕੀਤੀ ਕਿ ਜਦੋਂ ਡਾ. ਸੁਖਦਿਆਲ ਦਾ ਜਵਾਬ ਆਵੇ ਤਾਂ ਮੈਨੂੰ ਜ਼ਰੂਰ ਭੇਜਣਾ। ਮੇਰੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਕ ਸੱਜਣ ਨੇ ਹੇਠ ਲਿਖੀ ਜਾਣਕਾਰੀ ਭੇਜੀ ਹੈ।

"ਕੁਲਜੀਤ ਸਿੰਘ ਖੋਸਾ ਜੀ, 22 ਮਈ ਵਿਲੀਅਮ ਇਰਵਿਨ ਦੀ ਕੱਢੀ ਹੋਈ ਮਿਤੀ ਸੀ। ਪਹਿਲਾਂ ਪਹਿਲਾਂ ਡਾ. ਗੰਡਾ ਸਿੰਘ ਨੇ ਵੀ ਇਹੋ ਮਿਤੀ ਮੰਨੀ ਸੀ ਤੇ ਡਾ. ਕਿਰਪਾਲ ਸਿੰਘ ਜੀ ਵੀ ਮੰਨਦੇ ਸਨ ਪਰ ਫਿਰ ਨਵੀਆਂ ਲਿਖਤਾਂ ਵਿਚ ਉਕਤ ਦੋਵੇਂ ਹੀ 12 ਮਈ ਲਿਖਣ ਲੱਗ ਪਏ। ਅਖਬਾਰਾਂ ਵਿਚ ਵੀ ਇਹੋ 12 ਮਈ ਮੰਨੀ ਜਾਣ ਲੱਗ ਪਈ। ਐਵੇਂ ਖਾਹਮਖਾਹ ਦਾ ਵਿਵਾਦ ਨਾ ਛਿੜੇ, ਇਸ ਕਰ ਕੇ ਨਾ ਤਾਂ ਇਸ ਮਿਤੀ ਦਾ ਕੋਈ ਵਿਵਾਦ ਹੀ ਛੇੜਿਆ ਅਤੇ ਨਾ ਹੀ ਇਸ ਬਾਰੇ ਕੁਝ ਲਿਖਿਆ। ਵੈਸੇ ਅਸਲ ਮਿਤੀ 24 ਰਬਿਉਲ ਅਵਲ ਹੈ । ਅਖਬਾਰ ਏ ਦਰਬਾਰ ਏ mualla ਵਿੱਚ ਵੀ 22 ਮਈ ਹੀ ਹੈ।"

ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ, ਲਗਭਗ ਦੋ ਦਰਜਨ ਕਿਤਾਬਾਂ ਦੇ ਲੇਖਕ ਡਾ. ਸੁਖਦਿਆਲ ਸਿੰਘ ਦਾ, ਸਿੱਖ ਇਤਿਹਾਸ ਦੀ ਬਹੁਤ ਹੀ ਅਹਿਮ ਘਟਨਾ, ਚੱਪੜ ਚਿੜੀ ਦੀ ਲੜਾਈ ਦੀ ਤਾਰੀਖ਼ ਬਾਰੇ ਅਜਿਹਾ ਜਵਾਬ ਪੜ੍ਹ ਕੇ ਹੈਰਾਨੀ ਹੋਈ ਕਿ ਇਕ ਜਿੰਮੇਵਾਰ ਅਧਿਆਪਕ, ਇਸ ਤਰ੍ਹਾਂ ਦਾ ਹਾਸੋਹੀਣਾ ਜਵਾਬ ਕਿਵੇਂ ਦੇ ਸਕਦਾ ਹੈ? ਸਹੀ ਤਾਰੀਖ ਦੀ ਜਾਣਕਾਰੀ ਹਾਸਲ ਕਰਨ ਲਈ ਆਪਣੇ ਸੀਮਤ ਸਾਧਨਾਂ ਆਸਰੇ ਹੀ ਯਤਨ ਆਰੰਭ ਦਿੱਤਾ। ਪਹਿਲਾਂ ਤਾਂ ਡਾ. ਸੁਖਦਿਆਲ ਸਿੰਘ ਦੀਆਂ ਕਿਤਾਬਾਂ ਜੋ ਮੇਰੇ ਨਿੱਜੀ ਪੁਸਤਕਾਲਿਆ ਵਿਚ ਮੌਜੂਦ ਸਨ, ਉਨ੍ਹਾਂ 'ਤੇ ਪੰਛੀ ਝਾਤ ਮਾਰੀ ਅਤੇ ਇਕ ਕਿਤਾਬ, ਚੱਪੜ ਚਿੜੀ ਦੀ ਲੜਾਈ ਅਤੇ ਖਾਲਸਾ ਰਾਜ ਜੋ ਮੇਰੇ ਪਾਸ ਨਹੀਂ ਸੀ, ਦੀ ਪ੍ਰਾਪਤੀ ਲਈ ਕਈ ਪਾਸੇ ਸੁਨੇਹੇ ਭੇਜੇ। ਆਖਰ ਨਿਊਯਾਰਕ ਨਿਵਾਸੀ ਕੁਲਦੀਪ ਸਿੰਘ ਤੋਂ ਇਹ ਕਿਤਾਬ ਵੀ ਮਿਲ ਗਈ।



ਆਓ ਵੇਖੀਏ ਡਾ ਸੁਖਦਿਆਲ ਸਿੰਘ ਆਪਣੀਆਂ ਕਿਤਾਬਾਂ ਵਿਚ ਕੀ ਲਿਖਦਾ ਹੈ; "ਚੱਪੜ ਚਿੜੀ ਦੀ ਲੜਾਈ ਸਿੰਘਾਂ ਅਤੇ ਮੁਗਲ ਹਕੂਮਤ ਵਿਚਕਾਰ 12 ਮਈ, 1710 ਈ: ਨੂੰ ਲੜੀ ਗਈ ਸੀ। ਸਿੰਘ ਦਲਾਂ ਦਾ ਨੇਤਾ ਬੰਦਾ ਸਿੰਘ ਬਹਾਦੁਰ ਸੀ ਅਤੇ ਮੁਗਲ ਫੌਜ ਦਾ ਨੇਤਾ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਸੀ। (ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ, 2003 ਈ: ਪੰਨਾ 42)।"

"ਚੱਪੜ-ਚਿੜੀ ਦੀ ਲੜਾਈ 22 ਮਈ, 1710 ਨੂੰ ਲੜੀ ਗਈ ਸੀ ਸਿੱਖ ਇਤਿਹਾਸ ਵਿਚ ਇਸ ਲੜਾਈ ਦਾ ਬੜਾ ਹੀ ਮਹੱਤਵ ਹੈ।...12 ਮਈ, 1710 ਨੂੰ ਜੋ ਰਿਪੋਰਟ ਬਾਦਸ਼ਾਹ ਨੂੰ ਪੇਸ਼ ਕੀਤੀ ਗਈ ਸੀ ਉਸ ਵਿਚ ਦੱਸਿਆ ਗਿਆ ਸੀ ਕਿ ਸਰਹਿੰਦ ਅਤੇ ਲਾਹੌਰ ਦੇ ਨੇੜਲੇ ਖੇਤਰਾਂ ਵਿਚ ਇਕ ਬੰਦੇ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਐਲਾਨ ਕਰ ਦਿੱਤਾ ਹੈ ਅਤੇ ਆਪਣੇ ਬੰਦੇ ਮਾਰੇ ਜਾ ਰਹੇ ਹਨ। (ਚੱਪੜ ਚਿੜੀ ਦੀ ਲੜਾਈ ਅਤੇ ਖਾਲਸਾ ਰਾਜ, 2010 ਈ:, ਪੰਨਾ 38)।"

"ਜਿਨ੍ਹਾਂ ਪਰਗਨ੍ਹਿਆਂ ਦੇ ਮੁਖੀ ਚੱਪੜ ਚਿੜੀ ਦੀ ਲੜਾਈ ਵਿਚ ਹਾਜ਼ਰ ਸਨ, ਉਨ੍ਹਾਂ ਦੀ ਕਿਸਮਤ ਦਾ ਫੈਸਲਾ ਤਾਂ 22 ਮਈ ਨੂੰ ਹੀ ਹੋ ਗਿਆ ਸੀ, ਜਿਨ੍ਹਾਂ ਪਰਗਨ੍ਹਿਆਂ ਦੇ ਮੁਖੀ ਇਸ ਲੜਾਈ ਵਿਚ ਸ਼ਾਮਿਲ ਨਹੀਂ ਸਨ, ਉਨ੍ਹਾਂ ਵਿਚੋਂ ਕਈ ਤਾਂ ਲੜਾਈ ਦੇ ਬਾਅਦ ਬੰਦਾ ਸਿੰਘ ਬਹਾਦਰ ਸਾਹਮਣੇ ਸਮਰਪਣ ਕਰਨ ਲਈ ਆ ਗਏ ਸਨ ਅਤੇ ਕਈਆਂ ਨੂੰ ਬਾਅਦ ਵਿਚ ਸੋਧ ਦਿੱਤਾ ਗਿਆ ਸੀ। (ਸ਼੍ਰੋਮਣੀ ਸਿੱਖ ਇਤਿਹਾਸ ਭਾਗ ਦੂਜਾ, 2010 ਈ:, ਪੰਨਾ 27)।"

"ਚੱਪੜ-ਚਿੜੀ ਦੀ ਲੜਾਈ 22 ਮਈ, 1701 ਨੂੰ ਲੜੀ ਗਈ ਸੀ। ਸਿੱਖ ਇਤਿਹਾਸ ਵਿਚ ਇਸ ਲੜਾਈ ਦਾ ਬੜਾ ਹੀ ਮਹੱਤਵ ਹੈ। ਇਸ ਵਿਚ ਚੱਪੜ ਚਿੜੀ ਦੇ ਅਸਥਾਨ ਤੇ ਸਰਹਿੰਦ ਪਰਾਂਤ ਦੀਆਂ ਮੁਗਲ ਫੌਜਾਂ ਨੂੰ ਲੱਕ-ਤੋੜਵੀਂ ਹਾਰ ਦਿੱਤੀ ਗਈ ਸੀ।... 12 ਮਈ, 1710 ਨੂੰ ਜੋ ਰਿਪੋਰਟ ਬਾਦਸ਼ਾਹ ਨੂੰ ਪੇਸ਼ ਕੀਤੀ ਗਈ ਸੀ ਉਸ ਵਿਚ ਦੱਸਿਆ ਗਿਆ ਸੀ ਕਿ ਸਰਹਿੰਦ ਅਤੇ ਲਾਹੌਰ ਦੇ ਨੇੜਲੇ ਖੇਤਰਾਂ ਵਿਚ ਇਕ ਬੰਦੇ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਐਲਾਨ ਕਰ ਦਿੱਤਾ ਹੈ ਅਤੇ ਆਪਣੇ ਆਲੇ ਦੁਆਲੇ ਬਹੁਤ ਵੱਡੀ ਗਿਣਤੀ ਵਿਚ ਬੰਦੇ ਇਕੱਠੇ ਕਰ ਲਏ ਹਨ। (ਬੰਦਾ ਸਿੰਘ ਬਹਾਦਰ ਇਤਿਹਾਸਕ ਅਧਿਐਨ, 2010 ਈ:, ਪੰਨਾ 113)।"

"12 ਮਈ, 1710 ਈ. ਨੂੰ ਖ਼ਾਲਸੇ ਨੇ ਮੁਗਲ ਸਾਮਰਾਜ ਦੇ ਬੜੇ ਹੀ ਅਹਿਮ ਪਰਾਂਤ ਨੂੰ ਫ਼ਤਿਹ ਕਰ ਲਿਆ ਸੀ, ਇਹ ਸਰਹਿੰਦ ਦਾ ਪਰਾਂਤ ਸੀ। ਵਜ਼ੀਰ ਖਾਨ ਇਸ ਦਾ ਸੂਬੇਦਾਰ ਸੀ, ਸਤਲੁਜ ਤੋਂ ਲੈ ਕੇ ਜਮੁਨਾ ਦਰਿਆ ਤੱਕ ਦਾ ਸਾਰਾ ਖੇਤਰ ਇਸ ਪਰਾਂਤ ਵਿਚ ਸ਼ਾਮਿਲ ਸੀ।... ਚੱਪੜ-ਚਿੜੀ ਦੇ ਜੰਗਲਾਂ ਵਿਚ 12 ਮਈ 1710 ਨੂੰ ਭਿਆਨਕ ਲੜਾਈ ਹੋਈ। ਇਹ ਲੜਾਈ ਸਰਹਿੰਦ ਦੀ ਜੰਗ ਦੀ ਅੰਤਿਮ ਲੜਾਈ ਸੀ। ਇੱਕੋ ਦਿਨ ਦੀ ਲੜਾਈ ਵਿੱਚ ਸਰਹਿੰਦ ਨੂੰ ਫ਼ਤਿਹ ਕਰ ਲਿਆ ਗਿਆ ਸੀ, (ਸਰਹਿੰਦ ਫ਼ਤਿਹ, 11 ਮਈ 2019 ਈ:)।"

ਉਪ੍ਰੋਕਤ ਵੇਰਵੇ ਅਨੁਸਾਰ ਡਾ. ਸੁਖਦਿਆਲ ਸਿੰਘ ਨੇ 2003 ਈ: ਵਿਚ ਤਾਂ ਚੱਪੜ ਚਿੜੀ ਦੀ ਲੜਾਈ ਦੀ ਤਾਰੀਖ 12 ਮਈ ਦਰਜ ਕੀਤੀ ਸੀ। ਪਰ 2010 ਈ: ਵਿਚ ਬਿਨਾ ਕੋਈ ਕਾਰਨ ਦੱਸੇ, ਇਹ ਤਾਰੀਖ 22 ਮਈ ਲਿਖ ਦਿੱਤੀ ਗਈ। 2019 ਈ: ਵਿਚ ਮੁੜ, ਚੱਪੜ ਚਿੜੀ ਦੇ ਮੈਦਾਨ ਵਿਚ ਹੋਏ ਯੁੱਧ ਦੀ ਤਾਰੀਖ 12 ਮਈ ਮੰਨ ਲਈ ਹੈ, ਜਿਸ ਦਾ ਕਾਰਨ ਉਨ੍ਹਾਂ ਨੇ ਇਹ ਦੱਸਿਆ ਹੈ,"ਕੁਲਜੀਤ ਸਿੰਘ ਖੋਸਾ ਜੀ 22 ਮਈ ਵਿਲੀਅਮ ਇਰਵਿਨ ਦੀ ਕੱਢੀ ਹੋਈ ਮਿਤੀ ਸੀ । ਪਹਿਲਾਂ ਪਹਿਲਾਂ ਡਾ. ਗੰਡਾ ਸਿੰਘ ਨੇ ਵੀ ਇਹੋ ਮਿਤੀ ਮੰਨੀ ਸੀ ਤੇ ਡਾ. ਕਿਰਪਾਲ ਸਿੰਘ ਜੀ ਵੀ ਮਨਦੇ ਸਨ । ਪਰ ਫਿਰ ਨਵੀਆਂ ਲਿਖਤਾਂ ਵਿਚ ਉਕਤ ਦੋਵੇਂ ਹੀ 12 ਮਈ ਲਿਖਣ ਲੱਗ ਪਏ । ਅਖਬਾਰਾਂ ਵਿਚ ਵੀ ਇਹੋ 12 ਮਈ ਮੰਨੀ ਜਾਣ ਲੱਗ ਪਈ । ਐਵੇਂ ਖਾਹਮਖਾਹ ਦਾ ਵਿਵਾਦ ਨਾ ਛਿੜੇ, ਇਸ ਕਰਕੇ ਨਾ ਤਾਂ ਇਸ ਮਿਤੀ ਦਾ ਕੋਈ ਵਿਵਾਦ ਹੀ ਛੇੜਿਆ ਅਤੇ ਨਾ ਹੀ ਇਸ ਬਾਰੇ ਕੁਝ ਲਿਖਿਆ। ਵੈਸੇ ਅਸਲ ਮਿਤੀ 24 ਰਬਿਉਲ ਅਵਲ ਹੈ। ਅਖਬਾਰ ਏ ਦਰਬਾਰ ਏ mualla ਵਿਚ ਵੀ 22 ਮਈ ਹੀ ਹੈ। " ਇਹ ਹੈ ਸਾਡੇ ਅਜੋਕੇ ਇਤਿਹਾਸਕਾਰਾਂ ਦੀ ਖੋਜ!

ਡਾ. ਸੁਖਦਿਆਲ ਸਿੰਘ ਦਾ ਇਹ ਲਿਖਣਾ ਵੀ ਸਚਾਈ ਤੋਂ ਕੋਹਾਂ ਦੂਰ ਹੈ ਕਿਐਵੇਂ ਖਾਹਮਖਾਹ ਦਾ ਵਿਵਾਦ ਨਾ ਛਿੜੇ, ਇਸ ਕਰਕੇ ਨਾ ਤਾਂ ਇਸ ਮਿਤੀ ਦਾ ਕੋਈ ਵਿਵਾਦ ਹੀ ਛੇੜਿਆ ਅਤੇ ਨਾ ਹੀ ਇਸ ਬਾਰੇ ਕੁਝ ਲਿਖਿਆ। ਵਿਵਾਦ ਤਾਂ ਤੁਸੀਂ ਛੇੜ ਲਿਆ ਹੈ, ਜਦੋਂ ਇਕ ਇਤਿਹਾਸਕ ਘਟਨਾ ਦੀ, ਇਕੋ ਲੇਖਕ ਹੀ ਦੋ ਤਾਰੀਖ਼ਾਂ ਲਿਖੇ, ਉਹ ਵੀ ਉਹ ਲੇਖਕ ਜੋ ਸਵਾਲ ਪੁੱਛਣ ਉਤੇ ਇਹ ਲਿਖ ਦੇਵੇ ਕਿ ਮੈਂ ਕਿਸੇ ਸਵਾਲ ਦਾ ਜਵਾਬ ਨਹੀ ਦੇਣਾ। ਵਿਵਾਦ ਦਾ ਵਿਸ਼ਾ ਤਾਂ ਬਣੇਗਾ ਹੀ। ਚੱਪੜ ਚਿੜੀ ਦੀ ਲੜਾਈ ਦੀ ਤਾਰੀਖ ਬਾਰੇ ਖਾਹਮਖਾਹ ਦਾ ਵਿਵਾਦ ਡਾ. ਸੁਖਦਿਆਲ ਸਿੰਘ ਦੀ ਅਗਿਆਨਤਾ ਦੀ ਦੇਣ ਹੈ। ਚਾਹੀਦਾ ਤਾਂ ਇਹ ਸੀ ਕਿ ਇਹ ਠੋਸ ਕਾਰਨ ਦੱਸਦੇ ਕਿ 12 ਮਈ ਕਿਉਂ ਗਲਤ ਹੈ ਅਤੇ 22 ਮਈ ਕਿਵੇਂ ਸਹੀ ਹੈ। ਅਜੇਹਾ ਤਾਂ ਉਹ ਤਾਂ ਲਿਖਦੇ ਜੇ ਆਪ ਕੋਈ ਖੋਜ ਕੀਤੀ ਹੁੰਦੀ। ਪਹਿਲਾਂ ਡਾ. ਗੰਡਾ ਸਿੰਘ ਦੀ ਲਿਖਤ ਵਿਚੋਂ ਨਕਲ ਮਾਰ ਕੇ 12 ਮਈ ਲਿਖ ਦਿੱਤੀ, ਫੇਰ William Irvine ਦੇ ਹਵਾਲੇ ਨਾਲ ਇਹ ਸੋਚ ਕੇ ਕਿ ਇਹ ਅੰਗਰੇਜ਼ ਹੈ, ਇਹ ਠੀਕ ਹੀ ਹੋਣਾ ਹੈ, 22 ਮਈ ਲਿਖ ਦਿੱਤੀ। ਸਿੱਖ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀਆਂ ਤਾਰੀਖ਼ਾਂ ਵਿਵਾਦ ਦਾ ਵਿਸ਼ਾ ਹਨ, ਵੱਖ-ਵੱਖ ਲੇਖਕਾਂ ਵੱਲੋਂ ਇਕੋ ਘਟਨਾ ਦੀਆਂ ਵੱਖ-ਵੱਖ ਤਾਰੀਖ਼ਾਂ ਮਿਲਦੀਆਂ ਹਨ। ਪਰ ਇਥੇ ਤਾਂ ਨਵਾਂ ਹੀ ਚੰਦ ਚਾੜ੍ਹ ਦਿੱਤਾ ਹੈ, ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਨੇ।

ਆਓ ਹੁਣ ਸਹੀ ਤਾਰੀਖ ਦੀ ਪੜਤਾਲ ਕਰੀਏ।

ਜਿਵੇਂ ਮੈਂ ਉਪਰ ਲਿਖਿਆ ਸੀ ਕਿ ਪਹਿਲੀ ਨਜ਼ਰੇ ਇਹ ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦੀਆਂ ਤਾਰੀਖ਼ਾਂ ਦਾ ਮਸਲਾ ਬਣਦਾ ਹੈ। ਰੋਮ ਵਾਸੀਆਂ ਨੇ ਭਾਵੇਂ 1582 ਈ: ਵਿਚ ਜੂਲੀਅਨ ਕੈਲੰਡਰ ਵਿਚ ਸੋਧ ਕਰਕੇ ਗਰੈਗੋਰੀਅਨ ਕੈਲੰਡਰ ਬਣਾ ਲਿਆ ਸੀ ਪਰ ਇੰਗਲੈਂਡ ਨੇ ਇਸ ਨੂੰ 1752 ਈ: ਵਿਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਅੰਗਰੇਜ਼ਾਂ ਨੇ ਆਪਣੀ ਸਹੂਲਤ ਲਈ ਇਤਿਹਾਸ ਦੀਆਂ, 2 ਸਤੰਬਰ 1752 ਈ: ਤੋਂ ਪਹਿਲੀਆਂ ਤਾਰੀਖ਼ਾਂ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕਰ ਜਾਂ ਕਰਵਾ ਲਿਆ, 14 ਸਤੰਬਰ ਤੋਂ ਪਿਛੋਂ ਦੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਵਿਚ। ਚੱਪੜ ਚਿੜੀ ਦੀ ਲੜਾਈ ਦੀ ਅਸਲ ਤਾਰੀਖ ਸਰਕਾਰੀ ਵਸੀਲਿਆਂ ਮੁਤਾਬਕ 24 ਰਬਿਉਲ ਅਵਲ ਸੰਮਤ 1122 ਹਿਜਰੀ ਹੈ। ਡਾ. ਸੁਖਦਿਆਲ ਸਿੰਘ ਨੇ ਵੀ ਲਿਖਿਆ ਹੈ ਕਿ,ਵੈਸੇ ਅਸਲ ਮਿਤੀ 24 ਰਬਿਉਲ ਅਵਲ ਹੈ। Later Mughals ਦੇ ਕਰਤਾ William Irvine (1840-1911) ਨੇ ਵੀ ਇਹ ਤਾਰੀਖ ਹੀ ਲਿਖੀ ਹੈ, "This was on the 24 Rabi 9, 1122 (22nd May 1710) ˙ (Page 95)। ਹੁਣ ਜੇ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕਰੀਏ ਤਾਂ ਇਹ ਸ਼ਨਿਚਰਵਾਰ, 13 ਮਈ, 1710 ਈ: (O S) ਬਣਦੀ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ ਕਿ 12 ਮਈ ਸਹੀ ਹੈ ਜਾਂ 13, ਮਈ ਹੈ?

ਹਿਜਰੀ ਕੈਲੰਡਰ ਵਿਚ ਮਹੀਨੇ ਦਾ ਆਰੰਭ ਚੰਦ ਦੇ ਵਿਖਾਈ ਦੇਣ (Observational) ਨਾਲ ਹੁੰਦਾ ਹੈ, ਨਾ ਕਿ ਗਿਣਤੀਆਂ-ਮਿਣਤੀਆਂ (Arithmetic) ਨਾਲ। ਇਸ ਲਈ ਇਕ ਦਿਨ ਦਾ ਫਰਕ ਹੈ। ਖੈਰ, ਅਸੀਂ ਬਰੀਕੀਆਂ ਵਿਚ ਨਾ ਜਾਂਦੇ ਹੋਏ 12 ਮਈ ਨੂੰ ਹੀ ਸਹੀ ਮੰਨ ਕੇ ਚਲਦੇ ਹਾਂ ਕਿਉਂਕਿ ਇਹ ਤਾਰੀਖ 1752 ਈ: ਤੋਂ ਪਹਿਲਾਂ ਦੀ ਹੈ। ਇਸ ਲਈ ਇਹ ਜੂਲੀਅਨ ਕੈਲੰਡਰ ਅਨੁਸਾਰ ਹੀ ਹੋਣੀ ਚਾਹੀਦੀ ਹੈ। William Irvine ਨੇ ਆਪਣੀ ਕਿਤਾਬ 20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਲਿਖੀ ਹੈ। ਉਸ ਵੇਲੇ ਗਰੈਗੋਰੀਅਨ ਕੈਲੰਡਰ ਪ੍ਰਚੱਲਤ ਸੀ। ਇਸ ਕਾਰਨ ਉਸ ਨੇ 24 ਰਬਿਉਲ ਅਵਲ ਨੂੰ ਸਿੱਧਾ ਹੀ ਗਰੈਗੋਰੀਅਨ ਕੈਲੰਡਰ ਵਿਚ ਬਦਲੀ ਕਰ ਕੇ 22 ਮਈ ਲਿਖ ਦਿੱਤੀ, ਜੋ ਦੋ ਦਿਨ ਦੇ ਫਰਕ ਨਾਲ ਗਲਤ ਹੈ। ਅਸਲ ਵਿਚ ਇਹ 24 ਮਈ ਬਣਦੀ ਹੈ। (William Irvine ਵੱਲੋਂ ਹਿਜਰੀ ਤਾਰੀਖ਼ਾਂ ਨੂੰ ਬਦਲੀ ਕਰਕੇ ਲਿਖੀਆਂ ਤਾਰੀਖ਼ਾਂ ਵਿੱਚੋਂ, ਬਹੁਤ ਸਾਰੀਆਂ ਤਾਰੀਖ਼ਾਂ ਗਲਤ ਹਨ। ਜਿਵੇ Dth Ramzan 1049 ਨੂੰ 30th Dec 1639 (ਪੰਨਾ 1) ਲਿਖਿਆ ਹੈ ਜੋ ਅਸਲ ਵਿਚ 18 ਦਸੰਬਰ 1639 ਈ: ਦਿਨ ਬੁੱਧਵਾਰ ਬਣਦੀ ਹੈ।) ਡਾ. ਸੁਖਦਿਆਲ ਸਿੰਘ ਨੇ ਬਿਨਾ ਸੋਚੇ-ਸਮਝੇ ਹੀ 22 ਮਈ ਲਿਖ ਕੇ William Irvine ਦਾ ਹਵਾਲਾ ਦੇ ਦਿੱਤਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਡਾ. ਸੁਖਦਿਆਲ ਸਿੰਘ ਨੇ William Irvine ਦੀ ਕਿਤਾਬ ਨਹੀਂ ਪੜ੍ਹੀ। ਇਸ ਨੇ ਤਾਂ ਮੱਖੀ ਉਤੇ ਮੱਖੀ ਹੀ ਮਾਰੀ ਹੈ। ਜੇ ਇਸ ਨੇ ਪਹਿਲੇ ਅਧਿਆਇ ਦੀ ਪਹਿਲੀ ਪੰਗਤੀ ਹੀ ਪੜ੍ਹੀ ਹੁੰਦੀ ਤਾਂ, ਨਾ ਤਾਂ ਇਹ ਆਪ ਉਲਝਦਾ ਅਤੇ ਨਾ ਹੀ ਚੱਪੜ ਚਿੜੀ ਦੀ ਲੜਾਈ ਦੀਆਂ ਦੋ ਤਾਰੀਖ਼ਾਂ (12 ਮਈ ਅਤੇ 22 ਮਈ) ਲਿਖ ਕੇ ਪਾਠਕਾਂ ਨੂੰ ਉਲਝਾਉਂਦਾ। ਜਿਸ ਸੱਜਣ ਪਾਸ ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ (2003 ਈ:) ਹੋਵੇਗੀ ਉਹ ਤਾਂ 12 ਮਈ ਨੂੰ ਸਹੀ ਮੰਨਦਾ ਹੋਵੇਗਾ, ਜਿਸ ਪਾਸ ਬੰਦਾ ਸਿੰਘ ਬਹਾਦਰ ਇਤਿਹਾਸਕ ਅਧਿਐਨ (2010 ਈ:) ਹੋਵੇਗੀ ਉਹ 22 ਮਈ ਨੂੰ ਸਹੀ ਮੰਨੇਗਾ। ਭਲਾ! ਜੇ ਕਿਸੇ ਪਾਸ ਦੋਵੇਂ ਹੀ ਹੋਣ ਤਾਂ ਵੀ ਉਹ ਇਹ ਨਿਰਨਾ ਕਰੇਗਾ ਕਿ ਕਿਹੜੀ ਤਾਰੀਖ ਗਲਤ ਹੈ ਅਤੇ ਕਿਹੜੀ? ਇਥੇ ਤਾਂ ਦੁਨਿਆਵੀ ਡਿਗਰੀਆਂ ਨਾਲ ਸ਼ਿੰਗਾਰੇ ਹੋਏ ਵਿਦਵਾਨ ਡੇਢ ਦਹਾਕੇ ਵਿਚ ਕੋਈ ਨਿਰਨਾ ਨਹੀਂ ਕਰ ਸਕੇ, ਆਮ ਪਾਠਕ ਕਿਵੇਂ ਨਿਰਨਾ ਕਰ ਸਕਦਾ ਹੈ?

ਪੜ੍ਹੋ, ਪਹਿਲੇ ਅਧਿਆਇ "The Later Mughals" ਦੀ ਪਹਿਲੀ ਪੰਗਤੀ "After an illness of a few days Alamgir died in his camp at Ahmadnager on the BHth Zul Qada 1118 1.8., corresponding to the Crd march, 1707, New Style"। (ਪੰਨਾ 1) ਇਥੇ "New Style" ਤੋਂ ਸਪੱਸ਼ਟ ਹੋ ਜਾਂਦਾ ਹੈ ਕਿ William Irvine ਦੀਆਂ ਸਾਰੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਮੁਤਾਬਕ ਹਨ। ਜੇ ਇਸ ਨੂੰ ਜੂਲੀਅਨ ਕੈਲੰਡਰ ਵਿਚ ਲਿਖਣਾ ਹੋਵੇ ਤਾਂ ਇਹ 20 February AG@G, Old Style. ਲਿਖੀ ਜਾਣੀ ਸੀ। ਕਾਸ਼! ਡਾ. ਸੁਖਦਿਆਲ ਸਿੰਘ ਨੇ ਇਸ ਕਿਤਾਬ ਦਾ ਹਵਾਲਾ ਦੇਣ ਤੋਂ ਪਹਿਲਾਂ ਇਸ ਦੇ ਦਰਸ਼ਨ ਕੀਤੇ ਹੁੰਦੇ। ਪਹਿਲੇ ਅਧਿਆਇ ਦੀ ਪਹਿਲੀ ਪੰਗਤੀ ਨੂੰ ਹੀ ਪੜ੍ਹ ਕੇ ਸਮਝਿਆ ਹੁੰਦਾ ਤਾਂ ਜਿਹੜਾ ਨੁਕਤਾ ਉਨ੍ਹਾਂ ਨੂੰ 16 ਸਾਲਾਂ (2003-2019) ਵਿਚ ਸਮਝ ਨਹੀਂ ਆਇਆ, 16 ਸੈਕਿੰਡ ਵਿਚ ਸਮਝ ਆ ਜਾਣਾ ਸੀ।

# ਗੁਰਦੁਆਰਾ ਪਹਿਲੀ ਪਾਤਸ਼ਾਹੀ ਜੰਮੂ

**ਸਰਬਜੀਤ ਸਿੰਘ**



ਸਿੱਖ ਧਰਮ ਦੇ ਬਾਨੀ, ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਨੂੰ ਤਾਰਨ ਲਈ ਸੰਸਾਰ ਦੇ ਕਈ ਹਿੱਸਿਆ ਦੀ ਯਾਤਰਾ ਕੀਤੀ। ਹਿੰਦੁਸਤਾਨ ਦੇ ਸਭ ਕੋਨਿਆਂ ਵਿਚ ਪਹੁੰਚ ਕੇ, ਤੀਰਥਾਂ ਉੱਪਰ ਜਾ ਕੇ ਲੋਕਾਂ ਨੂੰ ਭਰਮਾਂ ਤੋਂ ਰਹਿਤ ਹੋਣ ਦਾ ਹੋਕਾ ਦਿੱਤਾ। ਪੰਜਾਬ ਨਾਲ ਲਗਦੇ ਸੂਬੇ ਜੰਮੂ ਕਸ਼ਮੀਰ 'ਚ ਵੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਚਰਨ ਪਾਏ। ਜੰਮੂ ਸ਼ਹਿਰ ਦੇ ਵਿੱਚੋ-ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਪਾਤਸ਼ਾਹੀ ਪਹਿਲੀ, ਚਾਂਦ ਨਗਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਸਾਰਿਆ ਜਾ ਰਿਹਾ ਹੈ। ਇਤਿਹਾਸਕਾਰ ਦੱਸਦੇ ਹਨ ਕਿ ਗੁਰੂ ਸਾਹਿਬ ਨੇ ਆਪਣੀ ਤੀਜੀ ਉਦਾਸੀ ਸਮੇਂ ਇਸ ਸਥਾਨ ਨੂੰ ਭਾਗ ਲਗਾਏ ਸਨ।

ਜੰਮੂ ਤਵੀ ਪੁਲ ਪਾਰ ਕਰਕੇ ਸੱਜੇ ਹੱਥ ਚਾਰ ਸੌ ਮੀਟਰ ਦੀ ਵਿੱਥ 'ਤੇ 47 ਕਨਾਲਾਂ ਵਿਚ ਬਣੇ ਇਸ ਗੁਰਦੁਆਰਾ ਸਾਹਿਬ 'ਚ ਸ਼ਰਧਾਲੂਆਂ ਅਤੇ ਯਾਤਰੀਆਂ ਦੀ ਰਿਹਾਇਸ਼ ਅਤੇ ਲੰਗਰ ਦਾ ਵੀ ਪੂਰਾ ਇੰਤਜ਼ਾਮ ਹੈ। ਗੁਰਦੁਆਰਾ ਸਾਹਿਬ ਦੀ ਨਵੀਂ ਵਿਸ਼ਾਲ ਇਮਾਰਤ ਦੀ ਸੇਵਾ ਸਵਰਗਵਾਸੀ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਵੱਲੋਂ ਅਰੰਭ ਕਰਵਾਈ ਗਈ ਸੀ ਜੋ ਅੱਜ ਵੀ ਜਾਰੀ ਹੈ। 100 -80 ਫੁੱਟ ਦੇ ਲੰਗਰ ਹਾਲ ਦੇ ਅੰਦਰ ਇੱਕ ਪੁਰਾਤਨ ਖੂਹ ਵੀ ਹੈ ਜਿਸ ਨੂੰ ਕਈ ਸਾਲ ਪਹਿਲਾਂ ਸਥਾਨਕ ਲੋਕਾਂ ਵੱਲੋਂ ਮਿੱਟੀ ਪਾ ਕੇ ਪੂਰ ਦਿੱਤਾ ਗਿਆ ਸੀ ਪਰ ਹੁਣ ਉਸ ਦੀ ਪੁਰਾਣੀ ਦਿੱਖ ਨੂੰ ਬਰਕਰਾਰ ਰੱਖਣ ਲਈ ਦੁਬਾਰਾ ਉਸ 'ਚੋਂ ਮਿੱਟੀ ਕੱਢਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਲੰਗਰ ਹਾਲ ਦੇ ਉਪਰ ਗੁਰਦੁਆਰਾ ਸਾਹਿਬ ਦਾ ਹਾਲ 90-70 ਫੁੱਟ ਦਾ ਬਣ ਰਿਹਾ ਹੈ ਅਤੇ ਉਸ ਉਪਰ ਅੱਠ ਛੋਟੇ ਅਤੇ ਇੱਕ ਵੱਡੇ ਗੁੰਬਦ ਦੀ ਸੇਵਾ ਜਾਰੀ ਹੈ।

ਇਸ ਤੋਂ ਇਲਾਵਾ ਰਿਆਸਤ ਜੰਮੂ ਕਸ਼ਮੀਰ ਦਾ ਇਹ ਪਹਿਲਾ ਇਤਿਹਾਸਕ ਗੁਰਦੁਆਰਾ ਸਾਹਿਬ ਹੈ ਜਿੱਥੇ ਸਰੋਵਰ ਦੀ ਸਥਾਪਨਾ ਕੀਤੀ ਗਈ ਹੈ ਅਤੇ ਗੁਰਦੁਆਰਾ ਸਾਹਿਬ ਦੇ ਸੱਜੇ ਪਾਸੇ 80-60 ਫੁੱਟ ਦੇ ਬਣੇ ਸਰੋਵਰ 'ਚ ਪਾਣੀ ਭਰਨ ਲਈ ਤਿੰਨ ਬੰਬੀਆਂ ਵੀ ਲਗਾਈਆਂ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਸਾਹਮਣੇ 70 ਕਮਰਿਆਂ ਵਾਲੀ ਚਾਰ ਮੰਜਿਲਾ ਸਰਾਂ ਤਿਆਰ ਕੀਤੀ ਗਈ ਹੈ ਜਿਸ 'ਚ ਯਾਤਰੀਆਂ, ਸ਼ਰਧਾਲੂਆਂ ਦੇ ਠਹਿਰਨ ਅਤੇ ਲੰਗਰ ਦਾ ਸੁਚੱਜਾ ਪ੍ਰਬੰਧ ਚੱਲ ਰਿਹਾ ਹੈ। ਪੰਜਾਬ, ਦਿੱਲੀ, ਹਰਿਆਣਾ ਆਦਿ ਤੋਂ ਸ੍ਰੀਨਗਰ ਜਾਂ ਪੁਣਛ ਜਾਣ ਵਾਲੇ ਯਾਤਰੀਆਂ ਲਈ ਇਹ ਸਰਾਂ ਕਾਫ਼ੀ ਲਾਭਦਾਇਕ ਸਿੱਧ ਹੋ ਰਹੀ ਹੈ। ਪੰਜਾਬ ਤੋਂ ਜੰਮੂ 'ਚ ਪੜ੍ਹਾਈ ਕਰਨ, ਪੇਪਰ ਦੇਣ ਅਤੇ ਵਪਾਰ ਲਈ ਆਉਣ ਵਾਲੇ ਲੋਕਾਂ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ 'ਚ ਰੋਜ਼ਾਨਾ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਨੂੰ ਜਾਣ ਵਾਲੇ ਸ਼ਰਧਾਲੂ ਇਸੇ ਗੁਰਦੁਆਰਾ ਸਾਹਿਬ 'ਚ ਲੰਗਰ ਛਕਦੇ ਅਤੇ ਰਿਹਾਇਸ਼ ਕਰਦੇ ਹਨ।

ਇਸ ਪਵਿੱਤਰ ਅਸਥਾਨ 'ਤੇ ਗੁਰੂ ਨਾਨਕ ਸਾਹਿਬ ਦੀ ਫੇਰੀ ਸਬੰਧੀ ਪ੍ਰੋ. ਕਰਤਾਰ ਸਿੰਘ (ਐਮ.ਏ) ਸਿੱਖ ਇਤਿਹਾਸ, ਤੀਜੀ ਉਦਾਸੀ, ਭਾਗ ਪਹਿਲਾ 'ਚ ਦੱਸਦੇ ਹਨ ਕਿ "ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਤੀਜੀ ਉਦਾਸੀ ਸੰਮਤ 1573 -1575 ਵਿੱਚ ਕੀਤੀ ਸੀ। ਸਤਿਗੁਰੂ ਦੇ ਨਾਲ ਉਸ ਵਕਤ ਭਾਈ ਹਮੂ ਲੁਹਾਰ ਅਤੇ ਭਾਈ ਸ਼ੀਹਾ ਛੀਬਾਂ ਸਨ। ਗੁਰੂ ਜੀ ਉਦਾਸੀ ਭੇਖ ਵਿੱਚ ਸਰੀਰ 'ਤੇ ਚਮੜੇ ਦਾ ਲਿਬਾਸ ਪਾ ਕੇ ਕਰਤਾਰਪੁਰ ਤੋਂ ਚੱਲ ਕੇ ਜੰਮੂ ਵਿਚ ਆ ਕੇ ਰੁਕੇ। ਇੱਥੋਂ ਸਤਿਗੁਰ ਚੱਲ ਕੇ ਚਨੈਣੀ ਵਿਚ ਭਦਰਵਾਹ ਤੋਂ ਹੁੰਦੇ ਹੋਏ ਮਾਰਤੰਡ ਤੇ ਖੰਡਰ ਮਟਨ ਪਹੁੰਚੇ। ਇਥੇ ਪੰਡਤ ਬ੍ਰਹਮਦਾਸ ਨੂੰ ਉਪਦੇਸ਼ ਦਿੱਤਾ ਅਤੇ ਸਿੱਖੀ ਦਾ ਪ੍ਰਚਾਰਕ ਨਿਯੁਕਤ ਕੀਤਾ। ਇੱਥੇ ਹੀ ਇੱਕ ਮੁਸਲਮਾਨ ਫ਼ਕੀਰ ਕਮਾਲ ਨਾਮੀ ਸੇਵਕ ਬਣਿਆ ਜਿਸ ਨੇ ਕੁਰਮ ਘਾਟੀ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਸਤਿਗੁਰ ਇੱਥੋਂ ਵਾਪਸ ਚੱਲ ਕੇ ਕੀਰਤਪੁਰ, ਸਿਰਮੌਰ, ਗੜ੍ਹਵਾਲ, ਸ੍ਰੀ ਨਗਰ, ਹੇਮਕੁੰਡ, ਨੇਪਾਲ, ਪੱਛਮੀ ਤਿੱਬਤ, ਸਮੇਰ, ਕੈਲਾਸ਼ ਮਾਨਸਰੋਵਰ ਤੇ ਸਿੱਧਾਂ ਨੂੰ ਮਿਲੇ। ਫਿਰ ਨੇਪਾਲ ਸਿੱਕਮ, ਭੂਟਾਨ ਤੋਂ ਹੁੰਦੇ ਹੋਏ ਚੀਨ ਨਾਨਕਿੰਗ ਗਏ। ਉਥੋਂ ਵਾਪਸੀ ਤਿੱਬਤ ਲਹਾਸਾ ਪਹਾੜ ਦੇ ਉਪਰੋਂ ਹੁੰਦੇ ਲਦਾਖ, ਸ੍ਰੀਨਗਰ, ਜੰਮੂ, ਸਿਆਲਕੋਟ ਦੇ ਰਾਹ 1575 ਬਿਕਰਮੀ ਨੂੰ ਵਾਪਸ ਕਰਤਾਰਪੁਰ ਪਹੁੰਚੇ।"

ਇਸ ਪਵਿੱਤਰ ਅਸਥਾਨ ਦੀ ਹੋਰ ਇਤਿਹਾਸਕ ਮਹੱਤਤਾ ਇਹ ਵੀ ਹੈ ਕਿ ਇਸ ਪਾਵਨ ਅਸਥਾਨ 'ਤੇ ਹੀ ਸ਼ੇਰ-ਏ -ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੇਟੇ ਮਹਾਰਾਜਾ ਖੜਕ ਸਿੰਘ ਦੀ ਪਤਨੀ ਬੀਬੀ ਚਾਂਦ ਕੌਰ ਦੀ ਸਮਾਧੀ ਵੀ ਸੀ ਜਿਸ ਨੂੰ ਗੁਰਦੁਆਰਾ ਸਾਹਿਬ ਦੀ ਉਸਾਰੀ ਤੋਂ ਪਹਿਲਾਂ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਢਾਹ ਦਿੱਤਾ ਗਿਆ। ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਪਾਤਸ਼ਾਹੀ ਪਹਿਲੀ ਸਿੱਖ ਕੌਮ ਅਤੇ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਬਹੁਤ ਮਹੱਤਤਾ ਰੱਖਦਾ ਹੈ ਅਤੇ ਦੇਸ਼-ਪਰਦੇਸ ਦੀਆਂ ਸੰਗਤਾਂ ਲਈ ਅਦੁੱਤੀ ਕੇਂਦਰ ਬਣਿਆ ਹੋਇਆ ਹੈ।

# ਸੰਗਤ, ਪੰਗਤ ਅਤੇ ਗੁਰਦੁਆਰਾ

**-ਡਾ. ਜੋਧ ਸਿੰਘ**

ਸੰਗਤ ਅਤੇ ਪੰਗਤ ਸਿੱਖ ਫ਼ਲਸਫ਼ੇ ਦੇ ਅਨਿਖੜਵੇਂ ਅੰਗ ਹਨ। ਵਰਤਮਾਨ ਸਮੇਂ ਵਿਚ ਸਿੱਖਾਂ ਦਾ ਕੋਈ ਵੀ ਧਾਰਮਿਕ ਜਾਂ ਸਮਾਜਿਕ ਕਾਰਜ ਕੀਰਤਨ, ਸੰਗਤ ਜਾਂ ਪੰਗਤ ਅਰਥਾਤ ਲੰਗਰ ਤੋਂ ਬਿਨਾ ਸੰਪੂਰਨ ਨਹੀਂ ਸਮਝਿਆ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸਿਧਾਂਤ ਲੋਕਾਈ ਨੂੰ ਦਿੱਤਾ ਉੱਥੇ ਨਾਲ ਹੀ ਨਾਲ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਦੀ ਵੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸਾਰੇ ਭਾਰਤੀ ਅਤੇ ਗੈਰ-ਭਾਰਤੀ ਸਮਾਜਾਂ ਦੀਆਂ ਮਾਨਤਾਵਾਂ ਅਤੇ ਕਾਰਜਵਿਧੀਆਂ ਨੂੰ ਬੜੇ ਗਹੁ ਨਾਲ ਵੇਖਿਆ ਅਤੇ ਉਨ੍ਹਾਂ ਦੀਆਂ ਅਸਮਾਨਤਾਵਾਂ ਦੇ ਕਾਰਨਾਂ ਨੂੰ ਘੋਖਿਆ-ਪੜਚੋਲਿਆ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਲਗਪਗ ਉਸ ਸਮੇਂ ਦੇ ਸਾਰੇ ਭਾਰਤੀ ਸਮਾਜਾਂ ਦਾ ਆਪਣੇ ਇਕ ਸਲੋਕ ਵਿਚ ਨੋਟਿਸ ਲਿਆ :-

ਲਿਖ ਲਿਖ ਪੜਿਆ॥
ਤੇਤਾ ਕੜਿਆ॥ ਬਹੁ ਤੀਰਥ ਭਵਿਆ॥ ਤੇਤੋ ਲਵਿਆ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ॥
ਸਹੁ ਵੇ ਜੀਆ ਆਪਣਾ ਕੀਆ॥
ਅੰਨੁ ਨਾ ਖਾਇਆ॥ ਸਾਦੁ ਗਵਾਇਆ॥
ਬਹੁ ਦੁਖੁ ਪਾਇਆ ਦੂਜਾ ਭਾਇਆ॥
ਬਸਤ੍ਰ ਨ ਪਹਿਰੈ॥ ਅਹਿਨਿਸਿ ਕਹਰੈ॥ ਮੋਨਿ ਵਿਗੂਤਾ॥
ਕਿਉ ਜਾਗੈ ਗੁਰ ਬਿਨ ਸੂਤਾ॥
ਪਗ ਉਪੇ ਤਾਣਾ॥ ਆਪਣਾ ਕੀਆ ਕਮਾਣਾ॥
ਅਲੁਮਲੁ ਖਾਈ ਸਿਰਿ ਛਾਈ ਪਾਈ॥
ਮੂਰਖ ਅੰਧੈ ਪਤਿ ਗਵਾਈ॥ ਵਿਣੁ ਨਾਵੈ ਕਿਛੁ ਥਾਇ ਨ ਪਾਈ॥
ਰਹੇ ਬੇਬਾਣੀ ਮੜੀ ਮਸਾਣੀ॥
ਅੰਧੁ ਨਾ ਜਾਣੈ॥ ਫਿਰਿ ਪਛੁਤਾਣੀ॥
ਨਾਨਕ ਨਦਰਿ ਕਰੇ ਸੋ ਪਾਏ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥
(ਪੰਨਾ 467-68)॥

ਕੇਵਲ ਪੜ੍ਹੀ ਜਾਣ ਤੇ ਕੁੜ੍ਹੀ ਜਾਣ ਵਾਲੇ ਸਮਾਜ, ਤੀਰਥ-ਰਟਨ ਕਰੀ ਜਾਣ ਵਾਲੇ ਸਮਾਜ, ਅਨੇਕਾਂ ਭੇਖਾਂ ਵਾਲੇ ਲੋਕ ਕੇਵਲ ਦੁੱਖਾਂ ਵਿਚ ਹੀ ਪਏ ਰਹਿੰਦੇ ਹਨ। ਅੰਨ ਨਾ ਖਾਣ ਅਰਥਾਤ ਵਰਤਾਂ ਵਿਚ ਵਿਸ਼ਵਾਸੀ ਵਿਅਕਤੀ ਕੇਵਲ ਸੁਆਦ ਤੋਂ ਵਾਂਝੇ ਰਹਿੰਦੇ ਹਨ, ਕੋਈ ਅਧਿਆਤਮਿਕ ਉਨਤੀ ਨਹੀਂ ਕਰਦੇ। ਬਸਤਰ ਨਾ ਧਾਰਨ ਵਾਲੇ ਕੇਵਲ ਕੁਦਰਤ ਦੀ ਕਰੋਪੀ ਦਾ ਹੀ ਸ਼ਿਕਾਰ ਬਣਦੇ ਹਨ ਅਤੇ ਇਸੇ ਤਰ੍ਹਾਂ ਮੌਨ ਧਾਰਨ ਕਰੀ ਰੱਖਣ ਵਾਲੇ ਲੋਕ ਦਰਅਸਲ ਦੂਸਰਿਆਂ ਦੇ ਦੁੱਖ-ਦਰਦ ਪ੍ਰਤੀ ਵੀ ਸੁੱਤੇ ਹੀ ਰਹਿੰਦੇ ਹਨ। ਏਸੇ ਤਰ੍ਹਾਂ ਹੀ ਨੰਗੇ ਪੈਰ ਯਾਤਰਾਵਾਂ ਕਰਨ ਵਾਲੇ ਅਤੇ ਅਲੂਮਲ ਖਾਣ ਵਾਲੇ ਅਘੋਰੀ ਆਦਿ ਮੜ੍ਹੀਆਂ ਵਿਚ ਨਿਵਾਸ ਬਣਾ ਕੇ ਜਿਉਂਦੇ ਜਾਗਦੇ ਲੋਕਾਂ ਤੋਂ ਸਦਾ ਲਈ ਦੂਰ ਹੀ ਬਣੇ ਰਹਿੰਦੇ ਹਨ ਅਤੇ ਆਪਣੀ ਹਉਮੈਂ ਵਿਚ ਗਲਤਾਨ ਹੋਏ ਰਹਿੰਦੇ ਹਨ। ਕੇਵਲ ਸੱਚੇ ਸ਼ਬਦ ਰਾਹੀਂ ਹੀ ਉਨ੍ਹਾਂ ਨੂੰ ਹਉਮੈਂ ਦੀ ਅਗਨ ਤੋਂ ਛੁਟਕਾਰਾ ਮਿਲ ਸਕਦਾ ਹੈ। ਏਸੇ ਤਰ੍ਹਾਂ ਹੀ ਵਾਰ ਆਸਾ ਵਿਚ ਦੁਬਿਧਾ

ਬਾਕੀ ਸਫ਼ਾ 28 'ਤੇ

# ਗ਼ਦਰ ਲਹਿਰ ਦਾ ਬਾਲ-ਜਰਨੈਲ ਕਰਤਾਰ ਸਿੰਘ ਸਰਾਭਾ

**ਅਮੋਲਕ ਸਿੰਘ**

ਭਾਰਤ ਦੇ ਆਜ਼ਾਦੀ ਸੰਗਰਾਮ 'ਚ ਵਿਲੱਖਣ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੇ ਬਾਲ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਹੋਇਆ। ਉਹ 19 ਵਰ੍ਹਿਆਂ ਦੇ ਨਿੱਕੜੇ ਜਿਹੇ ਜੀਵਨ-ਸਫ਼ਰ 'ਚ ਹੀ ਵਡੇਰੇ ਹਸਤਾਖ਼ਰ ਕਰ ਗਿਆ। ਇਤਿਹਾਸ ਨੇ ਸਦੀ ਦਾ ਸਫ਼ਰ ਤੈਅ ਕਰ ਲਿਆ। ਉਨ੍ਹਾਂ ਦੀ ਸ਼ਹੀਦੀ ਸ਼ਤਾਬਦੀ ਸਾਡੀਆਂ ਬਰੂਹਾਂ 'ਤੇ ਹੈ। ਅੱਜ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜ਼ਿਕਰ ਛਿੜਦਿਆਂ ਹੀ ਉਸ ਦੇ ਨਾਂ ਤੋਂ ਹੀ ਗ਼ਦਰ ਪਾਰਟੀ ਦਾ ਸਿਰਨਾਵਾਂ ਪੜ੍ਹਿਆ ਜਾ ਸਕਦਾ ਹੈ।

ਮੁਢਲੀ ਵਿੱਦਿਆ ਹਾਸਲ ਕਰਨ ਉਪਰੰਤ 16 ਵਰ੍ਹਿਆਂ ਦੀ ਉਮਰ ਵਿੱਚ ਜਦੋਂ ਕਰਤਾਰ ਸਿੰਘ ਸਰਾਭਾ ਸਨਫਰਾਂਸਿਸਕੋ (ਅਮਰੀਕਾ) ਪੁੱਜਾ ਤਾਂ ਉਸ ਨੂੰ ਆਪਣੇ ਵਤਨ ਦੀ ਗ਼ੁਲਾਮੀ ਕਾਰਨ ਪਰਦੇਸਾਂ ਵਿੱਚ ਹੁੰਦੇ ਧੱਕਿਆਂ, ਵਿਤਕਰਿਆਂ, ਲੁੱਟ ਅਤੇ ਜਬਰ-ਜ਼ੁਲਮ ਦੀਆਂ ਗੁੱਝੀਆਂ ਪਰਤਾਂ ਦਾ ਭੇਤ ਸਮਝ ਆਉਣ ਲੱਗਾ। ਉਹ ਮਜ਼ਦੂਰਾਂ ਨੂੰ ਜਥੇਬੰਦ ਕਰਨ ਲੱਗਾ। ਬੁੱਧੀਜੀਵੀਆਂ, ਦੇਸ਼-ਭਗਤਾਂ ਦੀ ਸੰਗਤ ਕਰਦਾ ਹੋਇਆ ਉਹ ਸਭਨਾ ਦਾ ਸੰਗੀ ਸਾਥੀ ਬਣ ਗਿਆ, ਜਿਨ੍ਹਾਂ ਵੱਲੋਂ ਉਸਾਰੀ ਜਥੇਬੰਦੀ ਅੱਗੇ ਚੱਲ ਕੇ 1 ਨਵੰਬਰ 1913 ਨੂੰ ਕੱਢੇ 'ਗ਼ਦਰ' ਅਖ਼ਬਾਰ ਦੇ ਨਾਂ ਨਾਲ ਜਾਣੀ ਜਾਣ ਲੱਗੀ। 'ਗ਼ਦਰ' ਅਖ਼ਬਾਰ ਦੀ ਛਪਾਈ ਉਹ ਹੱਥੀਂ ਚੱਲਣ ਵਾਲੀ ਮਸ਼ੀਨ ਨਾਲ ਆਪ ਕਰਨ ਲੱਗਾ। 'ਗ਼ਦਰ' ਅਖ਼ਬਾਰ ਛਾਪਦੇ ਸਮੇਂ ਉਹ ਅਕਸਰ ਇਹ ਸਤਰਾਂ ਗੁਣਗੁਣਾਇਆ ਕਰਦਾ ਸੀ :

'ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।'

ਉਸ ਨੇ ਨਿਊਯਾਰਕ ਵਿਚ ਹਵਾਈ ਜਹਾਜ਼ਾਂ ਦੀ ਕੰਪਨੀ ਵਿਚ ਭਰਤੀ ਹੋ ਕੇ ਜਹਾਜ਼ ਚਲਾਉਣ ਦੀ ਸਿਖਲਾਈ ਆਰੰਭੀ। ਜਦੋਂ ਤੇਜ਼ੀ ਨਾਲ ਵਾਪਰੀਆਂ ਘਟਨਾਵਾਂ ਦੀ ਲੜੀ ਵਜੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਵੈਨਕੂਵਰ ਤੋਂ ਹੀ ਵਾਪਸ ਪਰਤਣਾ ਪਿਆ, ਉਸ ਮੌਕੇ ਸਰਾਭਾ ਜਪਾਨ ਆ ਕੇ ਇਸ ਜਹਾਜ਼ ਦੇ ਗ਼ਦਰੀ ਆਗੂਆਂ ਨੂੰ ਵੀ ਮਿਲਿਆ। ਉਸ ਨੇ ਆਪ ਵੀ ਆਪਣੇ ਵਤਨ ਆਉਣ ਦੀ ਤਿਆਰੀ ਕਰ ਲਈ। ਉਹ ਬਰਤਾਨਵੀ ਹਾਕਮਾਂ ਦੀਆਂ ਨਜ਼ਰਾਂ ਤੋਂ ਬਚਦਿਆਂ ਹੋਰ ਰਸਤਿਆਂ ਰਾਹੀਂ ਭਾਰਤ ਪੁੱਜਾ। ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਆਜ਼ਾਦੀ ਲਈ ਗ਼ਦਰ ਦਾ ਝੰਡਾ ਬੁਲੰਦ ਕਰਨ ਲਈ ਮੁੱਖ ਤੌਰ 'ਤੇ ਫੌਜੀ ਛਾਉਣੀਆਂ ਵਿੱਚੋਂ ਬਗਾਵਤ ਦਾ ਬਿਗਲ ਵਜਾਉਣ ਲਈ ਸਰਗਰਮੀ ਕੇਂਦਰਿਤ ਕੀਤੀ। ਫਿਰੋਜ਼ਪੁਰ, ਆਗਰਾ, ਕਾਨਪੁਰ, ਅਲਾਹਾਬਾਦ, ਲਖਨਊ ਅਤੇ ਮੇਰਠ ਆਦਿ 'ਚ ਬਗਾਵਤ ਛੇੜਨ ਲਈ ਤਾਲਮੇਲ ਕੀਤਾ। ਉਨ੍ਹਾਂ 21 ਫਰਵਰੀ 1919 ਬਗਾਵਤ ਦਾ ਦਿਨ ਮਿੱਥ ਲਿਆ। ਇਹ ਕਨਸੋਅ ਮਿਲਣ 'ਤੇ ਕਿ ਦੁਸ਼ਮਣ ਨੂੰ ਇਸ ਦੀ ਸੂਹ ਮਿਲੀ ਜਾਪਦੀ ਹੈ, ਤਾਰੀਕ ਬਦਲ ਕੇ 19 ਫਰਵਰੀ ਕਰ ਦਿੱਤੀ ਪਰ ਹਾਕਮਾਂ ਨੇ ਅਗਾਊਂ ਕਦਮ ਚੁੱਕ ਲਏ ਸਨ। ਭਾਰਤੀ ਫੌਜੀ ਨਿਹੱਥੇ ਕਰ ਦਿੱਤੇ। ਕਈ ਗ੍ਰਿਫ਼ਤਾਰ ਕਰ ਲਏ। ਮਿੱਥੇ ਸਮੇਂ 'ਤੇ ਗ਼ਦਰ ਦੀ ਕਾਰਵਾਈ ਨਾ ਹੋ ਸਕੀ।



ਅਖੀਰ ਕਰਤਾਰ ਸਿੰਘ ਸਰਾਭਾ ਵੀ ਸਰਗੋਧਾ ਲਾਗੇ ਚੱਕ ਨੰਬਰ 5 ਕੋਲੋਂ ਗ੍ਰਿਫਤਾਰ ਕਰ ਲਏ ਗਏ। ਮੁਕੱਦਮਾ ਚੱਲਿਆ, ਫਾਂਸੀ ਦਾ ਹੁਕਮ ਹੋਇਆ। ਜੱਜ ਅੱਗੇ ਸਰਾਭਾ ਮੁਸਕਰਾਇਆ। ਉਸ ਦੇ ਦਾਦੇ ਨੇ ਕਿਹਾ ਕਿ "ਜਿਨ੍ਹਾਂ ਲਈ ਤੂੰ ਫਾਂਸੀ ਚੜ੍ਹ ਰਿਹੈ ਉਨ੍ਹਾਂ ਨੂੰ ਤਾਂ ਸਰੋਕਾਰ ਹੀ ਕੋਈ ਨਹੀਂ। ਤੇਰਾ ਫਾਂਸੀ ਚੜ੍ਹ ਜਾਣਾ ਵੀ ਕੀ ਫਰਕ ਪਾਏਗਾ?" ਸਰਾਭੇ ਨੇ ਬਹੁਤ ਹੀ ਧੀਰਜ ਨਾਲ ਪੁੱਛਿਆ, "ਦਾਦਾ ਜੀ ਫਲਾਣਾ ਰਿਸ਼ਤੇਦਾਰ ਕਿੱਥੇ ਹੈ?"

"ਪਲੇਗ ਨਾਲ ਮਰ ਗਿਆ।"

"ਫਲਾਣਾ ਕਿੱਥੇ ਹੈ?"

"ਹੈਜੇ ਨਾਲ ਮਰ ਗਿਆ ਹੈ।"

"ਤਾਂ ਕੀ ਤੁਸੀਂ ਚਾਹੁੰਦੇ ਹੋ ਕਿ ਕਰਤਾਰ ਸਿੰਘ ਬਿਸਤਰੇ ਉੱਤੇ ਮਹੀਨਿਆਂਬੱਧੀ ਪਿਆ ਰਹੇ। ਦਰਦ ਨਾਲ ਦੁਖੀ ਹੋ ਕੇ ਕਿਸੇ ਰੋਗ ਨਾਲ ਮਰੇ? ਕੀ ਉਸ ਮੌਤ ਨਾਲੋਂ ਇਹ ਮੌਤ ਹਜ਼ਾਰ ਦਰਜੇ ਚੰਗੀ ਨਹੀਂ?" ਦਾਦਾ ਲਾਜਵਾਬ ਹੋ ਗਏ।

ਕਰਤਾਰ ਸਿੰਘ ਸਰਾਭਾ 16 ਨਵੰਬਰ 1915 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਜਾਮ ਪੀ ਗਏ। ਉਨ੍ਹਾਂ ਦਾ ਜੀਵਨ, ਉਨ੍ਹਾਂ ਦੀ ਸ਼ਹਾਦਤ, ਆਜ਼ਾਦੀ ਲਈ ਉਨ੍ਹਾਂ ਦੀ ਨਿੱਕੀ ਉਮਰੇ ਵੱਡੀ ਕੁਰਬਾਨੀ ਹੀ ਉੱਚਾ ਆਦਰਸ਼ ਸੀ।

ਸਰਾਭਾ ਨੂੰ ਆਪਣਾ ਭਰਾ, ਗੁਰੂ ਅਤੇ ਸਾਥੀ ਕਹਿਣ ਵਾਲੇ ਸ਼ਹੀਦ ਭਗਤ ਸਿੰਘ, ਸਰਾਭੇ ਦੇ ਸੰਗਰਾਮੀ ਜੀਵਨ ਅਤੇ ਸ਼ਹਾਦਤ ਬਾਰੇ ਲਿਖਦੇ ਹਨ :

'ਚਮਨ ਜਾਰੇ ਮੁਹੱਬਤ ਮੇਂ, ਉਸੀ ਨੇ ਕੀ ਬਾਗਬਾਨੀ
ਜਿਸ ਨੇ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ
ਨਹੀਂ ਹੋਤਾ ਹੈ ਮੁਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ'

ਇਨਕਲਾਬੀ ਸਚਿੰਦਰ ਨਾਥ ਸਾਨੀਆਲ ਦਾ ਕਹਿਣਾ ਹੈ ਕਿ ਕਰਤਾਰ ਸਿੰਘ ਸਭ ਤੋਂ ਸਿਆਣਾ ਅਤੇ ਸਰਗਰਮ ਕਾਮਾ ਸੀ। ਉਹ ਪਾਰਟੀ ਦੀ ਅਗਵਾਈ ਲਈ ਅਥਾਹ ਯੋਗਤਾ ਰੱਖਦਾ ਸੀ। ਉਸ ਨੇ ਦੇਸ਼ ਦੇ ਹੋਰਨਾਂ ਖੇਤਰਾਂ ਤੱਕ ਪਹੁੰਚ ਕਰਕੇ ਹੋਰਨਾਂ ਇਨਕਲਾਬੀ ਜਥੇਬੰਦੀਆਂ ਨੂੰ ਵੀ ਗ਼ਦਰ ਲਈ ਤਿਆਰ ਕੀਤਾ।

ਭਾਈ ਪਰਮਾ ਨੰਦ ਲਿਖਦੇ ਹਨ : '1914-15 ਦੇ ਗ਼ਦਰ ਦਾ ਅਸਲੀ ਲੀਡਰ ਕਰਤਾਰ ਸਿੰਘ ਸਰਾਭਾ ਸੀ।'

ਬਾਬਾ ਸੋਹਣ ਸਿੰਘ ਭਕਨਾ ਉਸ ਨੂੰ ਗ਼ਦਰ ਪਾਰਟੀ ਦਾ ਬਾਲ-ਜਰਨੈਲ ਕਿਹਾ ਕਰਦੇ ਸਨ।

ਸ਼ਹੀਦ ਭਗਤ ਸਿੰਘ ਨੇ ਵਿਸ਼ੇਸ਼ ਲੇਖ ਰਾਹੀਂ ਕਰਤਾਰ ਸਿੰਘ ਸਰਾਭਾ ਦੀ ਸ਼ਖਸੀਅਤ ਅਤੇ ਕੁਰਬਾਨੀ ਨੂੰ ਉਚਿਆਇਆ ਹੈ। ਅਜੋਕੇ ਸਮੇਂ ਦੀਆਂ ਵੰਗਾਰਾਂ ਦੇ ਸਨਮੁੱਖ ਵਾਰ-ਵਾਰ ਅਜਿਹੀ ਕ੍ਰਾਂਤੀਕਾਰੀ ਭਾਵਨਾ ਵਾਲੇ ਇਨਕਲਾਬੀਆਂ ਦੀ ਯਾਦ ਆਉਂਦੀ ਹੈ। ਅੱਜ ਜਿਵੇਂ ਭੁੱਖ, ਨੰਗ, ਕੰਗਾਲੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਮਹਿੰਗਾਈ, ਮੁਲਕ-ਵੇਚੂ ਨੀਤੀਆਂ ਦਾ ਹੱਲਾ, ਜਾਤ-ਪਾਤ ਫਿਰਕਾਪ੍ਰਸਤੀ, ਨਸ਼ੇ, ਅਸ਼ਲੀਲ-ਬੀਮਾਰ ਸੱਭਿਆਚਾਰ, ਬਹੁਕੌਮੀ ਕੰਪਨੀਆਂ ਦਾ ਹੱਲਾ ਵਿੱਢਿਆ ਹੋਇਆ ਹੈ ਤਾਂ ਵਾਰ-ਵਾਰ ਇਹ ਸੁਆਲ ਉੱਠਦਾ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭੇ ਵਰਗਿਆਂ ਨੇ ਕੀ ਅਜਿਹੇ ਭਾਰਤ ਦੀ ਤਸਵੀਰ ਚਿਤਵੀ ਸੀ?

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਯੁੱਧ-ਸਾਥੀ, ਦੇਸ਼ ਭਗਤ ਬਾਬਾ ਕਿਰਪਾ ਸਿੰਘ ਨੇ ਸਾਡੇ ਮੁਲਕ 'ਚੋਂ ਅੰਗਰੇਜ਼ੀ ਹਾਕਮਾਂ ਦੇ ਚਲੇ ਜਾਣ ਤੋਂ ਬਾਅਦ ਸੰਨ 1970 ਵਿੱਚ ਅਮੁੱਲੀ ਲਿਖਤੀ ਟਿੱਪਣੀ ਕੀਤੀ ਜੋ ਔਝੜੇ ਰਾਹੀਂ ਪਈ ਜੁਆਨੀ ਲਈ ਸੁਨੇਹਾ ਵੀ ਹੈ ਅਤੇ ਵੰਗਾਰ ਵੀ : "ਅਸੀਂ ਗ਼ੁਲਾਮੀ ਅਤੇ ਜ਼ੁਲਮ ਦੇ ਵਿਰੁੱਧ ਲੜੇ ਸਾਂ, ਸਿਰਫ ਅੰਗਰੇਜ਼ਾਂ ਵਿਰੁੱਧ ਨਹੀਂ। ਅਸੀਂ ਤਾਂ ਪ੍ਰਣ ਕੀਤੇ ਸਨ ਕਿ ਇਹ ਜੱਦੋਜਹਿਦ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਦਾ ਜ਼ੁਲਮ ਮਨੁੱਖ ਉੱਤੇ ਭਾਰੂ ਹੈ। ਅੱਜ ਦੀ ਆਜ਼ਾਦੀ ਸਾਡਾ ਮਕਸਦ ਨਹੀਂ ਸੀ। ਜਿੱਥੇ 23 ਸਾਲ ਬਾਅਦ ਵੀ ਲੋਕ ਮੰਦਹਾਲੀ ਵਿੱਚ ਜੀਅ ਰਹੇ ਹਨ। ਉਨ੍ਹਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਥੋਥੀ ਰਾਜਨੀਤੀ ਵਿੱਚ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਅੱਜ ਵਿਦਿਆਰਥੀਆਂ ਅਤੇ ਕਿਸਾਨਾਂ ਨੂੰ ਜ਼ਰੂਰਤ ਹੈ ਜਾਗ੍ਰਿਤ ਹੋਣ ਦੀ। ਫੋਕੇ ਸ਼ੌਕਾਂ ਵਿੱਚ ਜ਼ਿੰਦਗੀ ਦੇ ਕੀਮਤੀ ਪਲ ਅਜਾਈਂ ਨਾ ਗੁਆਓ। ਮੈਂ ਆਸ ਕਰਦਾ ਹਾਂ ਕਿ ਦੇਸ਼ ਵਿੱਚ ਜਿੱਥੇ ਭਗਤ ਸਿੰਘ ਅਤੇ ਸਰਾਭੇ ਨੇ ਜਨਮ ਲਿਆ ਸੀ, ਅੱਜ ਵੀ ਨੌਜਵਾਨ ਜਿਉਂਦੇ ਹਨ, ਜਿਨ੍ਹਾਂ ਨੇ ਆਪਣੇ ਦੇਸ਼ ਦੀ ਖੁਸ਼ਹਾਲੀ ਲਈ ਹਰ ਕਦਮ ਚੁੱਕਣਾ ਹੈ। ਸਰਾਭੇ ਅਤੇ ਪਿੰਗਲੇ ਦਾ ਸੁਨੇਹਾ ਆਪਣੀਆਂ ਜ਼ਿੰਦਗੀਆਂ ਵਿਚ ਰਚਾ ਲਓ। ਆਪਣੇ ਦੇਸ਼ ਦੀ ਡਿੱਗ ਰਹੀ ਹਾਲਤ 'ਤੇ ਗ਼ੌਰ ਕਰੋ। ਹਨੇਰਿਆਂ ਦਾ ਫਸਤਾ ਵੱਢ ਕੇ ਹਰ ਚੌਕ ਵਿੱਚ ਸੱਚ ਦਾ ਦੀਵਾ ਜਗਾ ਦਿਓ।"

ਦੇਸ਼ ਭਗਤ ਬਜ਼ੁਰਗ ਨੇ ਜੋ ਟਿੱਪਣੀ 23 ਵਰ੍ਹੇ 'ਆਜ਼ਾਦੀ' ਦੇ ਬੀਤਣ ਮਗਰੋਂ ਕੀਤੀ ਉਹ ਅੱਜ 65 ਵਰ੍ਹੇ ਮਗਰੋਂ ਹੋਰ ਵੀ ਸੱਚ ਸਾਬਤ ਹੋ ਗਈ ਹੈ। ਕੀ ਅਸੀਂ ਹਨੇਰਾ ਦੂਰ ਕਰਨ ਲਈ ਮਿਲ ਕੇ ਸੱਚ ਦਾ ਦੀਵਾ ਜਗਾ ਕੇ ਨਿਕਲ ਤੁਰੇ ਹਾਂ?


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸੰਗਤ, ਪੰਗਤ ਅਤੇ ਗੁਰਦੁਆਰਾ

ਗ੍ਰਸਤ ਉਨ੍ਹਾਂ ਸਮਾਜਾਂ ਨੂੰ ਵੀ ਚਿਤਾਰਿਆ ਗਿਆ ਹੈ ਜਿਹੜੇ ਮਨ ਅੰਦਰ ਤਾਂ ਰਾਮ-ਰਾਮ ਕਰਦੇ ਹਨ ਪਰ ਬਾਹਰੋਂ ਹੁਕਮਰਾਨਾਂ ਨੂੰ ਪ੍ਰਸੰਨ ਕਰਨ ਲਈ ਉਨ੍ਹਾਂ ਦੇ ਧਰਮ ਗ੍ਰੰਥਾਂ ਦਾ ਪਾਠ ਕਰੀ ਜਾਂਦੇ ਹਨ। ਅਜਿਹੇ ਸਮਾਜ ਨਾ ਇਸ ਦੁਨੀਆ ਦੇ ਯੋਗ ਹੁੰਦੇ ਹਨ ਅਤੇ ਨਾ ਹੀ ਪਰਲੋਕ ਸੁੱਖ ਦੇ ਅਧਿਕਾਰੀ ਹੁੰਦੇ ਹਨ।

ਅਜਿਹੇ ਠੀਕ ਜੀਵਨ ਪੰਧ ਤੋਂ ਥਿੜਕੇ ਹੋਏ ਲੋਕ ਆਪਣੇ ਮਤਾਂ-ਮਤਾਂਤਰਾਂ ਨੂੰ ਠੀਕ ਠਹਿਰਾਉਣ ਵਿਚ ਅਨੇਕਾਂ ਪ੍ਰਕਾਰ ਦੇ ਕਰਮਕਾਡਾਂ ਵਿਚ ਉਲਝਦੇ ਜਾਂਦੇ ਹਨ ਅਤੇ ਉਨ੍ਹਾਂ ਦੇ ਪਿੱਛੇ ਲੱਗੇ ਲੋਕ ਆਪਣੇ-ਆਪਣੇ ਮਾਰਗ ਦਰਸ਼ਕਾਂ ਨੂੰ ਸਹੀ ਦੱਸਣ ਹਿਤ ਆਪਸ ਵਿਚ ਉਲਝਦੇ ਰਹਿੰਦੇ ਹਨ ਅਤੇ ਕਈ ਤਰ੍ਹਾਂ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸਮੱਸਿਆਵਾਂ ਖੜ੍ਹੀਆਂ ਕਰ ਲੈਂਦੇ ਹਨ। ਭਾਈ ਗੁਰਦਾਸ ਜੀ ਨੇ ਅਜਿਹੀ ਸਥਿਤੀ ਦਾ ਵਰਨਣ ਆਪਣੀਆ ਰਚਨਾਵਾਂ ਵਿਚ ਬਿਉਰੇਵਾਰ ਕੀਤਾ ਹੈ :-

ਚਾਰ ਵਰਨ ਚਾਰ ਮਜਹਬਾਂ ਜਗ ਵਿਚ ਹਿੰਦੂ ਮੁਸਲਮਾਣੇ।
ਖੁਦ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤ ਮੁਸਲਮਾਨ ਕੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਮ ਭੁਲਾਣੇ।
ਬੇਦ ਕਤੇਬ ਭੁਲਾਇਕੇ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮਣ ਮਉਲਾਣੇ।।

ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਕਿ ਬੇਸ਼ੱਕ ਸੈਂਕੜੇ ਸਾਲਾਂ ਤੋਂ ਭਾਰਤ ਵਿਚ ਰਿਸ਼ੀਆਂ-ਮੁਨੀਆਂ ਅਤੇ ਵਿਦਵਾਨਾਂ ਨੇ ਵੱਖਰੇ-ਵੱਖਰੇ ਢੰਗ ਨਾਲ ਗਿਆਨ ਦੀਆਂ ਪਰਿਭਾਸ਼ਾਵਾਂ ਵੀ ਦਿੱਤੀਆਂ ਹਨ ਅਤੇ ਗਿਆਨ ਦੀਆਂ ਵੱਖ-ਵੱਖ ਪਰਤਾਂ ਦੀਆਂ ਚਰਚਾਵਾਂ ਵੀ ਬਹੁਤ ਹੋਈਆਂ ਹਨ ਅਤੇ ਗਿਆਨ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣ ਹਿਤ ਸ਼ਾਸਤਰਾਰਥਾਂ ਦੇ ਨਾਂ ਤੇ ਵਾਦ-ਵਿਵਾਦ ਤਾਂ ਬਹੁਤ ਕੀਤੇ ਗਏ ਹਨ ਪਰ ਸਿਧਾਂਤਾਂ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣ ਲਈ ਸੰਸਥਾਵਾਂ ਦੀ ਸਥਾਪਨਾ ਹਿੱਤ ਕੁਝ ਵੀ ਨਹੀਂ ਕੀਤਾ ਗਿਆ। ਸਗੋਂ ਵਰਣ ਵਿਵਸਥਾ ਵਰਗੀ ਸੰਸਥਾ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰ ਦਿੱਤਾ ਅਤੇ ਮਨੁੱਖੀ ਹਿੱਤ ਜਾਤਾਂ ਦੇ ਹਿੱਤਾਂ ਵਿਚ ਤਬਦੀਲ ਹੋ ਗਏ ਅਤੇ ਲੋਕ ਦਿਨ ਪ੍ਰਤੀ ਦਿਨ ਇਕ ਦੂਜੇ ਤੋਂ ਦੂਰ ਹੁੰਦੇ ਚਲੇ ਗਏ। ਨਤੀਜਾ ਸਭ ਦੇ ਸਾਹਮਣੇ ਸੀ। ਮੁੱਠੀ ਭਰ ਹਮਲਾਵਰ ਭਾਰਤ 'ਤੇ ਚੜ੍ਹ ਕੇ ਆਏ ਅਤੇ ਏਥੋਂ ਦੀ ਛਿੰਨ-ਭਿੰਨਤਾ ਦਾ ਲਾਭ ਉਠਾ ਕੇ ਸੈਂਕੜੇ ਸਾਲਾਂ ਤਕ ਏਥੇ ਹਕੂਮਤ ਕਰਦੇ ਰਹੇ। ਸ਼ੱਕ, ਹੂਣਾਂ ਤੋਂ ਪਹਿਲਾਂ ਯੂਨਾਨੀਆਂ ਅਤੇ ਫ਼ਾਰਸ ਦੇ ਲੋਕਾਂ ਨੇ ਭਾਰਤ 'ਤੇ ਹਮਲੇ ਕਰਕੇ ਇਸ ਦੇ ਕਈ ਭਾਗਾਂ ਨੂੰ ਆਪਣੇ ਅਧੀਨ ਬਣਾਈ ਰੱਖਿਆ। ਇਨ੍ਹਾਂ ਤੋਂ ਬਾਅਦ ਗੌਰ, ਗਜ਼ਨੀ ਦੇ ਹਾਕਮਾਂ ਨੇ ਭਾਰਤ 'ਤੇ ਹਮਲੇ ਕੀਤੇ ਅਤੇ ਉਨ੍ਹਾਂ ਦੇ ਗੁਲਾਮਾਂ ਨੇ ਇਸ ਭਾਰਤ ਮਹਾਨ 'ਤੇ ਪੂਰੇ ਤਿੰਨ ਸੌ ਸਾਲ ਰਾਜ ਕੀਤਾ। ਸੰਨ 1526 ਤੋਂ ਬਾਅਦ ਪੂਰੀਆਂ ਸੱਤ ਪੁਸ਼ਤਾਂ ਤਕ ਮੁਗਲਾਂ ਨੇ ਇੱਥੇ ਹਕੂਮਤ ਕੀਤੀ, ਜਿਨ੍ਹਾਂ ਤੋਂ ਅੰਗਰੇਜ਼ਾਂ ਨੇ ਰਾਜ ਖੋਹਿਆ ਅਤੇ ਦੋ ਸੌ ਸਾਲ ਦੇ ਲਗਪਗ ਏਥੇ ਰਾਜ ਕੀਤਾ ਅਤੇ ਭਾਰਤ ਦੀ ਸ਼੍ਰੇਣੀ ਅਤੇ ਜਾਤ ਵੰਡ ਨੂੰ ਆਪਣੇ ਹੱਕ ਵਿਚ ਵਰਤਣ ਲਈ ਇਨ੍ਹਾਂ ਵੰਡੀਆਂ ਨੂੰ ਹੋਰ ਮਜ਼ਬੂਤ ਕੀਤਾ।

ਸਿੱਖ ਧਰਮ ਦਾ ਉਦਭਵ ਪੰਦਰਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਉਦਾਸੀਆਂ ਨਾਲ ਸ਼ੁਰੂ ਹੋਇਆ। ਉਨ੍ਹਾਂ ਨੇ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਿਆ ਹੈ ਭਾਰਤ ਦੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਹਾਲਤ ਨੂੰ ਬੜੀ ਨੀਝ ਨਾਲ ਘੋਖਿਆ, ਪੜਚੋਲਿਆ ਅਤੇ ਭਾਰਤ ਦੇ ਉੱਚ ਸ਼੍ਰੇਣੀ ਅਤੇ ਅਖੌਤੀ ਦੱਬੇ-ਕੁਚਲੇ ਲੋਕਾਂ ਨੂੰ ਬਰਾਬਰੀ ਦਾ ਅਹਿਸਾਸ ਕਰਾਉਣ ਲਈ ਆਪਣੀ ਅਗੰਮੀ ਬਾਣੀ ਰਾਹੀਂ ਸਿੱਖਿਆ ਦਿੱਤੀ ਅਤੇ ਨਾਲ ਹੀ ਨਾਲ 'ਸੰਗਤ' ਨਾਮਕ ਸੰਸਥਾ ਦੀ ਨੀਂਹ ਰੱਖੀ। ਉਹ ਜਿੱਧਰ ਵੀ ਗਏ ਉੱਥੇ 'ਸੰਗਤਾਂ' ਸਥਾਪਤ ਕੀਤੀਆਂ।

ਪਵਿੱਤਰ ਸੰਗਤ ਸ਼ਰਧਾਲੂਆਂ ਦਾ ਇਕ ਅਜਿਹਾ ਇਕੱਠ ਹੈ ਜਿੱਥੇ ਵਿਅਕਤੀ ਸਮਾਜ ਵਿਚ ਅਤੇ ਸਮਾਜ ਲਈ ਜੀਵਨ-ਜਾਚ ਸਿੱਖਦਾ ਹੈ। 'ਸੰਗਤ' ਦੇ ਤਿੰਨ ਪਹਿਲੂ ਧਿਆਨ ਦੇਣ ਯੋਗ ਹਨ। ਪਹਿਲਾ ਪੱਖ ਇਹ ਹੈ ਕਿ ਗੁਰੂ ਨਾਨਕ ਸਾਰੰਗ ਕੀ ਵਾਰ (ਪੰਨਾ 1244) ਵਿਚ ਫੁਰਮਾਉਂਦੇ ਹਨ ਕਿ ਸਤਿਸੰਗਤ ਨਾਮ ਦਾ ਉਹ ਅਮੁੱਕ ਖਜ਼ਾਨਾ ਹੈ ਜਿਸ ਰਾਹੀਂ ਪ੍ਰਮਾਤਮਾ ਨਾਲ ਸਾਖਿਆਤਕਾਰ ਹੁੰਦਾ ਹੈ। ਏਥੇ ਹੀ ਗੁਰੂ ਦੀ ਕ੍ਰਿਪਾ ਨਾਲ ਅੰਤਰਮਨ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਹਿਰਦੇ ਵਿਚ ਚਾਨਣ ਹੋ ਜਾਂਦਾ ਹੈ। ਸੰਗਤ ਵਿਚ ਹੀ ਊਚ-ਨੀਚ ਦੇ ਹਨੇਰੇ ਦਾ ਵਿਨਾਸ਼ ਹੁੰਦਾ ਹੈ ਅਤੇ ਸਾਰੇ ਆਪਣੇ ਵਰਗੇ ਹੀ ਲੱਗਦੇ ਹਨ। ਹਿਰਦੇ ਦੇ ਚਾਨਣ ਵਿਚ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਵੇਖਣ ਦੀ ਜਾਚ ਸਿੱਖ ਜਾਂਦੇ ਹਾਂ ਅਤੇ ਦੂਜਿਆਂ ਲਈ ਵੀ ਪ੍ਰੇਰਨਾਸ੍ਰੋਤ ਬਣ ਸਕਦੇ ਹਾਂ। ਸੰਗਤ ਰੂਪੀ ਪਾਰਸ ਨਾਲ ਲੱਗ ਕੇ ਲੋਹਾ ਰੂਪੀ ਮਨ ਕੰਚਨ ਹੋ ਕੇ ਸਾਰਿਆਂ ਲਈ ਸੁਖਦਾਇਕ ਹੋ ਨਿੱਬੜਦਾ ਹੈ—

ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ।।
ਗੁਰਪ੍ਰਸਾਦੀ ਘਟ ਚਾਨਣਾ ਆਨ੍ਹੇਰ ਗਵਾਇਆ।
ਲੋਹਾ ਪਾਰਸ ਭੇਟੀਐ ਕੰਚਨੁ ਹੋਇ ਆਇਆ (ਪੰਨਾ 1244)।

ਸੰਗਤ ਦਾ ਦੂਜਾ ਪੱਖ ਇਹ ਵੀ ਧਿਆਨਯੋਗ ਹੈ ਕਿ ਪਿੱਛੇ ਦੱਸੀ ਪ੍ਰਾਪਤੀ ਲਈ ਵਿਅਕਤੀ ਨੂੰ ਕੈਵਲਯ (ਸਾਂਖ ਸ਼ਾਸਤਰ ਦੀ ਮੁਕਤੀ) ਪ੍ਰਾਪਤ ਕਰਨ ਦੇ ਬਹਾਨੇ ਘਰ-ਬਾਹਰ ਦੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਹੈ। ਅਧਿਆਤਮਿਕ ਉਚਾਣਾਂ ਪ੍ਰਾਪਤ ਕਰਨ ਦੇ ਬਹਾਨਿਆਂ ਥੱਲੇ ਨਾਥਾਂ ਯੋਗੀਆਂ ਦੇ 'ਭੈਰਵੀ ਚੱਕਰਾਂ' ਦਾ ਆਯੋਜਨ ਪਿਛਲੇ ਕਈ ਸਾਲਾਂ ਤੋਂ ਨਿਵੇਕਲੇ ਸਥਾਨਾਂ 'ਤੇ ਕੀਤਾ ਜਾ ਰਿਹਾ ਸੀ ਅਤੇ ਆਸਾਮ ਦੇ ਕਾਮਾਖਿਆ ਆਦਿ ਸਥਾਨਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਅਜਿਹੇ ਪ੍ਰਪੰਚਾਂ ਨੂੰ ਲਾਜ਼ਮੀ ਵੇਖਿਆ ਹੋਵੇਗਾ। ਅਜਿਹੇ ਇਕੱਠਾਂ ਵਿਚ ਕਈ ਗੁਹਝ ਸਾਧਨਾਵਾਂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਭੈਰਵੀ ਚੱਕਰ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਇਕੱਠਾਂ ਵਿਚ ਮਾਸ, ਮਛਲੀ, ਮਦ (ਸ਼ਰਾਬ), ਮੈਥੁਨ ਅਤੇ ਮੁਦਰਾ ਅਰਥਾਤ 'ਪੰਚ ਮਕਾਰਾਂ' ਦਾ ਖੁੱਲ੍ਹ ਕੇ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਇਨ੍ਹਾਂ ਇਕੱਠਾਂ ਵਿਚ ਚੋਣਵੇਂ ਜੋਗੀਆਂ ਅਤੇ ਇਸਤਰੀਆਂ ਨੂੰ ਹੀ ਪ੍ਰਵੇਸ਼ ਦਿੱਤਾ ਜਾਂਦਾ ਸੀ। ਅਧਿਆਤਮਿਕਤਾ ਦੇ ਨਾਂ 'ਤੇ ਕਾਮੁਕਤਾ ਨੂੰ ਵਧਾਉਣ-ਅਪਣਾਉਣ ਦੀ ਖੁੱਲ੍ਹ ਕਾਰਨ ਪਾਖੰਡੀ ਜੋਗੀਆਂ ਦੀ ਗਿਣਤੀ ਵਿਚ ਵਾਧਾ ਹੋਣਾ ਵੀ ਗ਼ੈਰ-ਸੁਭਾਵਿਕ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਸੰਗਤ ਸੰਸਥਾ ਦੀ ਸਥਾਪਨਾ ਕਰਕੇ ਬਿਨਾ ਕਿਸੇ ਜਾਤ ਜਾਂ ਧਰਮ ਭੇਦ ਦੇ ਇਸ ਵਿਚ ਸਭ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਕਿਸੇ ਵੀ ਗੁੱਝੇ ਸਾਧਨਾਂ ਦੀ ਵਕਾਲਤ ਨਹੀਂ ਕੀਤੀ, ਸਗੋਂ ਸੱਚਾ ਤੇ ਸੁੱਚਾ ਜੀਵਨ ਜੀਣ ਦਾ ਉਪਦੇਸ਼ ਦੇ ਕੇ ਇਕ-ਦੂਜੇ ਨਾਲ ਬਿਨਾ ਕਿਸੇ ਵਿਤਕਰੇ ਤੋਂ ਜੁੜਨ ਦੀ ਪ੍ਰੇਰਨਾ ਦਿੱਤੀ।

ਸੰਗਤ ਸਬੰਧੀ ਤੀਜਾ ਪੱਖ ਇਹ ਵੀ ਹੈ, ਜਿਹੜਾ ਘਰ-ਬਾਰ ਛੱਡ ਕੇ ਜੰਗਲਾਂ ਵਿਚ ਤਪੱਸਿਆ ਕਰਨ ਦਾ ਢੰਗ ਕਰਨ ਵਾਲਿਆਂ ਨਾਲ ਸਬੰਧਤ ਹੈ। ਮਨੋਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਕਿਸੇ ਗੁਫ਼ਾ ਜਾਂ ਜੰਗਲ ਵਿਚ ਇਕੱਲੇ ਰਹਿੰਦੇ ਹੋਏ ਕੋਈ ਆਸਾਨੀ ਨਾਲ ਹੀ ਠੀਕ ਰਾਹ ਤੋਂ ਭਟਕ ਸਕਦਾ ਹੈ ਕਿਉਂਕਿ ਉੱਥੇ ਦਿਲ ਅਤੇ ਮਨ ਦੀਆਂ ਮਾੜੀਆਂ ਗਿਣਤੀਆਂ-ਮਿਣਤੀਆ ਨੂੰ ਰੋਕਣ ਵਾਸਤੇ ਬਾਹਰੀ ਪ੍ਰਬੰਧ ਕੋਈ ਨਹੀਂ ਹੁੰਦਾ। ਪੁਰਾਣਾਂ ਦੀਆਂ ਪ੍ਰਾਚੀਨ ਕਥਾ-ਕਹਾਣੀਆਂ ਇਹ ਆਮ ਦੱਸਦੀਆਂ ਹਨ ਕਿ ਕਈ ਰਿਸ਼ੀ ਇੰਦਰ ਵੱਲੋਂ ਭੇਜੀਆਂ ਅਪਸਰਾਵਾਂ ਜਾਂ ਫਿਰ ਆਦਿ ਵਾਸੀ ਸੁੰਦਰ ਇਸਤਰੀ ਦੇ ਜਾਲ ਵਿਚ ਸਹਿਜੇ ਹੀ ਫਸ ਜਾਂਦੇ ਹਨ ਅਤੇ ਤਪੱਸਿਆ ਨੂੰ ਵਿਚੇ ਹੀ ਛੱਡ ਕੇ ਕਾਮ-ਵਾਸਨਾ ਦੀ ਪਕੜ ਵਿਚ ਆ ਜਾਂਦੇ ਹਨ। ਪ੍ਰੰਤੂ ਜੇਕਰ ਵਿਅਕਤੀ ਸਮਾਜ ਵਿਚ ਰਹਿੰਦਾ ਹੈ ਜਿਸ ਦਾ ਹੋਰ ਪਵਿੱਤਰ ਰੂਪ 'ਸੰਗਤ' ਹੈ ਤਾਂ ਉਹ ਵਿਸ਼ੇ-ਵਿਕਾਰਾਂ ਦੀ ਪਕੜ ਤੋਂ ਸੁਭਾਵਿਕ ਹੀ ਬਚਿਆ ਰਹਿੰਦਾ ਹੈ।

ਜਿਹੜੇ ਆਪਣੀਆਂ ਇੰਦਰੀਆਂ ਨੂੰ ਭੈੜੇ ਕਰਮ ਕਰਨ ਲਈ ਹੱਲਾਸ਼ੇਰੀ ਦੇਈ ਰੱਖਦੇ ਹਨ, ਸੰਗਤ ਉਨ੍ਹਾਂ ਲਈ ਇਕ ਅਜਿਹਾ ਸਥਾਨ ਹੈ, ਜਿੱਥੇ ਲੰਗਰ ਅਤੇ ਜੋੜਿਆਂ ਆਦਿ ਦੀ ਸੇਵਾ ਕਰਦੇ ਹੋਏ ਵਿਅਕਤੀ ਸਮਾਜ ਨਾਲ ਜੁੜਿਆ ਰਹਿੰਦਾ ਹੈ, ਉੱਥੇ ਨਾਲ ਹੀ ਨਾਲ ਉਸ ਦੀ ਹਉਮੈਂ ਨੂੰ ਵੀ ਠੱਲ੍ਹ ਪਈ ਰਹਿਣ ਦੀ ਵਧੇਰੇ ਗੁੰਜਾਇਸ਼ ਹੁੰਦੀ ਹੈ। ਦਰਅਸਲ ਸੰਗਤ ਦੀ ਸੰਸਥਾ ਨੂੰ ਹੋਰ ਪੱਕਾ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਲੰਗਰ ਅਥਵਾ ਪੰਗਤ ਦੀ ਸੰਸਥਾ ਵੀ ਆਰੰਭ ਕੀਤੀ। ਪੰਗਤ ਵਿਚ ਬਿਨਾ ਕਿਸੇ ਪੁੱਛ-ਪੜਤਾਲ ਦੇ ਪਰਸ਼ਾਦਾ ਛਕਣ ਅਤੇ ਛਕਾਉਣ ਵਾਲਾ ਸੇਵਾ ਵਿਚ ਲੀਨ ਬਣਿਆ ਰਹਿੰਦਾ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਵੀ ਇਨ੍ਹਾਂ ਸੰਸਥਾਵਾਂ ਨੂੰ ਅੱਗੇ ਵਧਾਇਆ ਅਤੇ ਗੁਰੂ ਘਰ ਦਾ ਇਕ ਨਿਯਮ ਹੀ ਬਣ ਗਿਆ ਕਿ 'ਪਹਿਲੇ ਪੰਗਤ ਪਾਛੇ ਸੰਗਤ।'

ਸੰਗਤ ਸੰਸਥਾ ਨੂੰ ਗੁਰੂ ਸਾਹਿਬਾਨ ਵੱਲੋਂ ਨਿਯੁਕਤ ਕੀਤੇ ਹੋਏ ਮੰਜੀਦਾਰਾਂ ਅਤੇ ਮਸੰਦਾਂ ਨੇ ਵੱਖਰੇ-ਵੱਖਰੇ ਇਲਾਕਿਆਂ ਵਿਚ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਅਤੇ ਹੁਣ ਸੰਗਤ ਹੀ ਮਸੰਦਾਂ ਰਾਹੀਂ ਕੌਮ ਅਤੇ ਗੁਰੂ ਘਰ ਦੀ ਸਾਂਭ-ਸੰਭਾਲ ਕਰਨ ਲੱਗ ਪਈ ਸੀ। ਸੰਗਤਾਂ ਹੀ ਹੁਣ ਰੁਪਈਏ ਪੈਸੇ ਦਾ ਚੜ੍ਹਾਵਾ ਇਕੱਠਾ ਕਰਦੀਆਂ ਅਤੇ ਮਸੰਦਾਂ ਰਾਹੀਂ ਗੁਰੂ ਘਰ ਨੂੰ ਭੇਜਦੀਆਂ ਸਨ। ਸਹਿਜੇ-ਸਹਿਜੇ ਸੰਗਤ ਇੰਨੀ ਮਜ਼ਬੂਤ ਸੰਸਥਾ ਬਣ ਗਈ ਕਿ ਅੱਜ ਤਕ ਵੀ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਵੀਹ ਵਿਸਵੇ ਤਾਂ ਸੰਗਤ ਇੱਕੀ ਵਿਸਵੇ ਹੈ। ਇਹ ਕੇਵਲ ਕਹਿਣ ਵਿੱਚ ਹੀ ਨਹੀਂ ਸੀ ਸਗੋਂ ਸਮੇਂ-ਸਮੇਂ ਇਸ ਕਥਨ ਦੀ ਸੱਚਾਈ ਦੀ ਪਰਖ ਵੀ ਹੁੰਦੀ ਰਹੀ। ਮੁਗਲ ਦਰਬਾਰ ਦੇ ਅਧਿਕਾਰੀ ਚੰਦੂ ਲਾਲ ਵੱਲੋਂ ਗੁਰੂ ਘਰ ਪ੍ਰਤੀ ਕਹੇ ਮਾੜੇ ਸ਼ਬਦਾਂ ਦਾ ਸਿੱਖ ਸੰਗਤ ਨੇ ਬੁਰਾ ਮਨਾਇਆ ਅਤੇ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀਆਂ ਇੱਛਾਵਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਆਪਣੇ ਸਪੁੱਤਰ (ਗੁਰੂ) ਹਰਗੋਬਿੰਦ ਜੀ ਦਾ ਰਿਸ਼ਤਾ ਚੰਦੂ ਦੀ ਪੁੱਤਰੀ ਨਾਲ ਹੁੰਦਾ ਹੁੰਦਾ ਨਾਮਨਜ਼ੂਰ ਕਰ ਦਿੱਤਾ। ਏਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੂੰ ਸਰਕਾਰੀ ਸਹਾਇਤਾ ਦੇ ਬਾਵਜੂਦ ਸੰਗਤ ਨੇ ਗੁਰੂ ਨਹੀਂ ਮੰਨਿਆ ਅਤੇ ਰਾਮ ਰਾਇ ਨੂੰ ਵੀ ਬਾਣੀ ਵਿਚ ਤਬਦੀਲੀ ਕਰਕੇ ਗਲਤ ਅਰਥ ਕਰਨ ਕਾਰਨ ਸੰਗਤਾਂ ਨੇ ਤਿਆਗ ਦਿੱਤਾ। ਧੀਰਮੱਲ ਨੂੰ ਵੀ ਸਿੱਖੀ ਦੀ ਮੁੱਖ ਧਾਰਾ ਤੋਂ ਵੱਖਰਾ ਕਰਕੇ ਸੰਗਤ ਨੇ ਸਿੱਧ ਕਰ ਦਿੱਤਾ ਕਿ ਸਰਕਾਰੀ ਸਹਾਇਤਾ ਕੁਝ ਨਹੀਂ ਕਰ ਸਕਦੀ ਜੇਕਰ ਸੰਗਤ ਮਾਨਤਾ ਨਹੀਂ ਦਿੰਦੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਸਾਹਿਬਾਨ ਸਿੱਖਾਂ ਵਾਸਤੇ ਸਦਾ ਹੀ ਇਕ ਚਾਨਣਮੁਨਾਰਾ ਰਹੇ ਹਨ ਪ੍ਰੰਤੂ ਸਿੱਖ ਧਰਮ ਨੂੰ ਵਧਣ-ਫੁਲਣ ਵਿਚ ਸਿੱਖ ਸੰਗਤ ਵੱਲੋਂ ਦਿੱਤੀ ਸਹਾਇਤਾ ਮਹਾਨ ਅਤੇ ਪ੍ਰਸ਼ੰਸਾਯੋਗ ਹੈ। ਗੁਰੂ ਹਰਗੋਬਿੰਦ ਜੀ ਦੇ ਸਮੇਂ ਤਕ ਸਿੱਖ ਸੰਗਤ ਇਸ ਤੱਥ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੋ ਚੁੱਕੀ ਸੀ ਕਿ ਸ਼ਕਤੀ ਤੋਂ ਬਿਨਾ ਭਗਤੀ ਅਧੂਰੀ ਹੀ ਨਹੀਂ ਹੈ ਸਗੋਂ ਸਮਾਜ ਲਈ ਹਾਨੀਕਾਰਕ ਵੀ ਹੈ। ਆਰੰਭ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਦ੍ਰਿੜ ਕੀਤਾ ਹੋਇਆ ਸੀ ਕਿ ਮਨੁੱਖਤਾ ਨੂੰ ਪ੍ਰੇਮ ਕਰਨ ਲਈ ਬਲੀਦਾਨ ਦੇ ਜਜ਼ਬੇ ਨੂੰ ਬਲਵਾਨ ਬਣਾਉਣਾ ਪਵੇਗਾ ਅਤੇ ਇਸ ਰਾਹ 'ਤੇ ਚੱਲਦਿਆਂ ਸਿਰ ਨੂੰ ਤਲੀ 'ਤੇ ਰੱਖ ਕੇ ਅੱਗੇ ਵਧਦੇ ਜਾਣਾ ਪਵੇਗਾ। ਸੰਗਤ ਦੇ ਸਿਧਾਂਤ ਦੀ ਹੋਰ ਵਿਆਖਿਆ ਕਰਦੇ ਹੋਏ ਗੁਰੂ ਅੰਗਦ ਦੇਵ ਜੀ ਨੇ ਹੋਰ ਵੀ ਸਪੱਸ਼ਟ ਕੀਤਾ ਕਿ ਬੇਸ਼ੱਕ ਅੱਜ ਤਕ ਇਸ ਸਿਧਾਂਤ ਨੂੰ ਮੰਨਿਆ ਜਾ ਰਿਹਾ ਹੈ ਕਿ ਜੋਗੀਆਂ ਦਾ ਮਾਰਗ ਗਿਆਨ ਦਾ ਮਾਰਗ ਹੈ, ਬ੍ਰਾਹਮਣਾਂ ਦਾ ਮਾਰਗ ਵੇਦਾਂ ਦਾ ਅਧਿਐਨ ਕਰਨਾ ਹੈ, ਖੱਤਰੀਆਂ ਦਾ ਮਾਰਗ ਸੂਰਮਤਾਈ ਲਈ ਤਿਆਰ ਬਰ ਤਿਆਰ ਰਹਿਣਾ ਹੈ ਅਤੇ ਅਖੌਤੀ ਸ਼ੂਦਰਾਂ ਦਾ ਮਾਰਗ ਪਰਾਈ ਕਿਰਤ ਅਰਥਾਤ ਸੇਵਾ ਕਰਨਾ ਹੀ ਹੈ ਪਰ ਸਿੱਖੀ ਇਸ ਤੱਥ ਤੋਂ ਉਲਟ ਇਹ ਪਰਵਾਨ ਕਰਦੀ ਹੈ ਕਿ ਸਾਰਿਆਂ ਦਾ ਮਾਰਗ ਸਾਂਝਾ ਇਕੋ ਹੀ ਹੈ, ਅਰਥਾਤ ਸਾਰਿਆਂ ਨੇ ਸਾਰੇ ਕੰਮ ਕਰਨੇ ਹਨ; ਜਿਹੜਾ ਇਸ ਤੱਥ ਦੇ ਰਹੱਸ ਨੂੰ ਸਮਝਦਾ ਹੈ, ਨਾਨਕ (ਗੁਰੂ ਅੰਗਦ) ਤਾਂ ਉਸੇ ਦਾ ਸੇਵਕ ਹੈ ਅਤੇ ਉਹੀ ਸਾਡੇ ਲਈ ਪ੍ਰਮਾਤਮਾ ਹੈ :-

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।।
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ।।
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।।
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।। (ਪੰਨਾ 469)

ਇਨ੍ਹਾਂ ਸਾਰੇ ਸਿਧਾਂਤਾਂ ਨੂੰ ਪਰਪੱਕਤਾ ਦੇਣ ਲਈ ਸਿੱਖ ਸੰਗਤਾਂ ਨੇ ਪਹਿਲਾਂ ਸੰਗਤ ਰੂਪ ਵਿਚ ਇਕੱਠੇ ਹੋਣ ਲਈ ਧਰਮਸ਼ਾਲ ਬਣਾਈ ਜਿਹੜੀ ਕਾਲਾਂਤਰ ਵਿਚ ਗੁਰਦੁਆਰੇ ਦਾ ਰੂਪ ਧਾਰ ਕੇ ਅੱਜ ਸਿੱਖਾਂ ਦੀ ਇਕ ਕੇਂਦਰੀ ਸੰਸਥਾ ਹੈ ਜਿੱਥੇ ਮਿਲ-ਬੈਠ ਕੇ ਅਧਿਆਤਮਿਕਤਾ ਨੂੰ ਡੂੰਘਾ ਕਰਨ ਲਈ ਗੁਰਬਾਣੀ ਦਾ ਕੀਰਤਨ, ਕਥਾ ਵਖਿਆਨ ਹੁੰਦੇ ਹਨ ਅਤੇ ਸਮਾਜਿਕ ਪੰਥਕ ਮਸਲਿਆਂ ਨੂੰ ਵੀ ਵਿਚਾਰਿਆ ਜਾਂਦਾ ਹੈ ਅਤੇ ਪੰਥਕ ਫ਼ੈਸਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਵੱਲੋਂ ਕੀਤੇ ਗੁਰਮਤੇ ਰਾਹੀਂ ਲਈ ਜਾਂਦੇ ਹਨ।

## ਸਿੱਖ ਧਰਮ ਵਿਚ ਲੰਗਰ ਦਾ ਸੰਕਲਪ

ਗੁਰਮਤ ਅਨੁਸਾਰ ਲੰਗਰ ਦੇ ਸਿਧਾਂਤ ਨੂੰ ਸਮਝਦੇ ਹੋਏ ਸਾਨੂੰ ਚਾਹੀਦਾ ਹੈ ਕਿ ਸਾਡੇ ਲੰਗਰਾਂ ਵਿੱਚ ਸਾਦਗੀ ਹੋਵੇ। ਜੇ ਸਾਡੇ ਲੰਗਰਾਂ ਵਿੱਚ ਸਾਦਗੀ ਨਹੀਂ ਰਹੀ ਤਾਂ ਇਹ ਲੰਗਰ ਭਾਈ ਲਾਲੋ ਵਾਲੇ ਨਹੀਂ ਰਹੇ। ਅਸੀਂ ਲੰਗਰ ਕੇਵਲ ਆਪਣੀ ਅਮੀਰੀ ਦੇ ਦਿਖਾਵੇ ਲਈ ਕਰਦੇ ਹਾਂ। ਜੇ ਇਕ ਗੁਰਪੁਰਬ ਤੇ ਅਮੀਰੀ ਦੇ ਦਿਖਾਵੇ ਵਾਲੇ ਇਹ ਲੰਗਰ ਨਾ ਕਰੀਏ ਤਾਂ ਸੋਮਾਲੀਆ, ਬੋਸਨੀਆ, ਬੰਗਲਾਦੇਸ਼ ਅਤੇ ਉੜੀਸਾ ਵਰਗੀਆਂ ਗ਼ਰੀਬ ਥਾਵਾਂ ਤੇ ਭੁੱਖੇ ਤੇ ਲਾਚਾਰ ਲੋਕਾਂ ਨੂੰ ਸਾਰੀ ਉਮਰ ਵਾਸਤੇ ਰੋਟੀ ਖੁਆ ਸਕਦੇ ਹਾਂ, ਉਨ੍ਹਾਂ ਦਾ ਪਾਲਣ-ਪੋਸ਼ਣ ਕਰ ਸਕਦੇ ਹਾਂ, ਉਨ੍ਹਾਂ ਨੂੰ ਕੰਮ-ਕਾਜ ਦੇ ਸਕਦੇ ਹਾਂ। ਪਰ ਅਸੀਂ ਕੇਵਲ ਆਪਣਾ ਨਾਂ ਉੱਚਾ ਕਰਣ ਲਈ ਲੰਗਰ ਦੇ ਨਾਂ ਹੇਠਾਂ ਢੇਰ ਸਾਰੀ ਮਾਇਆ ਜ਼ਾਇਆ ਕਰ ਦੇਂਦੇ ਹਾਂ। ਇਸ ਤਰ੍ਹਾਂ ਸਾਡਾ ਨਾਂ ਤੇ ਉੱਚਾ ਹੋ ਗਿਆ ਪਰ ਲੰਗਰ ਦਾ ਮਕਸਦ ਹਲ ਨਹੀਂ ਹੁੰਦਾ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।। (ਗੁਰੂ ਗ੍ਰੰਥ ਸਾਹਿਬ, ਪੰਨਾ 1349)

ਏਕੁ ਪਿਤਾ ਏਕਸ ਕੇ ਹਮ ਬਾਰਿਕ ॥(ਗੁਰੂ ਗ੍ਰੰਥ ਸਾਹਿਬ, ਪੰਨਾ 611)

ਸਭ ਦੀਆਂ ਰਗਾਂ 'ਚ ਇਕੋ ਕਿਸਮ ਦਾ ਲਹੂ ਵਗਦਾ ਹੈ, ਫਿਰ ਉੱਚੀ-ਨੀਵੀਂ ਜ਼ਾਤ ਅਤੇ ਅਮੀਰੀ-ਗ਼ਰੀਬੀ ਦਾ ਵਿਤਕਰਾ ਕਰਨਾ ਮਨੁੱਖਤਾ ਦਾ ਸਿਧਾਂਤ ਨਹੀਂ। ਇਹ ਗੱਲ ਸਾਨੂੰ ਸੁਨੇਹਾ ਦੇਂਦੀ ਹੈ ਕਿ ਸਾਨੂੰ ਜ਼ਾਤ-ਪਾਤ ਦਾ ਵਿਤਕਰਾ ਨਹੀਂ ਕਰਨਾ ਚਾਹੀਦਾ। ਗੁਰੂ ਗ੍ਰੰਥ ਸਾਹਿਬ ਰਾਹੀਂ ਸਾਨੂੰ ਗੁਰੂਆਂ ਅਤੇ ਭਗਤਾਂ ਦੀ ਬਾਣੀ ਤੋਂ ਇਹੀ ਸੁਨੇਹਾ ਮਿਲਦਾ ਹੈ ਪਰ ਸਾਡਾ ਧਿਆਨ ਇਸ ਪਾਸੇ ਨਹੀਂ ਜਾਂਦਾ। ਅਫਸੋਸ ਇਸ ਗੱਲ ਦਾ ਹੈ ਕਿ ਸਰੋਵਰ ਅਤੇ ਲੰਗਰ ਦੀ ਪ੍ਰਥਾ ਚਲਾਉਣ ਦੇ ਬਾਵਜੂਦ ਅਸੀਂ ਜ਼ਾਤ-ਪਾਤ ਅਤੇ ਅਮੀਰੀ-ਗ਼ਰੀਬੀ ਦੇ ਵਿਤਕਰੇ ਵਾਲੀ ਖੇਡ ਕਰੀ ਜਾਂ ਰਹੇ ਹਾਂ। ਇਸਦਾ ਭਾਵ ਅਸੀਂ ਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਆਪਣਾ ਜੀਵਨ ਨਹੀਂ ਬਣਾ ਰਹੇ ਹਾਂ। ਲੰਗਰ ਦੀ ਪੰਗਤ ਵਿੱਚ ਬੈਠ ਕੇ ਬਰਾਬਰਤਾ ਸਿੱਖਦੇ ਹੋਏ ਅਸੀਂ ਆਪਣੇ ਆਪ ਨੂੰ ਆਤਮਕ ਤੌਰ ਤੇ ਵੀ ਉੱਚਾ ਕਰ ਸਕਦੇ ਹਾਂ।

ਲੰਗਰ ਵਿੱਚ ਸਾਦਗੀ ਅਤੇ ਸਫਾਈ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਸ ਤਰ੍ਹਾਂ ਮਲਕ ਭਾਗੋ ਨਾਮ, ਅਮੀਰੀ, ਦਿਖਾਵੇ ਅਤੇ ਹੇਰਾ-ਫੇਰੀ ਦੀ ਕਮਾਈ ਦਾ ਪ੍ਰਤੀਕ ਹੈ, ਉਸੇ ਤਰ੍ਹਾਂ 'ਭਾਈ ਲਾਲੋ' ਗਰੀਬ, ਮਿਹਨਤ-ਮੁਸ਼ੱਕਤ ਅਤੇ ਇਮਾਨਦਾਰੀ ਦੀ ਕਮਾਈ ਦਾ ਪ੍ਰਤੀਕ ਹੈ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖੀਏ ਤਾਂ ਸਾਨੂੰ ਸਮਝ ਪੈਂਦੀ ਹੈ ਕਿ ਲੰਗਰ ਸਭ ਦੇ ਲਈ ਸਾਂਝਾ ਹੈ, ਲੰਗਰ ਪਕਾਉਣਾ ਅਤੇ ਵਰਤਾਉਣਾ ਅਮਲੀ ਤੌਰ ਤੇ ਬਰਾਬਰਤਾ ਸਿੱਖਣ ਦਾ ਇੱਕ ਢੰਗ ਹੈ। ਪੁਰਾਤਨ ਸਮੇਂ ਹੀ ਨਹੀਂ ਅੱਜ ਤੋਂ ਤੀਹ-ਪੈਂਤੀ ਸਾਲ ਪਹਿਲੋਂ ਤੱਕ ਵੀ ਗੁਰਦੁਆਰੇ ਵਿੱਚ ਸੰਗਤਾਂ ਆਪ ਲੰਗਰ ਪਕਾਉਂਦੀਆਂ ਸਨ ਅਤੇ ਪਕਾਉਣ ਸਮੇਂ ਗੁਰਦੁਆਰੇ ਵਿੱਚ ਚਲ ਰਹੇ ਗੁਰਬਾਣੀ ਦੇ ਕਥਾ/ਕੀਰਤਨ ਸੰਗਤਾਂ ਦੇ ਕੰਨੀਂ ਪੈਂਦਾ ਸੀ, ਇਸ ਤਰ੍ਹਾਂ ਸਹਿਜੇ ਹੀ ਗੁਰੂ ਦੀ ਗੱਲ ਵੀ ਸਮਝ ਪੈ ਜਾਂਦੀ ਸੀ। ਹਰ ਉਮਰ, ਹਰ ਵਰਗ, ਜਾਤ, ਧਰਮ ਅਤੇ ਲਿੰਗ ਵਾਲੇ ਇਕੱਠੇ ਬੈਠਦੇ, ਬਿਨਾਂ ਕਿਸੀ ਵਿਤਕਰੇ ਦੇ ਲੰਗਰ ਪਕਾਉਂਦੇ ਅਤੇ ਵਰਤਾਉਂਦੇ ਸਨ। ਲੰਗਰ ਪਕਾਉਣ ਦੇ ਇਸ ਤਰੀਕੇ ਰਾਹੀਂ ਨਿਮਰਤਾ, ਏਕਤਾ ਅਤੇ ਬਰਾਬਰਤਾ (ਏਕੁ ਪਿਤਾ ਏਕਸ ਕੇ ਹਮ ਬਾਰਿਕ) ਦਾ ਸਿਧਾਂਤ ਦ੍ਰਿੜ ਹੁੰਦਾ ਸੀ, ਜੋ ਕਿ ਗੁਰੂ ਦੀ ਅਸਲੀ ਸੇਵਾ ਹੈ। ਲੰਗਰ ਦੀ ਸੇਵਾ ਹੱਥੀਂ ਮਿਹਨਤ ਕਰਕੇ ਕਰਨਾ ਸਿਹਤ ਲਈ ਵੀ ਫਾਇਦੇਮੰਦ ਸਿੱਧ ਹੁੰਦਾ ਹੈ। ਭਾਵੇਂ ਅੱਜ ਵੀ ਗੁਰਪੁਰਬਾਂ ਜਾਂ ਇਤਿਹਾਸਕ ਸਥਾਨਾਂ ਤੇ ਹੱਥੀਂ ਲੰਗਰ ਤਿਆਰ ਕੀਤਾ ਜਾਂਦਾ ਹੈ ਪਰ ਅੱਜ ਕਲ੍ਹ ਦੇ ਸਮੇਂ ਵਿੱਚ ਲੰਗਰ ਵਿੱਚੋਂ ਸਾਦਗੀ ਪੰਖ ਲਗਾ ਕੇ ਉਡ ਗਈ ਹੈ।

ਹਲਵਾਈਆਂ ਤੋਂ ਲੰਗਰ ਬਨਵਾਉਣਾ, ਹੋਟਲਾਂ ਤੋਂ ਮੰਗਵਾਉਣਾ ਜਾਂ ਢੇਰ ਸਾਰੇ ਪਕਵਾਨਾਂ ਨੂੰ ਲੰਗਰ ਦਾ ਨਾਮ ਦੇਣਾ ਗੁਰਮਤ ਅਸੂਲਾਂ ਤੋਂ ਵਿਰੁੱਧ ਹੈ। ਲੇਕਿਨ ਆਮ ਤੌਰ ਤੇ ਸੰਗਤਾਂ 'ਚ ਆਏ ਦਿਨ ਹਲਵਾਈ ਜਾਂ ਹੋਟਲਾਂ ਤੋਂ ਲੰਗਰ ਮੰਗਵਾ ਕੇ ਵਰਤਾਉਣ ਦੀ ਵਾਦੀ ਵੱਧਦੀ ਜਾ ਰਹੀ ਹੈ ਜੋ ਕਿ ਢਹਿੰਦੀਆਂ ਕਲਾਂ ਦੀ ਨਿਸ਼ਾਨੀ ਹੈ। ਬਾਹਰਲੇ ਦੇਸ਼ਾਂ 'ਚ ਵੀ ਕਈ ਥਾਵਾਂ ਤੇ ਹਲਵਾਈ ਨੂੰ ਗੁਰਦੁਆਰੇ ਬੁਲਵਾ ਕੇ ਲੰਗਰ ਪਕਵਾਉਂਦੇ ਹਨ। ਕਈ ਥਾਵਾਂ ਤੇ ਭਾਵੇਂ ਸੰਗਤਾਂ ਆਪ ਵੀ ਲੰਗਰ ਪਕਾਉਂਦੀਆਂ ਹਨ ਪਰ ਉੱਥੇ ਵੀ ਲੰਗਰ ਵਿੱਚ ਕੇਕ, ਜਲੇਬੀ, ਸ਼ਰਬਤ, ਪਰਾਂਠੇ, ਲੱਡੂ, ਖੀਰ, ਬਦਾਮ, ਬਰਫੀ ਆਦਿ ਚੀਜ਼ਾਂ ਲੰਗਰ ਵਿੱਚ ਵਰਤਾਈਆਂ ਜਾਂਦੀਆਂ ਹਨ ਨਤੀਜਤਨ ਲੰਗਰ ਵਿੱਚੋਂ ਸਾਦਗੀ ਅਤੇ ਬਰਾਬਰਤਾ ਵਾਲਾ ਸਿਧਾਂਤ ਅਲੋਪ ਹੁੰਦਾ ਜਾ ਰਿਹਾ ਹੈ।

ਕੁਦਰਤ ਦੇ ਨਿਯਮਾਂ ਨੂੰ ਸਮਝਣ ਵਾਲੇ ਨੁਕਤੇ ਅਨੁਸਾਰ ਬੀਮਾਰ ਨੂੰ ਹਸਪਤਾਲ ਜਾਂ ਡਾਕਟਰਾਂ ਤੋਂ ਛੁੱਪ ਕੇ, ਬਿਨਾਂ ਪੁੱਛੇ ਲੰਗਰ ਇਸ ਖ਼ਿਆਲ ਨਾਲ ਖੁਆਉਣਾ ਕਿ ਉਨ੍ਹਾਂ ਦੇ ਰੋਗ ਦੂਰ ਹੋ ਜਾਣਗੇ, ਗੁਰਮਤ ਦੇ ਸਿਧਾਂਤ ਤੋਂ ਲਾਂਭੇ ਹੋਣਾ ਅਤੇ ਇਕ ਅੰਧਵਿਸ਼ਵਾਸ ਹੈ। ਇਸ ਬਾਰੇ ਲੰਗਰ ਪਕਾਉਣ, ਵਰਤਾਉਣ ਅਤੇ ਕਮੇਟੀਆਂ ਨੂੰ ਧਿਆਨ ਰੱਖਣਾ ਚਾਹੀਦਾ ਹੈ। ਇਸ ਗੱਲ ਦਾ ਪ੍ਰਚਾਰ ਹੋਣਾ ਚਾਹੀਦਾ ਹੈ ਕਿ ਕਿਸੀ ਮਰੀਜ਼ ਨੂੰ ਕਿਨ੍ਹਾਂ ਹਾਲਾਤਾਂ ਵਿੱਚ ਅਤੇ ਡਾਕਟਰ ਦੀ ਰਾਇ ਮੁਤਾਬਕ ਲੰਗਰ ਦਿੱਤਾ ਜਾਵੇ ਕਿ ਨਹੀਂ; ਵਸ ਇਨ੍ਹਾਂ ਸਭ ਗੱਲਾਂ ਬਾਰੇ ਖੁਲ੍ਹ ਕੇ ਜਾਣਕਾਰੀ ਦਿੱਤੀ ਜਾਵੇ ਤਾ ਕਿ ਲੰਗਰ ਦੀ ਵਿੱਲਖਣਤਾ, ਮਹਾਨਤਾ ਅਤੇ ਬਰਾਬਰਤਾ ਜਿਹੇ ਸਾਰੇ ਗੁਣਾਂ ਨੂੰ ਜੀਵਤ ਰੱਖਿਆ ਜਾ ਸਕੇ। ਲੰਗਰ ਸਾਦਾ ਹੋਵੇ, ਸਾਫ ਹੋਵੇ ਅਤੇ ਸਰਬ ਸਾਂਝਾ ਹੋਵੇ। ਸਾਦੇ ਫੁਲਕੇ ਅਤੇ ਦਾਲ-ਸਬਜ਼ੀ ਤੋਂ ਵੱਧ ਲੰਗਰ ਵਿੱਚ ਵਿਖਾਵੇ ਨਾ ਕੀਤੇ ਜਾਣ ਬਲਕਿ ਸਭ ਦੀ ਉਮਰ ਵਾਲਿਆਂ ਦੀ ਸਿਹਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਲੈ ਕੇ ਲੰਗਰ ਪਕਾਉਣਾ ਲਾਹੇਵੰਦ ਹੋਵੇਗਾ।

ਜੇ ਕਰ ਅਸੀਂ ਲੰਗਰ ਕਰਨੇ ਹੀ ਹਨ ਤਾਂ ਸਾਦਗੀ ਵੱਲ ਜ਼ਰੂਰ ਧਿਆਨ ਕਰੀਏ ਜਿਸ ਨਾਲ ਖਰਚੇ ਬੱਚਣਗੇ, ਲੰਗਰ ਵੀ ਜ਼ਾਇਆ ਨਹੀਂ ਜਾਵੇਗਾ ਅਤੇ ਵੱਧ ਤੋਂ ਵੱਧ ਮਾਇਆ ਬਚਾ ਕੇ ਅਸੀਂ ਹਸਪਤਾਲ, ਯਤੀਮਖਾਨੇ, ਵਿਧਵਾ ਆਸ਼ਰਮ, ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦੇ ਸਕਦੇ ਹਾਂ ਜੋ ਕਿ ਗੁਰੂ ਸਾਹਿਬਾਨ ਵੇਲੇ ਵੀ ਅਮਲੀ ਤੌਰ ਤੇ ਕੀਤਾ ਜਾਂਦਾ ਸੀ। ਜੇ ਕਿਤੇ ਹੜ੍ਹ ਆਵੇ, ਸੋਕਾ ਪੈ ਜਾਵੇ, ਭੂਚਾਲ ਆ ਜਾਵੇ, ਅੱਗ ਲੱਗ ਜਾਵੇ ਜਾਂ ਕੋਈ ਬੇਘਰ ਹੋ ਜਾਵੇ ਤਾਂ ਗੁਰਦੁਆਰੇ ਜਾਂ ਕਿਸੇ ਸੰਸਥਾ ਵੱਲੋਂ ਰੱਲ ਕੇ ਲੰਗਰ ਤਿਆਰ ਕੀਤਾ ਜਾਂਦਾ ਹੈ। ਲੰਗਰ ਪਕਾਉਣ ਅਤੇ ਵਰਤਾਉਣ ਦੇ ਲਈ ਸੇਵਾ ਭਾਵਨਾ ਵਾਲੇ ਸੇਵਾਦਾਰ (ਵਲੰਟੀਅਰ) ਜਾਂਦੇ ਹਨ। ਇਹ ਗੁਰਮਤ ਦਾ ਇਕ ਅਨੋਖਾ ਅਤੇ ਸਰਬ ਸਾਂਝੀਵਾਲਤਾ ਜਿਊਣ ਦਾ ਵਿੱਲਖਣ ਢੰਗ ਹੈ। ਜਿਨ੍ਹਾਂ ਗੁਰਦੁਆਰਿਆਂ ਵਿੱਚੋਂ ਗਰੀਬਾਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ ਜਾਂ ਉਨ੍ਹਾਂ ਦੇ ਰੋਜ਼ਾਨਾ ਆ ਕੇ ਖਾਣ ਕਾਰਨ ਉਨ੍ਹਾਂ ਨੂੰ ਅੰਦਰ ਨਹੀਂ ਵੜਨ ਦਿੱਤਾ ਜਾਂਦਾ ਤਾਂ ਸਾਨੂੰ "ਜਿਥੈ ਨੀਚ ਸਮਾਲੀਅਨਿ ਵਾਲੇ ਨੁਕਤੇ ਵੱਲ ਧਿਆਨ ਕਰਨ ਦੀ ਲੋੜ ਹੈ। ਸੰਗਤਾਂ ਅਤੇ ਕਮੇਟੀਆਂ ਆਪ ਇਸ ਪਾਸੋਂ ਜਾਗ ਕੇ ਇਸ ਕੰਮ ਨੂੰ ਨਜਿੱਠ ਸਕਦੀਆਂ ਹਨ।

ਲੰਗਰ ਪਕਾਉਣਾ ਅਤੇ ਵਰਤਾਉਣਾ ਗੁਰਮਤ ਦਾ ਅਟੁੱਟ ਅੰਗ ਹੈ। ਇਸ ਰਾਹੀਂ ਨਿਮਰਤਾ ਅਤੇ ਬਰਾਬਰਤਾ ਦਾ ਸੁਭਾਅ ਪੱਕ ਜਾਂਦਾ ਹੈ। ਸਭ ਤੋਂ ਵੱਡਾ ਮਕਸਦ ਹੈ, ਗੁਰਮਤ ਨੂੰ ਸੁਣਨਾ, ਵਿਚਾਰਨਾ ਅਤੇ ਗੁਰਬਾਣੀ ਅਨੁਸਾਰ ਅਮਲੀ ਜੀਵਨੀ ਦਾ ਧਾਰਨੀ ਬਣਨਾ। ਜੇ ਕਰ ਅਸੀਂ ਲੰਗਰ ਪਕਾਉਣ ਅਤੇ ਵਰਤਾਉਣ ਵਿੱਚ ਆਪਣਾ ਤਨ, ਮਨ ਅਤੇ ਧਨ ਪਾਉਂਦੇ ਹਾਂ ਪਰ ਗੁਰਮਤ ਨਹੀਂ ਸਿੱਖਦੇ ਹਾਂ, ਅਮਲੀ ਜੀਵਨੀ ਵਾਲਾ ਸੁਭਾਅ ਨਹੀਂ ਬਣਾਂਦੇ ਹਾਂ, ਗੁੱਸੇ ਅਤੇ ਹੰਕਾਰੀ ਹੋ ਕੇ ਗਰੀਬ ਨੂੰ ਮਾੜੇ ਬੋਲ ਬੋਲਦੇ ਹਾਂ ਜਾਂ ਧੜੇਬਾਜ਼ੀ ਕਾਰਨ ਹੋਰਨਾਂ ਨੂੰ ਗਾਲਾਂ ਭਰੇ ਕੁਬੋਲ ਬੋਲਦੇ ਹਾਂ ਤਾਂ ਅਮਲੀ ਜੀਵਨੀ ਤੋਂ ਬਿਨਾ ਸਾਡਾ ਸਾਰਾ ਜੀਵਨ ਵਿਅਰਥ ਜਾ ਰਿਹਾ ਹੈ। ਲੰਗਰ ਪਕਾ ਕੇ, ਵਰਤਾ ਕੇ ਜਾਂ ਲੰਗਰ ਲਈ ਮਾਇਆ ਦੇ ਕੇ ਗੁਰਮਤ ਅਸੂਲਾਂ ਤੋਂ ਉਲਟ ਛੂਤ-ਛਾਤ, ਜ਼ਾਤ-ਪਾਤ, ਅਮੀਰ-ਗਰੀਬ ਦਾ ਵਿਤਕਰਾ ਅਤੇ ਪਖੰਡ, ਦਿਖਾਵੇ ਵਾਲੇ ਕਰਮਕਾਂਡ ਜੇ ਕਰ ਅਸੀਂ ਕਰਦੇ ਹਾਂ ਤਾਂ ਗਿਆਨ ਤੋਂ ਕੋਰੇ ਰਹਿੰਦੇ ਹਾਂ, ਸਾਡੀ ਸਾਰੀ ਮਿਹਨਤ ਅਜਾਈ ਜਾ ਰਹੀ ਹੈ ਅਤੇ ਨਿਰਾਰਥਕ ਹੀ ਸਿੱਧ ਹੋਵੇਗੀ।

ਭਾਵੇਂ ਲੰਗਰ ਪਕਾਈਏ, ਵਰਤਾਈਏ ਜਾਂ ਲੰਗਰ ਲਈ ਮਾਇਆ ਦੇਈਏ ਪਰ ਗੁਰਮਤ ਗਿਆਨ ਲੈਣਾ ਅਤੇ ਉਸ ਅਨੁਸਾਰ ਆਪਣਾ ਜੀਵਨ ਅਮਲੀ ਤੌਰ 'ਤੇ ਜਿਊਣਾ ਹੀ ਸਾਡੇ ਜੀਵਨ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ। ਧਰਮ ਦੀ ਕਿਰਤ ਕਮਾਈ, ਹੱਕ-ਹਲਾਲ ਦੀ ਕਮਾਈ ਅਤੇ ਹੋਰਨਾਂ ਲਈ ਵੰਡ ਛਕਣਾ ਹੀ ਗੁਰਮਤ ਅਨੁਸਾਰ ਲੰਗਰ ਦਾ ਪ੍ਰਤੀਕ ਹੈ।

## ਪੰਜਾਬ ਕਾਂਗਰਸ ਵਿਚ ਖਾਨਾਜੰਗੀ

ਹੋਰ ਸੂਬਿਆਂ ਦੇ ਮੁਕਾਬਲੇ ਪਾਰਟੀ ਲਈ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਜਿੱਤਣ ਦਾ ਪੂਰਾ ਭਰੋਸਾ ਪ੍ਰਗਟਾ ਰਹੇ ਸਨ।

17 ਮਈ ਨੂੰ ਜਦੋਂ ਚੋਣ ਪ੍ਰਚਾਰ ਖਤਮ ਹੋ ਰਿਹਾ ਸੀ, ਸਿੱਧੂ ਨੇ ਨਾ ਸਿਰਫ਼ ਬਾਦਲਾਂ ਵਿਰੁਧ ਸਗੋਂ ਕੈਪਟਨ ਅਮਰਿੰਦਰ ਸਿੰਘ 'ਤੇ ਵੀ ਤਿੱਖਾ ਹਮਲਾ ਕੀਤਾ। ਹਾਲਾਂਕਿ, ਉਨ੍ਹਾਂ ਨੇ ਬਿਨਾ ਕਿਸੇ ਵਿਅਕਤੀ ਜਾਂ ਪਾਰਟੀ ਦਾ ਨਾਮ ਲਏ ਕਿਹਾ ਕਿ "ਪੰਜਾਬ ਵਿੱਚ 75:25 ਦੇ ਅਨੁਪਾਤ ਨਾਲ ਇੱਕ ਦੋਸਤਾਨਾ ਮੈਚ ਖੇਡਿਆ ਜਾ ਰਿਹਾ ਹੈ।"

ਸਿੱਧੂ ਨੇ ਇਹ ਟਿੱਪਣੀ ਸਾਲ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਕਾਰਵਾਈ ਦੀ ਘਾਟ ਦੇ ਪ੍ਰਸੰਗ ਵਿੱਚ ਕੀਤੀ। ਸਾਲ 2015 ਵਿੱਚ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਅਤੇ ਉਨ੍ਹਾਂ ਦੇ ਬੇਟੇ ਸੁਖਬੀਰ ਸਿੰਘ ਬਾਦਲ ਸੂਬੇ ਦੇ ਉੱਪ ਗ੍ਰਹਿ ਮੰਤਰੀ ਸਨ।

### ਅਮਰਿੰਦਰ ਖੇਮੇ ਦਾ ਮੋੜਵਾਂ ਜਵਾਬ -

ਚੋਣਾਂ ਵਾਲੇ ਦਿਨ ਹੀ ਅਮਰਿੰਦਰ ਨੇ ਸਿੱਧੂ ਦੇ ਬਿਆਨ ਬਾਰੇ ਆਪਣੀ ਪ੍ਰਤੀਕਿਰਿਆ ਦਿੱਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਵਿੱਚ ਵੋਟ ਪਾਉਣ ਮਗਰੋਂ ਇੰਟਰਵਿਊ ਦੌਰਾਨ ਕਿਹਾ ਕਿ ਸਿੱਧੂ ਦੇ ਬਿਆਨ ਨਾਲ ਪਾਰਟੀ ਦੇ ਪ੍ਰਦਰਸ਼ਨ 'ਤੇ ਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਸ਼ਾਇਦ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ, ਪਰ ਇਹ ਉਸ ਦੀ ਸੋਚ ਹੈ। ਕੈਪਟਨ ਨੇ ਕਿਹਾ ਕਿ ਸਿੱਧੂ ਨੇ ਫਰੈਂਡਲੀ ਮੈਚ ਦੀ ਗੱਲ ਕਹਿ ਕੇ ਉਨ੍ਹਾਂ ਦਾ ਨਹੀਂ ਸਗੋਂ ਪਾਰਟੀ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਕੈਪਟਨ ਨੇ ਇਸ ਦੋਸ਼ ਦਾ ਖੰਡਨ ਕੀਤਾ ਸੀ ਕਿ ਸਿੱਧੂ ਦੀ ਪਤਨੀ ਦੀ ਟਿਕਟ ਕਟਵਾਉਣ ਵਿੱਚ ਕੋਈ ਭੂਮਿਕਾ ਹੈ, ਬਲਕਿ ਲੋਕ ਸਭਾ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਦਾ ਦਾਅਵਾ ਕਰਦਿਆਂ ਇੱਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਜੇਕਰ ਨਤੀਜੇ ਉਲਟ ਹੋਏ ਤਾਂ ਜ਼ੁੰਮੇਵਾਰੀ ਕਬੂਲਦਿਆਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ।

ਉਨ੍ਹਾਂ ਦੀ ਹਮਾਇਤ ਉੱਤੇ ਉਨ੍ਹਾਂ ਬ੍ਰਹਮ ਮਹਿੰਦਰਾ ਨਿੱਤਰੇ। ਮਹਿੰਦਰਾ ਨੇ ਕਿਹਾ ਕਿ ਇਸ ਨਾਲ ਕਾਂਗਰਸ ਨੂੰ ਹੀ ਨੁਕਸਾਨ ਹੋ ਰਿਹਾ ਹੈ। ਕੁਝ ਸਮੇਂ ਬਾਅਦ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਅਜਿਹੇ ਹੀ ਵਿਚਾਰ ਪਰਗਟ ਕੀਤੇ। ਉਨ੍ਹਾਂ ਤੋਂ ਬਾਅਦ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵੀ ਕੈਪਟਨ ਦੇ ਪੱਖ ਵਿਚ ਬੋਲੇ। ਜੇ ਪੰਜਾਬ ਕਾਂਗਰਸ ਦੇ ਇਸ ਸੰਕਟ ਉੱਪਰ ਕੇਂਦਰੀ ਲੀਡਰਸ਼ਿਪ ਨੇ ਕਾਰਵਾਈ ਨਾ ਕੀਤੀ ਤਾਂ ਇਹ ਵਧ ਸਕਦਾ ਹੈ।

### ਦੋਸਤਾਨਾ ਮੈਚ ਖੇਡਣ ਦੀ ਅਸਲੀਅਤ-

ਪੰਜਾਬ ਵਿਚ ਇਹ ਆਮ ਧਾਰਨਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਆਪਸ ਵਿਚ ਦੋਸਤਾਨਾ ਮੈਚ ਖੇਡ ਰਹੇ ਹਨ। ਇਸ ਦੀ ਵੀ ਇਕ ਵਜ੍ਹਾ ਹੈ। ਅਮਰਿੰਦਰ ਸਿੰਘ ਦੀ ਸਰਕਾਰ ਨੇ ਹਾਲੇ ਤਕ ਬਾਦਲ ਪਰਿਵਾਰ ਦੀਆਂ ਔਰਬਿਟ ਬੱਸਾਂ ਤੋਂ ਉਨ੍ਹਾਂ ਦੇ ਮਨ ਪਸੰਦ ਸਮਿਆਂ ਦੇ ਪਰਮਿਟ ਵਾਪਸ ਨਹੀਂ ਲਏ।

ਬਾਦਲਾਂ ਦਾ ਕੇਬਲ ਮਾਫ਼ੀਏ ਉੱਪਰੋਂ ਦਬਦਬਾ ਹਟਾਉਣ ਵਿੱਚ ਵੀ ਉਹ ਨਾਕਾਮ ਰਹੇ ਹਨ। ਉਨ੍ਹਾਂ ਨੇ ਦੋਹਾਂ ਮਾਮਲਿਆਂ ਵਿੱਚ ਕਾਰਵਾਈ ਦਾ ਭਰੋਸਾ ਦਿੱਤਾ ਸੀ। ਇਹ ਦੋਵੇਂ ਤਾਂ ਮਹਿਜ਼ ਮਿਸਾਲਾਂ ਹਨ। ਅਸਲ ਵਿਚ ਵੱਡਾ ਮੁੱਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਕਾਰਵਾਈ ਨਾ ਕਰਨ ਦਾ ਹੈ। ਇਸ ਕਰ ਕੇ ਪੰਜਾਬ ਦੇ ਸਿਆਸੀ ਮਾਹਿਰ ਵੀ ਮੰਨਦੇ ਹਨ ਕਿ ਕੈਪਟਨ ਅਤੇ ਬਾਦਲ ਪਰਿਵਾਰ ਆਪਸ ਵਿਚ ਦੋਸਤਾਨਾ ਮੈਚ ਖੇਡ ਰਹੇ ਹਨ। ਇਹੀ ਗੱਲ ਪੰਜਾਬੀਆਂ ਦੇ ਮਨਾਂ ਵਿਚ ਵੀ ਪੈਦਾ ਹੋ ਚੁੱਕੀ ਹੈ।

### ਸਿੱਧੂ ਵਲੋਂ ਚੁਣਿਆ ਸਮਾਂ-

ਇਸ ਤੋਂ ਬਾਅਦ ਸਿੱਧੂ ਅਗਲੀ ਟਿੱਪਣੀ ਕਰਨ ਤੋਂ ਪਹਿਲਾਂ ਚੋਣਾਂ ਹੋ ਲੈਣ ਦੀ ਉਡੀਕ ਕਰ ਸਕਦੇ ਸਨ ਪਰ ਅਜਿਹਾ ਨਹੀਂ ਹੋਇਆ। ਕੈਪਟਨ ਅਮਰਿੰਦਰ ਸਿੰਘ ਨੂੰ ਵੀ ਗਲਤ ਸਮੇਂ 'ਤੇ ਵੱਟ ਚੜ੍ਹ ਗਿਆ।

ਸੂਬੇ ਵਿੱਚ ਕਾਂਗਰਸੀ ਆਗੂ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਆਖ਼ਰ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਹਮਲੇ ਲਈ ਇਹੀ ਸਮਾਂ ਕਿਉਂ ਚੁਣਿਆ, ਜਦੋਂ ਚੋਣ ਪ੍ਰਚਾਰ ਮੁੱਕ ਰਿਹਾ ਸੀ ਅਤੇ ਇਸ ਟਿੱਪਣੀ ਨਾਲ ਕਾਂਗਰਸ ਨੂੰ ਹੀ ਨੁਕਸਾਨ ਦਾ ਖਤਰਾ ਹੋ ਸਕਦਾ ਸੀ।

ਸਿੱਧੂ ਪੰਜਾਬ ਤੋਂ ਬਾਹਰ ਕਾਂਗਰਸ ਪਾਰਟੀ ਦੇ ਸਟਾਰ ਪ੍ਰਚਾਰਕ ਸਨ। ਇਸੇ ਦੌਰਾਨ ਸਿੱਧੂ ਦੀ ਪਤਨੀ ਨੇ ਵੀ ਕੈਪਟਨ 'ਤੇ ਹਮਲਾ ਬੋਲਿਆ ਸੀ। ਉਨ੍ਹਾਂ ਨੇ ਚੰਡੀਗੜ੍ਹ ਤੋਂ ਖ਼ੁਦ ਨੂੰ ਟਿਕਟ ਨਾ ਮਿਲਣ ਲਈ ਕੈਪਟਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਸਿੱਧੂ ਦੀ ਪਤਨੀ ਵੱਲੋਂ ਕੈਪਟਨ ਉੱਤੇ ਉਸ ਦੀ ਚੰਡੀਗੜ੍ਹ ਤੋਂ ਟਿਕਟ ਵਿਚ ਝੁੱਚਰ ਡਾਹੁਣ ਦੇ ਇਲਜ਼ਾਮ ਦੇ ਬਾਅਦ ਕੈਪਟਨ ਤੇ ਸਿੱਧੂ ਵਿਚਾਲੇ ਜੰਗ ਸ਼ੁਰੂ ਹੋਈ। ਹਾਲਾਂਕਿ ਕੈਪਟਨ ਨੇ ਕਿਹਾ ਸੀ ਕਿ ਉਸ ਨੂੰ ਅੰਮ੍ਰਿਤਸਰ ਤੇ ਬਠਿੰਡਾ ਦੀ ਸੀਟ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਉਹ ਰਾਜ਼ੀ ਨਹੀਂ ਹੋਈ, ਚੰਡੀਗੜ੍ਹ ਸੀਟ ਦਾ ਫੈਸਲਾ ਹਾਈਕਮਾਨ ਦੇ ਹੀ ਹੱਥ ਸੀ। ਸਿੱਧੂ ਨੇ ਇਸ ਮਾਮਲੇ ਵਿਚ ਆਪਣੀ ਪਤਨੀ ਦੇ ਬਿਆਨ ਦੀ ਤਾਈਦ ਕੀਤੀ ਸੀ। ਇਸ ਗੱਲੋਂ ਸਿੱਧੂ ਨੇ ਆਪਣੀ ਨਾਖ਼ੁਸ਼ੀ ਜਾਂ ਨਾਰਾਜ਼ਗੀ ਇਹ ਕਹਿ ਕੇ ਜ਼ਾਹਰ ਕੀਤੀ ਕਿ ਉਹ ਪੰਜਾਬ ਵਿਚ ਚੋਣ ਪ੍ਰਚਾਰ ਨਹੀਂ ਕਰਨਗੇ। ਹਾਲਾਂਕਿ, ਇਸ ਤੋਂ ਕੁਝ ਘੰਟਿਆਂ ਬਾਅਦ ਹੀ ਉਹ ਪ੍ਰਿਅੰਕਾ ਗਾਂਧੀ ਦੇ ਨਾਲ ਉਨ੍ਹਾਂ ਦੇ ਹੈਲੀਕਾਪਟਰ ਵਿੱਚ ਬੈਠ ਕੇ ਬਠਿੰਡੇ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਚੋਣ ਪ੍ਰਚਾਰ ਲਈ ਆ ਪਹੁੰਚੇ।

ਉਸੇ ਸ਼ਾਮ ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਲਈ ਪਠਾਨਕੋਟ ਵਿਚ ਵੀ ਇਕੱਠ ਨੂੰ ਸੰਬੋਧਨ ਕੀਤਾ। ਚੋਣ ਪ੍ਰਚਾਰ ਦੇ ਆਖ਼ਰੀ ਦਿਨ ਸਿੱਧੂ ਬਠਿੰਡੇ ਵਿਚ ਰਹੇ।

### ਕੀ ਹਨ ਸਿੱਧੂ ਦੇ ਇਰਾਦੇ -

ਸਿੱਧੂ ਦੇ ਇਰਾਦੇ ਉੱਚੇ ਹਨ, ਇਹ ਸਾਰੇ ਜਾਣਦੇ ਹਨ। ਉਸ ਦੀ ਅੱਖ ਮੁੱਖ ਮੰਤਰੀ ਦੀ ਕੁਰਸੀ ਉਤੇ ਹੈ। ਨਵਜੋਤ ਸਿੰਘ ਸਿੱਧੂ ਦੇ ਸਿਆਸੀ ਰਿਸ਼ਤੇ ਕੈਪਟਨ ਅਮਰਿੰਦਰ ਸਿੰਘ ਨਾਲ ਕਦੇ ਵੀ ਸੁਖਾਵੇਂ ਨਹੀਂ ਰਹੇ। ਅਸਲ ਵਿੱਚ ਸਿੱਧੂ ਨੂੰ ਆਪਣੀ ਤਾਕਤ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਤੋਂ ਮਿਲਦੀ ਹੈ, ਜੋ ਉਨ੍ਹਾਂ ਨੂੰ ਭਾਜਪਾ ਤੋਂ ਕਾਂਗਰਸ ਵਿੱਚ ਲੈ ਕੇ ਆਏ ਹਨ।

### ਸਿੱਧੂ ਨੂੰ ਵਿਧਾਇਕਾਂ ਦੀ ਹਮਾਇਤ ਨਹੀਂ -

ਦਿਲਚਸਪ ਗੱਲ ਇਹ ਹੈ ਕਿ ਸਿੱਧੂ ਨੂੰ ਵਿਧਾਨ ਸਭਾ ਦੇ ਸਾਥੀ ਮੈਂਬਰਾਂ ਦੀ ਵੀ ਹਮਾਇਤ ਹਾਸਲ ਨਹੀਂ ਹੈ। ਇਸ ਦੀ ਵਜ੍ਹਾ ਇਹ ਹੈ ਕਿ ਉਨ੍ਹਾਂ ਨੇ ਆਪਣੇ ਲਈ ਕੋਈ ਗਰੁੱਪ ਤਿਆਰ ਨਹੀਂ ਕੀਤਾ,ਜੋ ਉਨ੍ਹਾਂ ਲਈ ਬੋਲ ਸਕੇ। ਇਹ ਵੱਖਰਾ ਮੁੱਦਾ ਹੈ ਕਿ ਕਾਂਗਰਸ ਵਿਚ ਵਫ਼ਾਦਾਰੀਆਂ ਕੇਂਦਰੀ ਲੀਡਰਸ਼ਿਪ ਦੇ ਇਕ ਇਸ਼ਾਰੇ ਉਤੇ ਰਾਤੋ-ਰਾਤ ਬਦਲ ਜਾਂਦੀਆਂ ਹਨ।

## ਐਗਜ਼ਿਟ ਪੋਲ ਦੇ ਢੋਲ ਦੀ ਪੋਲ

ਸੰਘਰਸ਼ ਵਾਂਗੂੰ ਜਿਉਂਦੇ ਹਨ, ਉਹਨਾਂ ਤਕ ਪਹੁੰਚ ਹੀ ਨਹੀਂ ਕੀਤੀ ਜਾਂਦੀ। ਓਪੀਨੀਅਨ ਪੋਲ ਜਾਂ ਐਗਜ਼ਿਟ ਪੋਲ ਦੇ ਅਲਜ਼ਬਰੇ ਦੇ ਸੁਆਲ ਵਾਂਗੂੰ ਫਾਰਮੂਲੇ ਬਣਾਏ ਹੋਏ ਹਨ ਪ੍ਰੰਤੂ ਮਨੁੱਖੀ ਮਨ ਦੀਆਂ ਅੰਦਰੂਨੀ ਭਾਵਨਾਵਾਂ, ਐਲਜ਼ਬਰੇ ਦਾ ਸੁਆਲ-ਜਵਾਬ ਨਹੀਂ ਹੁੰਦੀਆਂ। ਵੋਟਾਂ ਮੁਕੰਣ ਤੋਂ ਨਤੀਜੇ ਆਉਣ ਤਕ ਤਿੰਨ ਦਿਨ ਦਾ ਵਕਫਾ ਰੱਖਿਆ ਗਿਆ। ਇਸ ਕਾਰਨ ਐਗਜ਼ਿਟ ਪੋਲ ਨੇ ਭਾਜਪਾ ਨੂੰ ਪਹਿਲਾਂ ਹੀ ਅਸਮਾਨੀ ਚੜ੍ਹਾ ਦਿੱਤਾ ਤਾਂ ਕਿ ਉਸਦਾ ਭਾਅ ਵੀ ਅਸਮਾਨੀ ਚੜ੍ਹ ਜਾਵੇ। ਇਸ ਦਾ ਮੋਟਾ ਲਾਹਾ ਸੱਟਾ ਬਜ਼ਾਰ, ਸਟੋਰੀਆਂ ਤੇ ਸ਼ੇਅਰ ਬਜ਼ਾਰ ਨੂੰ ਮਿਲਿਆ।

ਐਗਜ਼ਿਟ ਪੋਲਾਂ ਨੇ ਦੇਸ਼ ਦੀਆਂ ਘੱਟ ਗਿਣਤੀਆਂ 'ਚ ਖੌਫ਼ ਪੈਦਾ ਕਰ ਦਿੱਤਾ। ਅਸਲ ਨਤੀਜੇ ਕੀ ਗੁੱਲ ਖਿਲਾਉਣਗੇ, ਇਹ ਬਾਅਦ ਦੀ ਗੱਲ ਹੈ। ਐਗਜ਼ਿਟ ਪੋਲਾਂ ਬਾਰੇ ਦੇਸ਼ ਦੀ ਜਨਤਾ ਨੂੰ ਜ਼ਰੂਰ ਜਾਗਰੂਕ ਹੋਣਾ ਪਵੇਗਾ। ਝੂਠੇ ਐਗਜ਼ਿਟ ਪੋਲ ਦੇਸ਼ ਦੇ ਲੋਕਾਂ ਨੂੰ, ਛੋਟੀਆਂ ਸਿਆਸੀ ਧਿਰਾਂ ਨੂੰ ਗੁੰਮਰਾਹ ਕਰਨ ਅਤੇ ਵੱਡੀ ਧਿਰ ਤੇ ਸੱਟੇਬਾਜ਼ਾਂ ਨੂੰ ਲਾਹਾ ਦੇਣ ਲਈ ਹੁੰਦੇ ਹਨ, ਇਹ ਸੱਚ ਸਾਹਮਣੇ ਆਉਣਾ ਜ਼ਰੂਰੀ ਹੈ।

## ਗੁਰਮਤਿ ਯੂਨੀਵਰਸਿਟੀ ਪੰਜਾਬ 'ਚ ਬਣੇਗੀ

ਹੈ। ਇਹ ਯੂਨੀਵਰਸਿਟੀ ਤਖ਼ਤ ਦਮਦਮਾ ਸਾਹਿਬ ਜਾਂ ਹੋਰ ਜਿੱਥੇ ਥਾਂ ਮੁਹੱਈਆ ਹੋਵੇਗੀ, ਵਿਖੇ ਸਥਾਪਤ ਕੀਤੀ ਜਾਵੇਗੀ। ਇਹ ਯੂਨੀਵਰਸਿਟੀ ਸਿਰਫ਼ ਸਿੱਖ ਧਰਮ, ਇਤਿਹਾਸ, ਗੁਰਬਾਣੀ ਆਦਿ ਦੇ ਅਧਿਐਨ ਅਤੇ ਖੋਜ ਕਾਰਜਾਂ ਸਣੇ ਗੁਰਮਤਿ ਵਿੱਦਿਆ ਮੁਹੱਈਆ ਕਰੇਗੀ।

ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਸਿੱਖ ਵਿੱਦਿਆ ਅਤੇ ਵਿਦਿਅਕ ਸੰਸਥਾਵਾਂ, ਸਿੱਖ ਸਰੋਕਾਰਾਂ, ਸਿੱਖ ਵਿਰਸਾ ਤੇ ਸੱਭਿਆਚਾਰ, ਸਿੱਖ ਆਰਥਿਕਤਾ ਅਤੇ ਵਿਸ਼ਵ ਪੱਧਰ 'ਤੇ ਸਿੱਖਾਂ ਨਾਲ ਜੁੜੀਆਂ ਪ੍ਰਾਥਮਿਕਤਾਵਾਂ ਆਦਿ 'ਤੇ ਵਿਚਾਰ ਕੀਤਾ ਗਿਆ।

## ਗੁਰੂ ਨਾਨਕ ਸਾਹਿਬ 'ਤੇ ਡਾਕੂਮੈਂਟਰੀ ਲਈ ਹਿਊਸਟਨ ਦੇ ਸਿੱਖਾਂ ਨੇ ਇਕ ਲੱਖ ਡਾਲਰ ਇਕੱਠੇ ਕੀਤੇ

ਨਾਨਕ ਜੀ ਦਾ ਨਾਮ ਨਹੀਂ ਸੁਣਿਆ ਹੈ। ਇਸ ਦਸਤਾਵੇਜ਼ੀ ਨੂੰ ਲੈ ਕੇ ਨੈਸ਼ਨਲ ਸਿੱਖ ਮੁਹਿੰਮ ਅਤੂਰ ਪ੍ਰੋਡਕਸ਼ਨ ਨਾਲ ਕੰਮ ਕਰ ਰਹੀ ਹੈ ਤਾਂ ਜੋ ਅਮਰੀਕਾ ਦੇ ਸਾਰੇ ਪੀ.ਬੀ.ਐਸ. ਸਟੇਸ਼ਨਾਂ 'ਤੇ ਇਸ ਫਿਲਮ ਨੂੰ ਦਿਖਾਇਆ ਜਾ ਸਕੇ। ਸ਼ੂਗਰਲੈਂਡ ਦੇ ਸਿੱਖ ਗੁਰਦੁਆਰੇ ਦੇ ਪ੍ਰਧਾਨ ਡਾ. ਪਾਲ ਲਿਖਾਰੀ ਨੇ ਕਿਹਾ ਕਿ ਸਾਰੇ ਸਿੱਖ ਇਸ ਪ੍ਰਾਜੈਕਟ ਲਈ ਉਤਸ਼ਾਹਿਤ ਹਨ। ਅਸੀਂ ਮਹਿਸੂਸ ਕੀਤਾ ਹੈ ਕਿ ਇਹ ਸੱਚਮੁੱਚ ਸਾਡੇ ਭਾਈਚਾਰੇ ਲਈ ਇਕ ਦੂਰਅੰਦੇਸ਼ੀ ਵਾਲਾ ਤੇ ਢੁਕਵਾਂ ਪ੍ਰਾਜੈਕਟ ਹੈ। ਸਿੱਖ ਨੈਸ਼ਨਲ ਸੈਂਟਰ ਆਫ ਹਿਊਸਟਨ ਦੇ ਸਹਿ-ਸੰਸਥਾਪਕ ਡਾ. ਹਰਦਮ ਸਿੰਘ ਅਜ਼ਾਦ ਨੇ ਕਿਹਾ ਕਿ ਸਾਡੇ ਸਾਰਿਆਂ ਲਈ ਇਹ ਜ਼ਰੂਰੀ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ 550 ਵੇਂ ਜਨਮ ਦਿਹਾੜੇ ਦੇ ਮੌਕੇ 'ਤੇ ਵਿਸ਼ਵ ਪੱਧਰ ਉਤੇ ਗੁਰੂ ਸਾਹਿਬ ਬਾਰੇ ਜਾਣਕਾਰੀ ਵੰਡੀਏ। ਡਾ. ਕੰਵਲਜੀਤ ਸਿੰਘ ਨੇ ਕਿਹਾ ਕਿ ਇਹ ਇੱਕ ਚੰਗੀ ਗੱਲ ਹੈ ਕਿ ਸ਼ਹਿਰ ਦੇ ਸਾਰੇ ਮੋਹਰੀ ਸਿੱਖ ਇਸ ਪ੍ਰਾਜੈਕਟ ਦੇ ਸਮਰਥਨ ਵਿਚ ਆਏ।

ਇਸ ਪ੍ਰੋਗਰਾਮ ਦੀ ਅਗਵਾਈ ਜਸਮੀਤ ਸਿੰਘ ਨੇ ਕੀਤੀ ਅਤੇ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਲਈ ਭਾਈਚਾਰੇ ਦਾ ਸਮਰਥਨ ਕਰਨਾ ਬਹੁਤ ਮਹੱਤਵਪੂਰਨ ਹੈ ਅਤੇ ਇਸ ਦਸਤਾਵੇਜ਼ੀ ਫਿਲਮ ਰਾਹੀਂ ਸਾਡੇ ਬੱਚੇ ਸਿੱਖੀ ਅਤੇ ਗੁਰੂ ਨਾਨਕ ਜੀ ਬਾਰੇ ਜਾਗਰੂਕਤਾ ਪੈਦਾ ਕਰਨ ਵਿਚ ਸਫਲ ਹੋਣਗੇ। ਰਾਣੀ ਪਾਰਸ ਨੇ ਗੁਰੂ ਨਾਨਕ ਸਾਹਿਬ ਬਾਰੇ ਗੀਤ ਗਾਇਆ। ਇਸ ਤੋਂ ਇਲਾਵਾ ਕੈਲਗਰੀ ਤੋਂ ਕਾਮੇਡੀਅਨ ਤਰਲੋਕ ਸਿੰਘ ਚੁੱਘ ਖਾਸ ਤੌਰ 'ਤੇ ਹਾਸਾ ਅਤੇ ਖ਼ੁਸ਼ੀ ਪੈਦਾ ਕਰਨ ਆਏ ਹੋਏ ਸਨ।ਸੁਖਪ੍ਰੀਤ ਕੌਰ ਨੇ ਸਭ ਲਈ ਖਾਣੇ ਦਾ ਇੰਤਜ਼ਾਮ ਕੀਤਾ ਅਤੇ ਗੁਰੂ ਤੇਗ ਬਹਾਦੁਰ ਗੁਰਦੁਆਰਾ ਸਾਹਿਬ ਦੇ ਹਰਦਿਆਲ ਸਿੰਘ ਮਾਂਗਟ ਨੇ ਇਸ ਸਮਾਗਮ ਲਈ ਆਪਣੇ ਬੈਂਕੁਐਟ ਹਾਲ ਮੁਹੱਈਆ ਕੀਤਾ।

## ਫੌਲਰ ਨਿਵਾਸੀ ਟਰੱਕ ਡਰਾਈਵਰ ਸਤਵੰਤ ਸਿੰਘ ਬੈਂਸ ਦੀ ਲਾਸ਼ ਡੈਲਟਾ ਮੈਨਡੋਟਾ ਕੈਨਾਲ 'ਚੋਂ ਮਿਲੀ

ਟ੍ਰੇਲਰ ਟੋਅ ਕਰਕੇ ਸਟੋਰੇਜ ਜਗ੍ਹਾ ਉਤੇ ਲਿਜਾਇਆ ਗਿਆ ਤੇ ਫੌਲਰ ਸ਼ਹਿਰ ਵਸਦੇ ਬੈਂਸ ਪਰਿਵਾਰ ਨੂੰ ਇਸ ਘਟਨਾ ਬਾਰੇ ਦੱਸਿਆ ਗਿਆ। ਇਸ ਪਿੱਛੋਂ ਪਰਿਵਾਰ ਵੱਲੋਂ ਗੁਆਚੇ ਦੀ ਭਾਲ ਲਈ ਰਿਪੋਰਟ ਫਰਿਜਨੋ ਸ਼ੈਰਫ ਆਫਿਸ ਵਿਚ ਦਰਜ ਕਰਵਾਈ ਗਈ। ਪਰਿਵਾਰ ਮੁਤਾਬਕ ਬੈਂਸ ਲੋਡ ਲੈ ਕੇ ਫੇਅਰਫੀਲਡ ਨੂੰ ਜਾ ਰਿਹਾ ਸੀ। ਬੈਂਸ ਹਸਮੁੱਖ ਸੁਭਾਅ ਦਾ ਬੰਦਾ ਸੀ ਅਤੇ ਉਸ ਦੇ ਬੱਚੇ ਆਪੋ ਆਪਣੀ ਥਾਂ ਸੈੱਟ ਹਨ। ਉਹ ਸ਼ੂਗਰ ਦਾ ਮਰੀਜ਼ ਸੀ, ਇਸ ਕਰ ਕੇ ਪਰਿਵਾਰ ਨੇ ਇਹ ਵੀ ਖਦਸ਼ਾ ਜ਼ਾਹਰ ਕੀਤਾ ਕਿ ਜ਼ਰੂਰ ਉਸ ਨਾਲ ਕੋਈ ਹਾਦਸਾ ਵਾਪਰਿਆ ਹੋ ਸਕਦਾ ਹੈ। ਇਸ ਰਿਪੋਰਟ ਤੋਂ ਬਾਅਦ ਏਜੰਸੀਆਂ ਨੇ ਵੱਡੀ ਪੱਧਰ 'ਤੇ ਸਰਚ ਓਪਰੇਸ਼ਨ ਚਲਾਇਆ ਸੀ ਲੇਕਿਨ ਉਹ ਕਿੰਨੇ ਹੀ ਦਿਨ ਸਤਵੰਤ ਬੈਂਸ ਨੂੰ ਲੱਭਣ ਵਿਚ ਨਾਕਾਮ ਰਹੇ ਸਨ। ਅੱਜ ਮਰਸਿੱਡ ਕਾਊਂਟੀ ਸ਼ੈਰਫ ਨੇ ਡੈਲਟਾ- ਮੈਨਡੋਟਾ ਕੈਨਾਲ ਵਿਚੋਂ ਇਕ ਬਾਡੀ ਮਿਲਣ ਉਪਰੰਤ ਐਲਾਨ ਕੀਤਾ ਕਿ ਇਹ ਮ੍ਰਿਤਕ ਦੇਹ ਫੌਲਰ ਨਿਵਾਸੀ ਸਤਵੰਤ ਸਿੰਘ ਬੈਂਸ ਦੀ ਹੈ। ਮੌਤ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਕਿ ਮੌਤ ਕਿਨ੍ਹਾਂ ਹਾਲਤਾਂ ਵਿਚ ਹੋਈ। ਕਿਸੇ ਨੂੰ ਵੀ ਜੇਕਰ ਇਸ ਘਟਨਾ ਬਾਰੇ ਪਤਾ ਹੋਵੇ ਤਾਂ Merced County Sheriffs Office ਨੂੰ (209) 385-7445 ਉਤੇ ਸੰਪਰਕ ਕਰ ਸਕਦੇ ਹੋ।

## ਪੰਜਾਬ ਨੂੰ ਸਮੂਹਿਕ ਖੁਦਕੁਸ਼ੀ ਵੱਲ ਧੱਕਿਆ ਜਾ ਰਿਹਾ ਹੈ

ਪੰਜਾਬ ਦੀ ਤ੍ਰਾਸਦੀ ਹੈ ਕਿ ਇੱਥੋਂ ਦੇ ਕਥਿਤ ਡੇਰੇਦਾਰ ਵਿਦੇਸ਼ਾਂ ਵਿਚ ਪ੍ਰਵਚਨ ਦੇਣ ਦੇ ਬਹਾਨੇ ਐਸ਼ ਕਰਦੇ ਹਨ ਅਤੇ ਕਿਰਤ ਸਭਿਆਚਾਰ ਨਾਲ ਪ੍ਰਣਾਏ ਦੇਸ਼ਾਂ ਦੇ ਕਿਰਤੀਆਂ ਨੂੰ ਸਵਰਗਾਂ ਦੇ ਲਾਰੇ ਲਾ ਕੇ ਮਨ-ਇੱਛਿਤ ਮਾਇਆ ਇਕੱਠੀ ਕਰਦੇ ਹਨ। ਅਨਪੜ੍ਹ ਜਾਂ ਅਧਪੜ੍ਹੇ ਪੰਜਾਬੀ ਨੌਜਵਾਨ ਲਾਹੇਵੰਦ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ੀ ਜੰਗਲਾਂ, ਪਾਣੀਆਂ (ਸਮੁੰਦਰਾਂ) ਅਤੇ ਧਰਤੀਆਂ 'ਤੇ ਭੁੱਖੇ-ਭਾਣੇ ਤੇ ਇਲਾਜ ਵਿਹੂਣੇ ਭਟਕ ਰਹੇ ਹਨ। ਇਨ੍ਹਾਂ ਵਿੱਚੋਂ ਸੈਂਕੜੇ ਆਪਣੇ ਸੁਪਨਿਆਂ ਦੀ ਧਰਤੀ 'ਤੇ ਪਹੁੰਚਣ ਤੋਂ ਪਹਿਲਾਂ ਹੀ ਅਣਜਾਣੇ ਰਾਹਾਂ ਵਿਚ ਮਰ-ਖਪ ਜਾਂਦੇ ਹਨ। ਬੇਰਹਿਮ ਟ੍ਰੈਵਲ ਏਜੰਟ ਨੌਜਵਾਨਾਂ ਦੀਆਂ ਰੀਝਾਂ ਅਤੇ ਮਾਪਿਆਂ ਦੀ ਦਸਾਂ-ਨਹੁੰਆਂ ਦੀ ਕਮਾਈ ਨੂੰ ਚੱਟਮ ਕਰ ਜਾਂਦੇ ਹਨ। ਪੰਜਾਬ ਦੀਆਂ ਰੰਗ-ਬਿਰੰਗੀਆਂ ਸਰਕਾਰਾਂ ਇਨ੍ਹਾਂ ਲੁਟੇਰੇ ਟ੍ਰੈਵਲ ਏਜੰਟਾਂ 'ਤੇ ਸ਼ਿਕੰਜਾ ਕੱਸਣ ਵਿਚ ਪੂਰੀ ਤਰ੍ਹਾਂ ਅਸਫਲ ਰਹੀਆਂ ਹਨ। ਅਸਲ ਵਿਚ ਸੱਤਾਸ਼ੀਲ ਰਾਜਨੀਤੀਵਾਨ ਇਨ੍ਹਾਂ ਨਾਲ ਘਿਉ-ਖਿਚੜੀ ਹਨ। ਭ੍ਰਿਸ਼ਟ ਅਤੇ ਰੀੜ੍ਹ ਦੀ ਹੱਡੀ ਰਹਿਤ ਅਫਸਰਸ਼ਾਹੀ ਪਾਸੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ।

ਉਕਤ ਤੇ ਕੁਝ ਹੋਰ ਵੱਡੀਆਂ ਸਮੱਸਿਆਵਾਂ ਪੰਜਾਬ ਨੂੰ ਸਮੂਹਿਕ ਖੁਦਕਸ਼ੀ ਵੱਲ ਧੱਕ ਰਹੀਆਂ ਹਨ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਨ੍ਹਾਂ ਵਿਕਰਾਲ ਸਮੱਸਿਆਵਾਂ ਦੇ ਹੱਲ ਲਈ ਸੱਤਾਸ਼ੀਲ ਧਿਰਾਂ 'ਤੇ ਜਥੇਬੰਦਕ ਦਬਾ ਬੇਹੱਦ ਨਿਗੂਣਾ, ਅੱਧ-ਪਚੱਧਾ ਅਤੇ ਟੁੱਟਵਾਂ ਹੈ। ਕਮਜ਼ੋਰ ਜਿਹਾ ਜਥੇਬੰਦਕ ਵਿਰੋਧ ਵੀ ਬੱਝਵਾਂ ਅਤੇ ਨਿਰੰਤਰ ਨਹੀਂ ਹੈ। ਅਕਾਲੀ ਭਾਜਪਾ ਗੱਠਜੋੜ, ਕਾਂਗਰਸ ਅਤੇ ਬਸਪਾ ਆਦਿ ਰਾਜਨੀਤਿਕ ਪਾਰਟੀਆਂ ਦਾ ਇੱਕੋ ਇੱਕ ਉਦੇਸ਼ ਲੋਕਾਂ ਦਾ ਧਿਆਨ ਉਨ੍ਹਾਂ ਨੂੰ ਦਰਪੇਸ਼ ਮੁੱਦਿਆਂ ਤੋਂ ਲਾਂਭੇ ਕਰਕੇ ਗ਼ੈਰ-ਜ਼ਰੂਰੀ ਜਾਂ ਫਜ਼ੂਲ ਦੇ ਮਾਮਲਿਆਂ ਵੱਲ ਲਾਉਣਾ ਹੈ। ਲੋਕਾਂ ਵਿਚ ਫੈਲੀ ਵਿਆਪਕ ਅਗਿਆਨਤਾ, ਅੰਧ ਵਿਸ਼ਵਾਸਾਂ ਅਤੇ ਅਨਪੜ੍ਹਤਾ ਦਾ ਲਾਭ ਉਠਾ ਕੇ ਉਨ੍ਹਾਂ ਨੂੰ ਗੁੰਮਰਾਹ ਕਰਨਾ ਹੈ। ਪੰਜਾਬ ਦੇ ਅਣਖੀ ਸਮਝੇ ਜਾਂਦੇ ਲੇਖਕਾਂ ਨੂੰ ਟੁੱਕੜਬੋਚ, ਭਿਖਾਰੀ / ਮੰਗਤੇ ਬਣਾਉਣਾ ਹੈ। ਭਾਰਤੀ / ਪੰਜਾਬੀ ਲੋਕਾਂ ਦੀ ਵੱਡੀ ਆਸ ਖੱਬੇਪੱਖੀਆਂ ਜਾਂ ਬੁੱਧੀਜੀਵੀਆਂ ਅਤੇ ਚਿੰਤਕਾਂ ਤੋਂ ਹੈ। ਬਦਕਿਸਮਤੀ ਨੂੰ ਪੰਜਾਬ ਦੇ ਖੱਬੇਪੱਖੀ ਵੀ ਅੱਧੀ ਦਰਜਨ ਧਿਰਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਧਿਰਾਂ ਅੰਦਰ ਵੀ ਧੜੇ ਹਨ ਜਿਨ੍ਹਾਂ ਦੀ ਆਪਸੀ ਖਹਿਬਾਜ਼ੀ ਤੋਂ ਸਾਰੇ ਸੁਚੇਤ ਰਾਜਨੀਤਕ ਲੋਕ ਜਾਣੂ ਹਨ। ਆਪਣੀ-ਆਪਣੀ ਧਿਰ ਦੀਆਂ ਮੀਟਿੰਗਾਂ / ਸਕੂਲਾਂ / ਟ੍ਰੇਨਿੰਗ ਕੈਂਪਾਂ ਵਿਚ ਸੱਤਾਸ਼ੀਲ ਧਿਰਾਂ ਦੀਆਂ ਨੀਤੀਆਂ ਨਾਲੋਂ ਆਪਣੀ-ਆਪਣੀ ਧਿਰ ਨੂੰ ਸਹੀ ਸਿੱਧ ਕਰਨ 'ਤੇ ਜ਼ਿਆਦਾ ਜ਼ੋਰ ਲੱਗਦਾ ਹੈ। ਖੈਰ! ਇਹ ਧਿਰਾਂ ਕਦੇ-ਕਦੇ ਇਕੱਠਾਂ ਹੋ ਕੇ ਜਾਂ ਕੋਈ ਸਾਂਝਾ ਮੰਚ ਉਸਾਰਕੇ ਕੋਈ ਬਦਲਵੀਆਂ ਨੀਤੀਆਂ ਦੇਣ ਦੀ ਥਾਂ ਲੋਕਾਂ ਦੇ ਫੌਰੀ ਆਰਥਿਕ ਮਾਮਲਿਆਂ ਨੂੰ ਮੁਖ਼ਾਤਿਬ ਹੁੰਦੀਆਂ ਹਨ ਜਾਂ ਸਰਕਾਰੀ ਨੀਤੀਆਂ ਵਿਚ ਪ੍ਰਤੀਕਰਮ ਦਿੰਦੀਆਂ ਹਨ। ਇਹ ਚੰਗੀ ਗੱਲ ਹੈ ਪਰ ਸਭ ਤੋਂ ਦੁੱਖਦਾਈ ਵਰਤਾਰਾ ਹੈ ਕਿ ਸਰਕਾਰਾਂ ਦੁਆਰਾ ਚੋਣਾਂ ਵੇਲੇ ਗਰੀਬ ਵਰਗਾਂ ਵੱਲ ਸੁੱਟੇ ਟੁਕੜਿਆਂ ਨੂੰ ਪੂਰੇ ਤੇ ਲਗਾਤਾਰ ਦੇਣ ਲਈ 'ਸੰਘਰਸ਼' ਵੀ ਕਰਦੀਆਂ ਹਨ। ਕੁਝ ਅਪਵਾਦਾਂ ਨੂੰ ਛੱਡ ਕੇ ਬਹੁਤੇ ਚਿੰਤਕ ਬੁੱਧੀਜੀਵੀ ਅਤੇ ਲੇਖਕ ਵੀ ਸਰਕਾਰੀ 'ਨਿਆਮਤਾਂ' ਵੱਲ ਝਾਕਦੇ ਰਹਿੰਦੇ ਹਨ। ਵੱਡੀ ਬਹੁ-ਗਿਣਤੀ ਦਿਖਾਵੇ, ਦੋਗਲੇਪਨ, ਚਾਪਲੂਸ ਮਾਨਸਿਕਤਾ ਅਤੇ ਸ਼ਬਦ-ਜਾਲ ਬੁਣਨ ਦੀ ਸ਼ਿਕਾਰ ਹੈ। ਅੰਗਰੇਜ਼ੀ ਮਾਧਿਅਮ ਸਕੂਲ ਚਲਾ ਰਿਹਾ 'ਪੰਜਾਬੀ ਲੇਖਕ' ਮਾਂ-ਬੋਲੀ ਪੰਜਾਬੀ ਦੇ ਹੱਕ ਵਿਚ ਕਿਵੇਂ ਲੜ ਸਕਦਾ ਹੈ?

## ਭਾਜਪਾ ਨੇ ਹਿੰਦੂਸਤਾਨ ਨੂੰ ਖਾਨਾਜੰਗੀ ਵਰਗੇ ਹਾਲਾਤ 'ਚ ਲਿਆ ਖੜ੍ਹਾਇਆ

ਪ੍ਰਧਾਨ ਮੰਤਰੀ ਬਣਨ ਦਾ ਜ਼ਿਕਰ ਹੈ। ਇਹ ਲੇਖ ਪੱਤਰਕਾਰ ਆਤਿਸ਼ ਤਾਸੀਰ ਦਾ ਲਿਖਿਆ ਹੋਇਆ ਹੈ ਜੋ ਕੇ ਆਪਣੇ ਲੇਖ 'Can the World's largest democracy endure another five years of a Modi government? (ਕੀ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਮੋਦੀ ਸਰਕਾਰ ਦੇ ਹੋਰ ਪੰਜ ਸਾਲ ਸਹਿਣ ਕਰ ਸਕੇਗਾ?) ਇਸ ਤੋਂ ਸਪੱਸ਼ਟ ਹੈ ਕਿ ਭਗਵੇਂ ਰਾਸ਼ਟਰਵਾਦ ਦੇ ਨਾਮ 'ਤੇ ਨਫ਼ਰਤ ਦੇ ਬੀਜ ਸਮਾਜ ਵਿਚ ਬਹੁਤ ਡੂੰਘੇ ਬੀਜੇ ਗਏ ਹਨ ਜਿਸ ਦੀ ਫ਼ਸਲ ਅੱਜ ਸਮਾਜ ਵਿਚ ਵੱਡੀ ਪੱਧਰ 'ਤੇ ਫੈਲੀ ਹੋਈ ਹੈ। ਜਦੋਂ ਰਾਜਨੀਤੀ ਰਾਹੀਂ ਨਫ਼ਰਤ ਪ੍ਰਗਟ ਹੋਵੇਗੀ ਤਾਂ ਵਿਕਾਸ ਦਾ ਸੁਪਨਾ ਨਹੀਂ ਦੇਖਿਆ ਜਾ ਸਕੇਗਾ। ਫ਼ਿਲਮੀ ਅਦਾਕਾਰ ਅਤੇ ਮੱਕਲ ਨਿਧੀ ਮਾਇਯਮ ਪਾਰਟੀ ਦੇ ਕਮਲ ਹਾਸਨ ਨੇ ਮਹਾਤਮਾ ਗਾਂਧੀ ਦੇ ਹੱਤਿਆਰੇ ਨੱਥੂ ਰਾਮ ਗੋਡਸੇ ਨੂੰ ਆਜ਼ਾਦ ਭਾਰਤ ਦਾ ਪਹਿਲਾ ਹਿੰਦੂਵਾਦੀ ਅਤਿਵਾਦੀ ਦੱਸਿਆ ਸੀ। ਕਮਲ ਹਾਸਨ ਕਿੱਥੋਂ ਤੱਕ ਠੀਕ ਆਖਦੇ ਹਨ ਜਾਂ ਗਲਤ ਪਰ ਸੁਆਲ ਉਹਨਾਂ 'ਤੇ ਹੈ, ਜੋ ਫਿਰਕਾਪ੍ਰਸਤੀ ਕਾਰਨ ਸਿੱਖਾਂ, ਮੁਸਲਮਾਨਾਂ ਤੇ ਜੰਗਲਾਂ ਵਿਚ ਆਪਣੇ ਹੱਕਾਂ ਲਈ ਲੜ ਰਹੇ ਆਦਿਵਾਸੀਆਂ ਨੂੰ ਅਤਿਵਾਦੀ ਆਖਦੇ ਹਨ। ਮੈਂ ਸਮਝਦਾ ਹਾਂ ਕਿ ਇਹਨਾਂ ਨੂੰ ਹਿੰਦੂ ਅੱਤਵਾਦੀ ਨਹੀਂ ਆਖਣਾ ਚਾਹੀਦਾ, ਇਹ ਭਗਵੇਂ ਅੱਤਵਾਦੀ ਹਨ, ਜਿਸ ਦਾ ਹਿੰਦੂ ਧਰਮ ਨਾਲ ਕੋਈ ਵਾਸਤਾ ਨਹੀਂ, ਕਿਉਂਕਿ ਵੇਦਾਂ ਵਿਚ ਬ੍ਰਹਮ ਨੂੰ ਸਰਵਉੱਤਮ ਆਖ ਕੇ ਸਭ ਜੀਆਂ ਨੂੰ ਰੱਬ ਦੀ ਔਲਾਦ ਦੱਸਿਆ ਹੈ ਤੇ ਕੁਦਰਤ ਵਿਚ ਬ੍ਰਹਮ ਦੇ ਰਹੱਸ ਨੂੰ ਮੰਨਿਆ ਹੈ। ਇਸ ਸੰਦਰਭ ਵਿਚ ਅੱਤਵਾਦ ਲਈ ਹਿੰਦੂ ਸ਼ਬਦ ਵਰਤਣਾ ਗਲਤ ਹੈ। ਸਿੱਖਾਂ, ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਅੱਤਵਾਦ ਵਰਤਿਆ ਜਾਂਦਾ ਹੈ, ਉਹ ਵੀ ਗਲਤ ਹੈ।

ਭਗਵੇਂ ਅੱਤਵਾਦ ਦਾ ਇਤਿਹਾਸ ਇਹ ਹੈ ਕਿ ਇਹ ਸਮਝੌਤਾ ਐਕਸਪ੍ਰੈਸ, ਮਾਲਾਗਾਉਂ ਅਤੇ ਅਜਮੇਰ ਸ਼ਰੀਫ਼ ਵਿਚ ਹੋਈਆਂ ਦਹਿਸ਼ਤਗਰਦ ਕਾਰਵਾਈਆਂ ਦੌਰਾਨ ਹੋਂਦ ਵਿਚ ਆਇਆ। ਜਿੱਥੋਂ ਤਕ ਨੱਥੂ ਰਾਮ ਗੋਡਸੇ ਦਾ ਸਵਾਲ ਹੈ, ਉਹ ਫਿਰਕੂ ਦਹਿਸ਼ਤਗਰਦ ਸੀ, ਜਿਸ ਨੇ ਗਾਂਧੀ ਦਾ ਕਤਲ ਕੀਤਾ ਸੀ। ਉਸ ਨੂੰ ਗਾਂਧੀ ਦੀ ਹਿੰਦੂ-ਮੁਸਲਮਾਨ ਏਕਤਾ ਵਾਲੀ ਗੱਲ ਪਸੰਦ ਨਹੀਂ ਸੀ ਤੇ ਗਾਂਧੀ ਨੇ ਦੇਸ਼ ਦੀ ਵੰਡ ਹੋਣ ਦਾ ਵੱਡਾ ਵਿਰੋਧ ਕੀਤਾ ਸੀ। ਸਿੱਖ ਪੰਥ ਤੇ ਪੰਜਾਬੀਆਂ ਦੇ ਗਾਂਧੀ ਨਾਲ ਜਿੰਨੇ ਮਰਜ਼ੀ ਮਤਭੇਦ ਹੋਣ ਪਰ ਗਾਂਧੀ ਦਾ ਇਹ ਵਰਤਾਰਾ ਉਸ ਸਮੇਂ ਠੀਕ ਸੀ। ਇਹ ਉਸ ਸਮੇਂ ਦੇ ਭਗਵੇਂ ਕੱਟੜਪੰਥੀ ਤੱਤਾਂ ਨੂੰ ਨਹੀਂ ਪਚਿਆ ਸੀ। ਭਾਜਪਾਈ ਨੱਥੂ ਰਾਮ ਗੋਡਸੇ ਨੂੰ ਪੂਜਦੇ ਹਨ ਤੇ ਆਪਣਾ ਨਾਇਕ ਮੰਨਦੇ ਹਨ। ਭਾਜਪਾ ਆਗੂਆਂ ਦੀਆਂ ਅਨੇਕਾਂ ਫੋਟੋਆਂ ਵਿਚ ਗੋਡਸੇ ਦੀ ਪੂਜਾ ਕਰਦੇ ਦੇਖ ਸਕਦੇ ਹੋ। ਕਹਿੰਦੇ ਹਨ ਕਿ ਗੋਡਸੇ ਦਾ ਕਿਤੇ ਮੰਦਰ ਵੀ ਬਣਿਆ ਹੋਇਆ ਹੈ। ਭਾਜਪਾ ਕਮਲ ਹਾਸਨ ਦੇ ਬਿਆਨ ਤੋਂ ਦੁੱਖੀ ਹੋਈ ਹੈ। ਉਸ ਨੇ ਹਾਸਨ ਉੱਤੇ ਦੋਸ਼ ਲਾਇਆ ਹੈ ਕਿ ਉਸ ਨੂੰ ਦਹਿਸ਼ਤਗਰਦ ਤੇ ਕਾਤਲ ਦੇ ਫ਼ਰਕ ਦਾ ਨਹੀਂ ਪਤਾ। ਮਹਾਤਮਾ ਗਾਂਧੀ ਦੇ ਕਤਲ ਨੂੰ ਇਕ ਨਿੱਜੀ ਬਦਲੇ ਦੀ ਕਾਰਵਾਈ ਵਜੋਂ ਨਹੀਂ ਵੇਖਿਆ ਜਾ ਸਕਦਾ ਸਗੋਂ ਉਹ ਇਕ ਐਸੇ ਗੁੱਟ ਦੀ ਕਾਰਵਾਈ ਸੀ ਜਿਸ ਦਾ ਆਧਾਰ ਫਿਰਕੂ ਦਹਿਸ਼ਤਗਰਦੀ ਸੀ। ਇਸ ਲਈ ਨੱਥੂ ਰਾਮ ਗੋਡਸੇ ਨੂੰ ਭਗਵਾਂ ਦਹਿਸ਼ਤਗਰਦ ਹੀ ਕਿਹਾ ਜਾ ਸਕਦਾ ਹੈ, ਭਾਵੇਂ ਭਗਵੇਂਵਾਦੀ ਉਸ ਨੂੰ ਆਪਣਾ ਸ਼ਹੀਦ ਮੰਨਣ। ਜੋ ਮਨੁੱਖਤਾ ਦੇ ਹੱਕ ਵਿਚ ਖਲੋਣਗੇ ਉਹ ਕਦੇ ਵੀ ਨੱਥੂ ਰਾਮ ਗੋਡਸੇ ਦੀ ਕਾਰਵਾਈ ਪਸੰਦ ਨਹੀਂ ਕਰਨਗੇ। ਕਹਿਣ ਦਾ ਮਤਲਬ ਇਹੀ ਹੈ ਕਿ ਭਾਰਤ ਦੇ ਲੋਕ ਵਿਕਾਸ ਚਾਹੁੰਦੇ ਹਨ, ਹਿੰਦੂ ਰਾਸ਼ਟਰਵਾਦ ਨਹੀਂ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS

DISCOUNT AT

TA TravelCenters of America

PETRO Stopping Centers®




We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM